ਕੌਮਾਂਤਰੀ

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 7 | Issue 29 | 18 July 2018 to 24 July 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਪੰਜਾਬ ਦੀ ਰਾਜਨੀਤੀ ਵਿਚ ਪੰਥਕ ਮੁੱਦਿਆਂ ਦਾ ਬੋਲਬਾਲਾ

### ਸੂਬੇ ਦੀ ਸਿਆਸੀ ਹੋਣੀ ਤੈਅ ਕਰਨ ਵਾਲੇ ਪੰਥ ਦੀ ਆਪਣੀ ਹੋਣੀ ਬਾਰੇ ਸਵਾਲ ਬਰਕਰਾਰ

- ਪੰਥਕ ਵੋਟਰ ਬਾਦਲਾਂ ਨੂੰ ਮੂੰਹ ਲਾਉਣ ਨੂੰ ਤਿਆਰ ਨਹੀਂ
- ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤੋਂ ਅਕਾਲੀਆਂ ਨੂੰ ਭੈਅ



**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਜਾਬ ਦੀ ਰਾਜਨੀਤੀ ਹਮੇਸ਼ਾ ਤੋਂ ਹੀ ਪੰਥਕ ਮੁੱਦਿਆਂ ਦੁਆਲੇ ਘੁੰਮਦੀ ਰਹੀ ਹੈ। ਇਥੋਂ ਦੀ ਸਿਆਸਤ ਬਹੁਤ ਸਾਰੇ ਵਿਚਾਰਧਾਰਕ ਤੇ ਨਿੱਜੀ ਵਖਰੇਂਵਿਆਂ ਅਤੇ ਸਹਿਮਤੀਆਂ-ਅਸਹਿਮਤੀਆਂ ਦੇ ਬਾਵਜੂਦ ਪੰਥਕ ਫਰੰਟ ਉਤੇ ਵੀ ਦੋ ਧਿਰਾਂ ਵਿਚ ਵੰਡੀ ਚਲੀ ਆ ਰਹੀ ਹੈ। ਇਕ ਧਿਰ ਹੈ ਜੋ ਆਪਣੀਆਂ ਕੁਝ ਰਾਜਨੀਤਕ ਇਛਾਵਾਂ ਸਮੇਤ ਸੱਚੇ ਦਿਲੋਂ ਪੰਥ ਤੇ ਪੰਜਾਬ ਲਈ ਕੁਝ ਕਰਨਾ ਵੀ ਲੋਚਦੀ ਹੈ ਤੇ ਦੂਜੀ ਧਿਰ ਨਿਰੋਲ ਸੱਤਾ ਦੀ ਪ੍ਰਾਪਤੀ ਵਾਸਤੇ ਹੀ ਪੰਥ-ਪੰਥ ਦੀ ਦੁਹਾਈ ਪਾਉਂਦੀ ਆ ਰਹੀ ਹੈ। ਦੂਜੀ ਧਿਰ ਵੱਲੋਂ ਪੰਥਕ ਮੁੱਦਿਆਂ 'ਤੇ ਦੰਭੀ ਤੇ ਮੌਕਾਪ੍ਰਸਤ ਰਾਜਨੀਤੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸਰਬਰਾਹ ਬਣ ਕੇ ਪੰਜ ਵਾਰ ਮੁੱਖ ਮੰਤਰੀ ਦੀ ਕੁਰਸੀ ਪ੍ਰਾਪਤ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ ਮੌਜੂਦਾ ਸਮੇਂ ਉਮਰ ਦੇ ਆਖਰੀ ਪੜਾਅ ਉਤੇ ਆ ਕੇ ਪੰਥਕ ਮੁੱਦਿਆਂ ਉਤੇ ਹੀ ਬੁਰੀ ਤਰ੍ਹਾਂ ਘਿਰੇ ਹੋਏ ਦਿਖਾਈ ਦਿੰਦੇ ਹਨ। ਪੰਥਕ ਵੋਟਰ ਅਕਾਲੀਆਂ ਨੂੰ ਮੂੰਹ ਲਾਉਣ ਨੂੰ ਤਿਆਰ ਨਹੀਂ ਹੈ, ਉਧਰੋਂ ਪੰਥ ਦੀ ਜਨਮ-ਜਾਤ ਦੁਸ਼ਮਣ ਜਮਾਤ ਕਾਂਗਰਸ ਦਾ ਪ੍ਰਧਾਨ ਬਣਕੇ ਦੂਜੀ ਵਾਰ ਮੁੱਖ ਮੰਤਰੀ ਦੀ ਕੁਰਸੀ ਉਤੇ ਬੈਠਿਆ ਦੂਜੀ ਧਿਰ ਦੀ ਵੰਨਗੀ ਵਾਲੀ ਰਾਜਨੀਤੀ ਕਰਨ ਵਾਲਾ ਕੈਪਟਨ ਅਮਰਿੰਦਰ ਸਿੰਘ ਬਾਦਲਕਿਆਂ ਦੇ ਕਮਜ਼ੋਰ ਪੈ ਗਏ ਪਾਸੇ ਉਤੇ ਹੀ ਲਗਾਤਾਰ ਵਾਰ ਕਰਦਾ ਜਾ ਰਿਹਾ ਹੈ। ਪੰਥਕ ਮੋਰਚੇ ਉਤੇ ਗੰਭੀਰ ਸੰਕਟ 'ਚੋਂ ਗੁਜ਼ਰ ਰਹੇ ਅਕਾਲੀਆਂ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਲਗਾਤਾਰ ਪੰਥਕ ਮੁੱਦਿਆਂ 'ਤੇ ਘੇਰੇ ਜਾਣ ਨੇ ਵਧੇਰੇ ਫ਼ਿਕਰਮੰਦੀ ਤੇ ਚਿੰਤਾ ਵਿਚ ਪਾ ਦਿੱਤਾ ਹੈ। ਸਰਕਾਰ ਦੀ ਸਵਾ ਸਾਲ ਦੀ ਮੱਠੀ ਕਾਰਗੁਜ਼ਾਰੀ ਤੇ ਨਸ਼ਿਆਂ 'ਚ ਇਕਦਮ ਆਏ ਉਛਾਲ ਕਾਰਨ ਤਿੱਖੀ ਨੁਕਤਾਚੀਨੀ ਦਾ ਸਾਹਮਣਾ ਕਰ ਰਹੇ ਮੁੱਖ ਮੰਤਰੀ ਵਲੋਂ ਸਿੱਖ ਮਸਲਿਆਂ 'ਤੇ ਕੀਤੀ ਜਾ ਰਹੀ ਪਹਿਲਕਦਮੀ ਉਨ੍ਹਾਂ ਨੂੰ ਵੱਡੀ ਰਾਹਤ ਵੀ ਦੇ ਰਹੀ ਹੈ। ਪਹਿਲਾਂ ਪਿਛਲੇ 34 ਸਾਲ ਤੋਂ ਇਨਸਾਫ਼ ਤੇ ਮੁਆਵਜ਼ੇ ਦੀ ਮੰਗ ਕਰਦੇ ਆ ਰਹੇ ਜੋਧਪੁਰ ਦੇ ਨਜ਼ਰਬੰਦਾਂ ਨੂੰ ਪੰਜਾਬ ਸਰਕਾਰ ਵਲੋਂ ਇਕਤਰਫ਼ਾ ਮੁਆਵਜ਼ਾ ਦਿੱਤਾ ਗਿਆ ਤੇ ਫਿਰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਗਲੇ ਵਰ੍ਹੇ ਮਨਾਏ ਜਾਣ ਵਾਲੇ ਸ਼ਤਾਬਦੀ ਸਮਾਗਮਾਂ ਦੀ ਤਿਆਰੀ ਲਈ 100 ਕਰੋੜ ਰੁਪਏ ਡੇਢ ਸਾਲ ਪਹਿਲਾਂ ਹੀ ਜਾਰੀ ਕਰ ਦਿੱਤੇ ਗਏ। 550 ਸਾਲਾ ਗੁਰਪੁਰਬ ਮੌਕੇ ਸਰਕਾਰ ਵਲੋਂ ਕਰਵਾਏ ਜਾਣ ਵਾਲੇ ਤਜਵੀਜ਼ਸ਼ੁਦਾ ਸਮਾਗਮਾਂ ਦੀ ਵੱਡੀ ਲੜੀ ਤੋਂ ਲਗਦਾ ਹੈ ਕਿ ਕੈਪਟਨ ਇਨ੍ਹਾਂ ਸਮਾਗਮਾਂ 'ਚ

ਬਾਕੀ ਸਫ਼ਾ 30 'ਤੇ

## ਹੁਣ ਅਮਰੀਕਾ 'ਚ ਰਹਿਣ ਦੀ ਪੱਕੀ ਗਾਰੰਟੀ ਨਹੀਂ ਦੇਵੇਗਾ 'ਗਰੀਨ ਕਾਰਡ'




**ਮਿਆਂਮੀ/ਬਿਊਰੋ ਨਿਊਜ਼ :**
ਟਰੰਪ ਪ੍ਰਸ਼ਾਸਨ ਦੇ ਨਵੇਂ ਇੰਮੀਗਰੇਸ਼ਨ ਦਿਸ਼ਾ ਨਿਰਦੇਸ਼ਾਂ ਤਹਿਤ ਅਮਰੀਕਾ ਦਾ ਗਰੀਨ ਕਾਰਡ ਹੋਣ ਦੇ ਬਾਵਜੂਦ ਕਿਸੇ ਨੂੰ ਦੇਸ਼ ਵਿਚੋਂ ਨਿਕਾਲਾ ਦਿੱਤਾ ਜਾ ਸਕਦਾ ਹੈ। ਮਤਲਬ ਕਿ ਡੌਨਲਡ ਟਰੰਪ ਦੇ ਯੁੱਗ ਵਿਚ ਕਿਸੇ ਵੀ ਪਰਵਾਸੀ ਕੋਲ ਗਰੀਨ ਕਾਰਡ ਹੋਣਾ ਅਮਰੀਕਾ 'ਚੋਂ ਉਸ ਦੇ 'ਦੇਸ਼ ਨਿਕਾਲੇ' ਖਿਲਾਫ ਕਾਨੂੰਨੀ ਦਸਤਾਵੇਜ਼ ਨਹੀਂ ਰਿਹਾ ਹੈ। ਹੁਣ ਜਨਤਕ ਭਲਾਈ ਵਾਲੇ ਫੈਡਰਲ ਅਤੇ ਸਟੇਟ ਪ੍ਰੋਗਰਾਮਾਂ ਦੇ ਨਿਯਮਾਂ ਨੂੰ ਤੋੜਨ ਦੇ ਦੋਸ਼ਾਂ ਅਧੀਨ ਅਮਰੀਕਾ 'ਚ ਕੰਮ ਕਰ ਸਕਣ ਦੇ ਉਕਤ ਦਸਤਾਵੇਜ਼ਾਂ

ਬਾਕੀ ਸਫ਼ਾ 30 'ਤੇ

## ਭਾਰਤੀ ਸੁਪਰੀਮ ਕੋਰਟ ਵੱਲੋਂ ਕਾਤਲ ਹਜੂਮਾਂ ਨੂੰ ਨੱਥ ਪਾਉਣ ਲਈ ਕਾਨੂੰਨ ਬਣਾਉਣ ਦੀ ਸਲਾਹ

**ਨਵੀਂ ਦਿੱਲੀ/ਬਿਊਰੋ ਨਿਊਜ਼ :**
"ਭੀੜਤੰਤਰ ਦੇ ਖੌਫ਼ਨਾਕ ਕਾਰਿਆਂ ਨੂੰ ਦੇਸ਼ ਦੇ ਕਾਨੂੰਨ 'ਤੇ ਹਾਵੀ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।" ਸੁਪਰੀਮ ਕੋਰਟ ਨੇ ਇਹ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਪਾਰਲੀਮੈਂਟ ਨੂੰ ਲੋਕਾਂ ਨੂੰ ਹਜੂਮ ਵੱਲੋਂ ਕੁੱਟ ਕੁੱਟ ਕੇ ਮਾਰਨ ਅਤੇ ਗਊ ਰੱਖਿਆ ਦੇ ਨਾਂ 'ਤੇ ਹੁੰਦੀ ਧੱਕੇਸ਼ਾਹੀ ਨਾਲ ਸਿੱਝਣ ਲਈ ਨਵਾਂ ਕਾਨੂੰਨ ਬਣਾਉਣ 'ਤੇ ਗੌਰ ਕਰਨੀ ਚਾਹੀਦੀ ਹੈ। ਅਦਾਲਤ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਵਾਰਦਾਤਾਂ ਸਮੁੱਚੇ ਦੇਸ਼ ਅੰਦਰ ਤੂਫ਼ਾਨੀ ਦੈਂਤ ਵਾਂਗ ਸਿਰ ਚੁੱਕ ਰਹੀਆਂ ਹਨ।



ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਬੈਂਚ ਨੇ ਇਸ ਤਰ੍ਹਾਂ ਦੇ ਰੁਝਾਨਾਂ ਨੂੰ ਨੱਥ ਪਾਉਣ ਲਈ ਸਰਕਾਰ ਨੂੰ ਇਹਤਿਆਤੀ ਤੇ ਦੰਡਕਾਰੀ ਕਦਮ ਚੁੱਕਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਬੈਂਚ ਨੇ ਕਿਹਾ " ਅਫੜਾ ਦਫੜੀ ਤੇ ਆਪੋ ਧਾਪੀ ਦੇ ਮਾਹੌਲ ਵਿੱਚ ਰਾਜ ਨੂੰ ਆਪਣੇ ਨਾਗਰਿਕਾਂ ਨਾਲ ਕੀਤੇ ਸੰਵਿਧਾਨਕ ਕਰਾਰਾਂ ਦੀ ਹਿਫ਼ਾਜ਼ਤ ਲਈ ਹਾਂਦਰੂ ਕਾਰਵਾਈ ਕਰਨੀ ਪੈਂਦੀ ਹੈ। ਭੀੜਤੰਤਰ ਦੇ ਖੌਫ਼ਨਾਕ ਕਾਰਿਆਂ ਨੂੰ ਦੇਸ਼ ਦੇ ਕਾਨੂੰਨ 'ਤੇ ਹਾਵੀ ਨਹੀਂ ਹੋਣ ਦਿੱਤਾ ਜਾ ਸਕਦਾ।" ਬੈਂਚ ਵਿੱਚ ਜਸਟਿਸ ਏ ਐਮ ਖਾਨਵਿਲਕਰ ਤੇ ਡੀ ਵਾਈ ਚੰਦਰਚੂੜ ਵੀ ਸ਼ਾਮਲ ਹਨ। ਸਰਬਉੱਚ ਅਦਾਲਤ ਨੇ ਕਿਹਾ ਕਿ ਇਕ ਨਵਾਂ ਵਿਸ਼ੇਸ਼ ਕਾਨੂੰਨ ਘੜਨ ਦੀ ਲੋੜ ਹੈ ਤਾਂ ਕਿ ਹਜੂਮੀ ਹੱਤਿਆਵਾਂ ਵਿੱਚ ਸ਼ਾਮਲ ਹੋ ਰਹੇ ਲੋਕਾਂ ਦੇ ਮਨ ਅੰਦਰ ਕਾਨੂੰਨ ਦਾ ਡਰ ਪੈਦਾ

ਬਾਕੀ ਸਫ਼ਾ 30 'ਤੇ

## ਭਾਰਤੀ ਵਿਦਿਆਰਥੀ ਦਾ ਸ਼ੱਕੀ ਹਤਿਆਰਾ ਪੁਲਿਸ ਦੀ ਗੋਲੀ ਨਾਲ ਹਲਾਕ

**ਵਾਸ਼ਿੰਗਟਨ/ਬਿਊਰੋ ਨਿਊਜ਼ :**
ਇਥੇ ਕਨਸਾਸ ਸਿਟੀ ਵਿਚ ਭਾਰਤੀ ਵਿਦਿਆਰਥੀ ਸ਼ਰਤ ਕੋਪੂ ਨੂੰ ਗੋਲੀਆਂ ਮਾਰ ਕੇ ਮਾਰਨ ਵਾਲਾ ਸ਼ੱਕੀ ਮੁਲਜ਼ਮ ਪੁਲੀਸ ਮੁਕਾਬਲੇ ਵਿਚ ਮਾਰਿਆ ਗਿਆ ਹੈ। ਇਸ ਮੁਕਾਬਲੇ ਵਿਚ ਪੁਲੀਸ ਦੇ ਤਿੰਨ ਅਧਿਕਾਰੀ ਜ਼ਖ਼ਮੀ ਹੋਏ ਹਨ। ਇਹ ਜਾਣਕਾਰੀ ਯੂਐਸ ਪ੍ਰਸ਼ਾਸਨ ਨੇ ਦਿੱਤੀ। ਕੋਪੂ ਦੀ ਛੇ ਜੁਲਾਈ ਨੂੰ ਹੱਤਿਆ ਕਰ ਦਿੱਤੀ ਗਈ ਸੀ। ਇਥੇ ਇਕ ਹੋਟਲ ਵਿੱਚ ਲੁੱਟ ਦੇ ਇਰਾਦੇ ਨਾਲ ਆਏ ਲੁਟੇਰੇ ਨੇ ਉਸ 'ਤੇ ਗੋਲੀ ਚਲਾ ਦਿੱਤੀ ਸੀ। ਪੁਲੀਸ ਨੇ ਇਸ ਮੁਲਜ਼ਮ ਨੂੰ ਲੱਭ ਲਿਆ ਪਰ ਜਦੋਂ ਦੋ ਪੁਲੀਸ ਕਰਮੀ ਉਸ ਨੂੰ ਫੜਨ ਲਈ ਅੱਗੇ ਵਧੇ ਤਾਂ ਉਸ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ।



## ਪਾਕਿਸਤਾਨ 'ਚ ਗੁਰਦੁਆਰਿਆਂ ਦੀ ਬਹੁਤੀ ਜ਼ਮੀਨ 'ਤੇ ਨਜਾਇਜ਼ ਕਬਜ਼ੇ

### 18 ਹਜ਼ਾਰ ਏਕੜ ਜ਼ਮੀਨ ਦੀ ਮਾਲਕੀ ਗੁਰੂ ਨਾਨਕ ਸਾਹਿਬ ਦੇ ਨਾਂ ਬੋਲਦੀ ਹੈ

**ਜਲੰਧਰ/ਬਿਊਰੋ ਨਿਊਜ਼ :**
ਪਾਕਿਸਤਾਨ ਇਵੈਕਿਊ ਪ੍ਰਾਪਰਟੀ ਟਰੱਸਟ ਬੋਰਡ (ਔਕਾਫ ਬੋਰਡ) ਪਾਕਿਸਤਾਨ ਅਧਾਰਿਤ ਗੁਰਦੁਆਰਿਆਂ ਤੇ ਮੰਦਿਰਾਂ ਦੇ ਕਬਜ਼ੇ ਵਾਲੀ ਜ਼ਮੀਨ ਨੂੰ ਆਪਣੇ ਅਧੀਨ ਲੈਣ ਲਈ ਨਵੇਂ ਸਿਰਿਓਂ ਯਤਨ ਤਾਂ ਕਰ ਰਹੀ ਹੈ, ਪਰ ਇਨ੍ਹਾਂ ਯਤਨਾਂ ਨੂੰ ਬੂਰ ਨਹੀਂ ਪੈ ਰਿਹਾ।
ਇਨ੍ਹਾਂ ਧਾਰਮਿਕ ਸੰਸਥਾਵਾਂ ਅਧੀਨ ਆਉਂਦੀਆਂ ਜ਼ਮੀਨਾਂ ਜਾਂ ਤਾਂ ਗੈਰਕਾਨੂੰਨੀ ਤਰੀਕੇ ਨਾਲ ਵੇਚ ਦਿੱਤੀਆਂ ਗਈਆਂ ਹਨ ਜਾਂ ਫਿਰ ਗ਼ੈਰਸਮਾਜੀ ਅਨਸਰਾਂ ਨੇ ਧੱਕੇ ਨਾਲ ਹੜੱਪ ਲਈਆਂ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਤਾਰਾ ਸਿੰਘ ਮੁਤਾਬਕ ਔਕਾਫ਼ ਬੋਰਡ ਨੇ ਮੁਲਕ ਵਿਚਲੇ ਗੁਰਦੁਆਰਿਆਂ ਦੀਆਂ ਜ਼ਮੀਨਾਂ 'ਤੇ ਦਾਅਵਾ ਪੇਸ਼ ਕਰਦਿਆਂ ਇਨ੍ਹਾਂ ਨੂੰ ਨਜਾਇਜ਼ ਕਬਜ਼ਿਆਂ ਤੋਂ ਮੁਕਤ ਕਰਾਉਣ ਲਈ ਮੁੜ ਯਤਨ ਤੇਜ਼ ਕੀਤੇ ਹਨ। 1971 ਵਿਚ ਸਥਾਪਤ ਔਕਾਫ਼ ਬੋਰਡ ਨੇ ਇਕ ਟਾਸਕ ਫੋਰਸ ਤਿਆਰ ਕੀਤੀ ਹੈ, ਜਿਸ ਦਾ ਕੰਮ ਅਜਿਹੀਆਂ ਜ਼ਮੀਨਾਂ ਦੀ ਸ਼ਨਾਖਤ ਕਰਕੇ ਉਨ੍ਹਾਂ ਤੋਂ ਨਜਾਇਜ਼ ਕਬਜ਼ੇ ਹਟਾਉਣਾ ਹੈ।
ਲਾਹੌਰ ਤੋਂ ਗੱਲਬਾਤ ਕਰਦਿਆਂ ਤਾਰਾ ਸਿੰਘ ਨੇ ਕਿਹਾ, "ਔਕਾਫ਼ ਬੋਰਡ ਨੂੰ ਉਨ੍ਹਾਂ ਕੇਸਾਂ ਵਿਚ ਵਧੇਰੇ ਮੁਸ਼ਕਲ ਆਉਂਦੀ ਹੈ, ਜਿੱਥੇ ਲੋਕਾਂ ਦਾ ਜਾਇਦਾਦਾਂ 'ਤੇ ਤੀਹ ਜਾਂ ਚਾਲੀ ਸਾਲਾਂ ਜਾਂ ਇਸ ਤੋਂ ਵੱਧ ਸਮੇਂ ਤੋਂ ਕਬਜ਼ਾ ਹੈ ਜਾਂ ਫਿਰ ਉਹ ਜਾਣਬੁੱਝ ਦੇ ਲੀਜ਼ ਦੇ ਅਰਸੇ ਤੇ ਸ਼ਰਤਾਂ ਨੂੰ ਉਲੰਘ ਚੁੱਕੇ ਹਨ।"
ਹਾਲਾਂਕਿ ਪਾਕਿਸਤਾਨ ਅਧਾਰਿਤ ਸਿੱਖ ਗੁਰਦੁਆਰਿਆਂ ਅਧੀਨ ਕਿੰਨੀ ਜ਼ਮੀਨ ਜਾਂ ਸੰਪਤੀ ਹੈ, ਇਸ ਬਾਰੇ ਸਿੱਖ ਤੇ ਸਿੱਖ ਆਗੂ ਇਕਮੱਤ ਨਹੀਂ ਹਨ। ਅਮਰੀਕੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਤੇ ਔਕਾਫ਼ ਬੋਰਡ ਦੀ ਸ਼ਰੀਨ ਸਲਾਹਕਾਰ ਬੋਰਡ

ਬਾਕੀ ਸਫ਼ਾ 30 'ਤੇ

















SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM

# ਪੰਜਾਬ ਪੁਲਿਸ ਵੱਲੋਂ ਨਕੋਦਰ ਗੋਲੀ ਕਾਂਡ 'ਚ ਮਾਰੇ ਚਾਰ ਸਿੱਖ ਨੌਜਵਾਨਾਂ ਦਾ ਮਾਮਲਾ ਖੁਰਦ-ਬੁਰਦ ਕਰਨ ਦੀ ਕੋਸ਼ਿਸ਼

**ਨਕੋਦਰ/ਬਿਊਰੋ ਨਿਊਜ਼ :**

ਪੰਜਾਬ ਵਿਚ ਵੀਹਵੀਂ ਸਦੀ ਦੇ 80-90 ਦੇ ਦਹਾਕੇ ਦੌਰਾਨ ਸਿੱਖ ਨੌਜਵਾਨਾਂ ਦੇ ਖ਼ੂਨ ਦੀ ਰੱਜ ਕੇ ਖੇਡੀ ਗਈ ਹੋਲੀ ਦੇ ਜਖਮ ਅੱਜ ਵੀ ਅੱਲੇ ਹਨ। ਮੁੜ-ਮੁੜ ਕੇ ਬਹੁਤ ਸਾਰੇ ਅਜਿਹੇ ਕਾਂਡ ਫਿਰ ਸੁਰਖੀਆਂ ਵਿਚ ਆਉਂਦੇ ਰਹਿੰਦੇ ਹਨ, ਜਿਨਾਂ ਦੀ ਪੀੜ ਦਾ ਸੇਕ ਸਬੰਧਤ ਲੋਕਾਂ ਦੇ ਹਿਰਦੇ ਵਾਰ-ਵਾਰ ਲੂੰਹਦਾ ਹੈ। ਅੱਜ ਜਦੋਂ ਸਿੱਖ ਕੌਮ ਦੇ ਆਗੂ ਦੋ ਸਾਲ ਪਹਿਲਾਂ ਵਾਪਰੇ ਬਰਗਾੜੀ ਤੇ ਬਹਿਬਲ ਕਲਾਂ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਨੂੰ ਲੈ ਕੇ ਬਰਗਾੜੀ ਵਿਖੇ ਮੋਰਚਾ ਲਾ ਕੇ ਬੈਠੇ ਹੋਏ ਹਨ, ਤਾਂ ਸ਼ਾਇਦ ਉਨ੍ਹਾਂ ਦੇ ਚੇਤਿਆਂ ਵਿਚੋਂ ਬੱਤੀ ਸਾਲ ਪਹਿਲਾਂ ਨਕੋਦਰ ਵਿਚ ਵਾਪਰੇ ਇਕ ਅਜਿਹੇ ਹੀ ਕਾਂਡ ਦੀ ਯਾਦ ਗੈਰ-ਹਾਜ਼ਰ ਹੈ, ਜਿਸ ਵਿਚ ਪੁਲਿਸ ਨੇ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਸਾੜੇ ਜਾਣ ਖਿਲਾਫ ਰੋਸ ਪ੍ਰਗਟ ਕਰ ਰਹੇ ਸਿੱਖਾਂ ਉਤੇ ਗੋਲੀ ਚਲਾ ਕੇ ਚਾਰ ਸਿੱਖਾਂ ਨੂੰ ਸ਼ਹੀਦ ਕਰ ਦਿਤਾ ਸੀ। ਇਸ ਕੇਸ ਵਿਚ ਸਿੱਖਾਂ ਨੂੰ ਨਿਆਂ ਮਿਲਣਾ ਤਾਂ ਦੂਰ ਸਗੋਂ ਹੁਣ ਪੁਲਿਸ ਅਜਿਹੀ ਕੋਈ ਘਟਨਾ ਵਾਪਰਨ ਤੋਂ ਹੀ ਮੁੱਕਰ ਗਈ ਹੈ।

ਇਹ ਦਿਲ-ਕੰਬਾਊ ਵਾਕਿਆ 4 ਫਰਵਰੀ 1986 ਨੂੰ ਨਕੋਦਰ ਵਿਚ ਵਾਪਰਿਆ ਸੀ। ਪੁਲਿਸ ਨੇ ਗੋਲੀ ਚਲਾ ਕੇ ਚਾਰ ਬੇਦੋਸ਼ ਸਿੱਖ ਨੌਜਵਾਨਾਂ ਨੂੰ ਮਾਰ ਮੁਕਾਇਆ ਸੀ। ਤਾਜ਼ਾ ਸਥਿਤੀ ਇਹ ਹੈ ਕਿ ਮੌਕੇ ਦੇ ਗਵਾਹਾਂ, ਪੋਸਟ-ਮਾਰਟਮ ਰਿਪੋਰਟਾਂ ਅਤੇ ਮਿਊਂਸਪਲ ਕੌਂਸਲ ਨਕੋਦਰ ਵਿਚ ਦਰਜ ਤਮਾਮ ਇੰਦਰਾਜਾਂ ਦੇ ਬਾਵਜੂਦ ਪੰਜਾਬ ਪੁਲਿਸ ਇਸ ਘਿਨਾਉਣੇ ਕਾਂਡ ਦੇ ਦੋਸ਼ੀਆਂ ਨੂੰ ਬਚਾ ਕੇ ਇਸ ਕੇਸ ਨੂੰ ਹੀ ਖੁਰਦ-ਬੁਰਦ ਕਰ ਦੇਣ ਦੀਆਂ ਗੋਂਦਾਂ ਗੁੰਦ ਰਹੀ ਹੈ। ਹਾਲਾਤ ਦੀ ਸਿਤਮਜ਼ਰੀਫੀ ਦੇਖੋ ਕਿ ਪੰਜਾਬ ਪੁਲਿਸ ਨਕੋਦਰ ਵਿਚ 4 ਫਰਵਰੀ 1986 ਨੂੰ ਅਜਿਹੀ ਕੋਈ ਘਟਨਾ ਦੇ ਵਾਪਰਨ ਤੋਂ ਹੀ ਪੱਲਾ ਝਾੜ ਗਈ ਹੈ।





ਅਕਾਲੀ ਪੱਤ੍ਰਕਾ

ਨਕੋਦਰ ਕਾਂਡ ਦੀ ਜੁਡੀਸ਼ਲ ਜਾਂਚ ਦਾ ਹੁਕਮ-ਐਸ ਐਸ ਪੀ ਤਬਦੀਲ

ਕਰਫਿਊ ਜਾਰੀ-ਚਾਰ ਸਿੱਖ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਦਾ ਪੁਲਸ ਨੇ ਆਪੇ ਸਸਕਾਰ ਕਰ ਦਿਤਾ

ਸ੍ਰੀ ਅਕਾਲ ਤਖਤ ਸਾਹਿਬ ਦੀ ਕਾਰ-ਸੇਵਾ ਅਤੇ ਹੋਰ ਆਵੱਸ਼ਕ ਪੰਥਕ ਮਸਲਿਆਂ ਤੇ ਵਿਚਾਰ ਕਰਨ ਲਈ

ਸਰਬਤ ਖਾਲਸਾ ਸਮਾਗਮ

4 ਫਰਵਰੀ 1986 ਨੂੰ ਵਾਪਰੇ ਨਕੋਦਰ ਗੋਲੀ ਕਾਂਡ ਦੌਰਾਨ ਸ਼ਹੀਦ ਹੋਏ ਨੌਜਵਾਨਾਂ ਦੇ ਸਕੈਚ ਅਤੇ ਉਸ ਵੇਲੇ ਦੀਆਂ ਅਖ਼ਬਾਰਾਂ 'ਚ ਛਪੀਆਂ ਖ਼ਬਰਾਂ।

ਗੌਰਤਲਬ ਹੈ ਕਿ ਇਹ ਘਟਨਾ ਪੰਜਾਬ ਵਿਚ ਮਰਹੂਮ ਸੁਰਜੀਤ ਸਿੰਘ ਬਰਨਾਲਾ ਸਰਕਾਰ ਵੇਲੇ ਵਾਪਰੀ ਸੀ। ਕਥਿਤ ਤੌਰ 'ਤੇ ਸ਼ਿਵ ਸੈਨਾ ਦੇ ਫਿਰਕੂ ਅਨਸਰਾਂ ਨੇ ਸਥਾਨਕ ਗੁਰਦੁਆਰਾ ਸਾਹਿਬ ਉਤੇ ਹਮਲਾ ਕਰਕੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਨੂੰ ਅੱਗ ਲਗਾ ਦਿੱਤੀ ਸੀ। ਬਾਅਦ ਵਿਚ ਜਦੋਂ ਸਿੱਖਾਂ ਨੇ ਰੋਸ ਪ੍ਰਗਟ ਕੀਤਾ ਤਾਂ ਪੁਲਿਸ ਨੇ ਉਨ੍ਹਾਂ ਦੇ ਗੋਲੀਆਂ ਮਾਰੀਆਂ ਅਤੇ ਸਖਤ ਲਾਠੀਚਾਰਜ ਵੀ ਕੀਤਾ। ਇਸ ਗੋਲੀ ਕਾਂਡ ਵਿਚ ਸ਼ਹੀਦ ਹੋਣ ਵਾਲੇ ਸਿੱਖ ਨੌਜਵਾਨਾਂ ਵਿਚ ਰਵਿੰਦਰ ਸਿੰਘ ਸਪੁੱਤਰ ਬਲਦੇਵ ਸਿੰਘ ਤੇ ਬਲਦੀਪ ਸਿੰਘ ਪਿੰਡ ਲਿੱਤਰਾਂ, ਬਲਵੀਰ ਸਿੰਘ ਮੁਲਤਾਨੀ ਸਪੁੱਤਰ ਕਰਤਾਰ ਸਿੰਘ ਪਿੰਡ ਰਾਮਗੜ੍ਹ ਅਤੇ ਹਰਵਿੰਦਰ ਸਿੰਘ ਕਨਵੀਨਰ ਸਿੱਖ ਸਟੂਡੈਂਟਸ ਫੈਡਰੇਸ਼ਨ ਬਰਾਂਚ ਜਲੰਧਰ ਸ਼ਾਮਲ ਸਨ। ਉਸ ਵੇਲੇ ਦੇ ਵਿੱਤ ਮੰਤਰੀ ਬਲਵੰਤ ਸਿੰਘ ਨੇ ਇਸ ਗੋਲੀ ਕਾਂਡ ਦੀ ਜੁਡੀਸ਼ੀਅਲ ਜਾਂਚ ਕਰਵਾਉਣ ਦਾ ਐਲਾਨ ਕੀਤਾ ਸੀ। ਇਸ ਕਾਂਡ ਵਿਚ ਫੌਰੀ ਤੌਰ 'ਤੇ ਐਸਐਸਪੀ ਜਲੰਧਰ ਇਜ਼ਹਾਰ ਆਲਮ ਨੂੰ ਤਬਦੀਲ ਕੀਤਾ ਗਿਆ ਸੀ ਤੇ ਐਸਪੀ (ਡਿਟੈਕਟਿਵ) ਸੁਰਜੀਤ ਸਿੰਘ, ਡੀਐਸਪੀ ਨਕੋਦਰ ਗੁਪਾਲ ਸਿੰਘ ਘੁੰਮਣ ਅਤੇ ਇੰਸਪੈਕਟਰ ਹਰਿੰਦਰਪਾਲ ਸਿੰਘ ਮੁਅੱਤਲ ਕੀਤੇ ਗਏ ਸਨ।

ਬਾਅਦ ਵਿਚ ਇਸ ਘਟਨਾ ਦੀ ਨਿਰਪੱਖ ਜਾਂਚ ਪੜਤਾਲ ਬਾਰੇ ਪੁਲਿਸ ਨੇ ਲੀਪਾਪੋਚੀ ਦੀ ਕਾਰਵਾਈ ਜਾਰੀ ਰੱਖੀ। ਪੰਜਾਬ ਦੇ ਹਾਲਾਤ ਖਰਾਬ ਹੁੰਦੇ ਗਏ ਤੇ ਰਾਸ਼ਟਰਪਤੀ ਰਾਜ ਦੌਰਾਨ ਕਿਸੇ ਦੀ ਕੋਈ ਸੁਣਵਾਈ ਨਾ ਰਹੀ। ਹੁਣ ਸੂਚਨਾ ਅਧਿਕਾਰ ਐਕਟ ਤਹਿਤ ਮੰਗੀ ਗਈ ਜਾਣਕਾਰੀ ਵਿਚ ਜਿੱਥੇ ਇਸ ਕਾਂਡ ਦਾ ਸੱਚ ਮੁੜ ਉਜਾਗਰ ਹੋਇਆ ਹੈ, ਉਥੇ ਨਾਲ ਹੀ ਪੰਜਾਬ ਪੁਲਿਸ ਤੋਂ ਮੰਗੀ ਜਾਣਕਾਰੀ ਵਿਚ ਮਹਿਕਮਾ ਅਜਿਹੀ ਕਿਸੇ ਘਟਨਾ ਦੇ ਵਾਪਰਨ ਤੋਂ ਹੀ ਸਾਫ ਮੁੱਕਰ ਗਿਆ ਹੈ। ਜ਼ਾਹਰ ਹੈ ਕਿ ਪੰਜਾਬ ਦੇ ਹੋਰ ਬਹੁਤ ਸਾਰੇ ਬੇਦੋਸ਼ੇ ਸਿੱਖ ਨੌਜਵਾਨਾਂ ਨੂੰ ਮਾਰ ਖਪਾ ਦੇਣ ਦੀਆਂ ਹਜ਼ਾਰਾਂ ਘਟਨਾਵਾਂ ਵਾਗ ਪੰਜਾਬ ਪੁਲਿਸ ਨੇ ਇਸ ਕਾਂਡ ਨਾਲ ਸਬੰਧਤ ਫਾਇਲ ਵੀ ਖੁਰਦ-ਬੁਰਦ ਕਰ ਦਿੱਤੀ ਹੈ।

ਬਲਦੇਵ ਸਿੰਘ ਸਪੁੱਤਰ ਪ੍ਰੀਤਮ ਸਿੰਘ ਪਿੰਡ ਲਿੱਤਰਾਂ, ਥਾਣਾ ਨੂਰਮਹਿਲ ਵੱਲੋਂ ਆਰਟੀਆਈ ਰਾਹੀਂ ਵੱਖ-ਵੱਖ ਵਿਭਾਗਾਂ ਤੋਂ ਇਸ ਬਾਬਤ ਜਾਣਕਾਰੀ ਮੰਗੀ ਗਈ ਤਾਂ ਸਿਵਲ ਹਸਪਤਾਲ ਨਕੋਦਰ ਨੇ ਮੰਨਿਆ ਕਿ ਚਾਰ ਤੇ ਪੰਜ ਫਰਵਰੀ 1986 ਦੀ ਰਾਤ ਨੂੰ ਪੁਲਿਸ ਦੋ ਅਣਪਣਾਤੇ ਲੋਕਾਂ ਦਾ ਪੋਸਟਮਾਰਟਮ ਕਰਵਾ ਕੇ ਲੈ ਗਈ ਸੀ। ਉਧਰ ਇਹੋ ਜਾਣਕਾਰੀ ਜਦੋਂ ਪੰਜਾਬ ਪੁਲਿਸ ਨਕੋਦਰ ਤੋਂ ਮੰਗੀ ਗਈ ਤਾਂ ਐਸਐਸਪੀ ਹੈਡਕੁਆਰਟਰ ਨੇ ਇਸ ਦਿਨ ਕਿਸੇ ਵੀ ਅਜਿਹੀ ਘਟਨਾ ਦੇ ਵਾਪਰਨ ਤੋਂ ਹੀ ਇਨਕਾਰ ਕਰ ਦਿਤਾ ਹੈ। ਜੇਕਰ ਇਸ ਦਿਨ ਦੀਆਂ ਪੰਜਾਬ ਦੀਆਂ ਅਖਬਾਰਾਂ ਕੱਢ ਕੇ ਦੇਖੀਆਂ ਜਾਣ ਤਾਂ ਲਗਭੱਗ ਹਰ ਛੋਟੀ-ਵੱਡੀ ਅਖਬਾਰ ਵਿਚ ਇਹ ਕਾਂਡ ਵੱਡੀਆਂ ਪ੍ਰਮੁੱਖ ਸੁਰਖੀਆਂ ਵਿਚ ਛਪਿਆ ਹੋਇਆ ਹੈ। ਬਲਦੇਵ ਸਿੰਘ ਦਾ ਮੰਨਣਾ ਹੈ ਕਿ ਜ਼ਰੂਰ ਹੀ ਪੰਜਾਬ ਪੁਲਿਸ ਨੇ ਇਨ੍ਹਾਂ ਬੇਦੋਸ਼ੇ ਸਿੰਘਾਂ ਨੂੰ ਮੌਤ ਦੇ ਘਾਟ ਉਤਾਰ ਦੇਣ ਵਾਲੇ ਆਪਣੇ ਗੁਨਾਹ ਦੇ ਸਬੂਤ ਖੁਰਦ-ਬੁਰਦ ਕਰ ਦਿੱਤੇ ਹਨ। ਇਸ ਕਰਕੇ ਸਮੂਹ ਪੰਥ ਦਰਦੀਆਂ, ਸਿਆਸੀ ਆਗੂਆਂ ਤੇ ਮੀਡੀਆ ਨੂੰ ਇਸ ਘਟਨਾ ਬਾਰੇ ਘੋਖ ਕਰਨੀ ਤੇ ਆਵਾਜ਼ ਉਠਾਉਣੀ ਚਾਹੀਦੀ ਹੈ ਤਾਂ ਕਿ ਸੱਚ ਸਾਹਮਣੇ ਆ ਸਕੇ।



# Atamras Kirtan Katha Samagam

## *Celebrating the Parkash Utsav of Dhan Dhan Sri Guru Harkrishan Sahib Jee*

Gurdwara Sahib Khalsa Care Foundation     Phone: (818) 896-7700     Address: 9989 Laurel Canyon Blvd, Pacoima, CA 91331



**Bhai Sahib Bhai Pinderpal Singh Jee**



**Bhai Sahib Bhai Harjinder Singh Jee**



**Sant Anoop Singh Jee**



**Bhai Varinder Singh Jee**



**Bhai Kulwinder Singh Jee**

**All Jathas Will Be Performing Together From:**

## SUNDAY JULY 15TH - 10:00 AM - 1:00 PM

**MONDAY JULY 16 TH TO SATURDAY JULY 21ST**

**6:00 PM - 9:00 PM**

## SUNDAY JULY 22ND -10:00 AM - 1:00 PM

*Arambh Sri Akhand Paath Sahib*
*July 20th Friday at 9:00 AM*
*Bhog Sri Akhand Paath Sahib*
*July 22nd Sunday at 9:00 AM*



For More Information Please Contact
Bhai Kanhaiya Jee Langar Seva Dal:
Baldev Singh: (818) 468-9595
Balvinder Singh: (818) 404-0811
Makhan Singh: (661) 225-7157
Paramjit Singh: (626) 354-6653



# ਰੂਸ ਅਤੇ ਅਮਰੀਕਾ ਵਿਚਾਲੇ ਇਤਿਹਾਸਕ ਸਿਖਰ ਵਾਰਤਾ ਦੀ ਸ਼ੁਰੂਆਤ

**ਹੇਲਸਿੰਕੀ/ਬਿਊਰੋ ਨਿਊਜ਼ :** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਉਨ੍ਹਾਂ ਦੇ ਰੂਸ ਤੋਂ ਹਮਰੁਤਬਾ ਵਲਾਦੀਮੀਰ ਪੂਤਿਨ ਵਿਚਾਲੇ ਇਤਿਹਾਸਕ ਸਿਖਰ ਵਾਰਤਾ ਸ਼ੁਰੂ ਹੋ ਗਈ ਹੈ। ਟਰੰਪ ਨੇ ਜਿਥੇ 'ਅਸਾਧਾਰਣ ਸਬੰਧਾਂ' ਦਾ ਵਾਅਦਾ ਕੀਤਾ ਉਥੇ ਪੂਤਿਨ ਨੇ ਕਿਹਾ ਕਿ ਦੁਨੀਆ ਭਰ ਦੇ ਵਿਵਾਦਾਂ ਦਾ ਹੱਲ ਸਮੇਂ ਦੀ ਜ਼ਰੂਰਤ ਹੈ। ਗੰਭੀਰ ਦਿਖ ਰਹੇ ਦੋਵੇਂ ਨੇਤਾਵਾਂ ਨੇ ਸਿਖਰ ਵਾਰਤਾ ਦੀ ਸ਼ੁਰੂਆਤ 'ਤੇ ਪ੍ਰੈਸ ਸਾਹਮਣੇ ਇਹ ਟਿੱਪਣੀਆਂ ਕੀਤੀਆਂ। ਜਿਥੇ ਟਰੰਪ ਨੇ ਬੈਠਕ ਦੀਆਂ ਸੰਭਾਵਨਾਵਾਂ ਨੂੰ ਮੰਨਿਆ ਉਥੇ ਪੂਤਿਨ ਨੇ ਕਿਹਾ, "ਸਾਡੇ ਸਬੰਧਾਂ ਅਤੇ ਦੁਨੀਆ ਦੀਆਂ ਸਮੱਸਿਆਵਾਂ ਨੂੰ ਲੈ ਕੇ ਇਕ ਮਜ਼ਬੂਤ ਤਰੀਕੇ ਨਾਲ ਗੱਲ ਕਰਨ ਦਾ ਸਮਾਂ ਆ ਗਿਆ ਹੈ।" ਟਰੰਪ ਨੇ ਫੁਟਬਾਲ ਵਿਸ਼ਵ ਕੱਪ ਦੀ ਸਫ਼ਲ ਮੇਜ਼ਬਾਨੀ ਕਰਨ ਲਈ ਪੂਤਿਨ ਨੂੰ ਵਧਾਈ ਦਿੱਤੀ।



ਹੇਲਸਿੰਕੀ (ਫਿਨਲੈਂਡ) ਵਿਚ ਸੋਮਵਾਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਮੀਟਿੰਗ ਤੋਂ ਪਹਿਲਾਂ।

ਉਨ੍ਹਾਂ ਕਿਹਾ ਕਿ ਸਿਖਰ ਵਾਰਤਾ ਵਿੱਚ 'ਵਪਾਰ ਤੋਂ ਲੈ ਕੇ ਸੈਨਾ ਅਤੇ ਮਿਜ਼ਾਈਲ ਤੋਂ ਲੈ ਕੇ ਪਰਮਾਣੂ ਹਥਿਆਰ ਅਤੇ ਚੀਨ ਤੱਕ ਸਾਰੇ ਮੁੱਦਿਆਂ ਉੱਤੇ ਚਰਚਾ ਕੀਤੀ ਜਾਵੇਗੀ। ਅਮਰੀਕਾ ਦੇ ਰਾਸ਼ਟਰਪਤੀ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਦੋ ਦੇਸ਼ਾਂ ਦੇ ਰੂਪ ਵਿੱਚ ਸਾਡੇ ਲਈ ਇਕ ਸ਼ਾਨਦਾਰ ਮੌਕਾ ਹੈ।ਸਪੱਸ਼ਟ ਰੂਪ ਵਿਚ ਕਹਾਂ ਤਾਂ ਪਿਛਲੇ ਸਾਲਾਂ ਤੋਂ ਦੋਵਾਂ ਦੇਸ਼ਾਂ ਦੇ ਸਬੰਧ ਚੰਗੇ ਨਹੀਂ ਰਹੇ ਹਨ। " ਟਰੰਪ ਨੇ ਕਿਹਾ ਕਿ ਸਿਖਰ ਵਾਰਤਾ ਵਿਚ ਪਰਮਾਣੂ ਨਿਸ਼ਤਰੀਕਰਨ ਦਾ ਮੁੱਦਾ ਸ਼ਾਮਲ ਹੋਵੇਗਾ। ਉਨ੍ਹਾਂ ਕਿਹਾ,"ਮੈਨੂੰ ਸੱਚ ਲਗਦਾ ਹੈ ਕਿ ਦੁਨੀਆ ਸਾਡੇ ਵਿਚਾਲੇ ਚੰਗੇ ਸਬੰਧ ਬਣਦੇ ਦੇਖਣਾ ਚਾਹੁੰਦੀ ਹੈ। ਅਸੀਂ ਦੋ ਵੱਡੀਆਂ ਪਰਮਾਣੂ ਸ਼ਕਤੀਆਂ ਹਾਂ। ਸਾਡੇ ਕੋਲ ਦੁਨੀਆ ਦੇ 90 ਫੀਸਦੀ ਪਰਮਾਣੂ ਹਥਿਆਰ ਹਨ ਅਤੇ ਇਹ ਇਕ ਚੰਗੀ ਚੀਜ਼ ਨਹੀਂ ਹੈ।"

## ਪੰਥ ਦੇ ਮਹਾਨ ਕਥਾ ਵਾਚਕ ਭਾਈ ਪਰਮਜੀਤ ਸਿੰਘ ਖਾਲਸਾ ਦਾ ਕਥਾ-ਪ੍ਰਵਾਹ

### *23 ਜੁਲਾਈ ਤੋਂ 31 ਜੁਲਾਈ ਤੱਕ ਮਿੱਡ ਵੈਸਟ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵਿਚ ਸਜਣਗੇ ਦੀਵਾਨ*

**ਸ਼ਿਕਾਗੋ/ਮੱਖਣ ਸਿੰਘ ਕਲੇਰ :** ਪੰਥਕ ਸ਼ਖ਼ਸ਼ੀਅਤ ਤੇ ਪੰਥ ਦੇ ਮਹਾਨ ਕਥਾਵਾਚਕ ਭਾਈ ਪਰਮਜੀਤ ਸਿੰਘ ਖਾਲਸਾ 23 ਜੁਲਾਈ ਤੋਂ 31 ਜੁਲਾਈ ਤੱਕ ਮਿੱਡ ਵੈਸਟ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵਿੱਚ ਕਥਾ ਦੇ ਰੂਪ ਵਿੱਚ ਗੁਰਬਾਣੀ ਵਿਚਾਰ ਸੰਗਤਾਂ ਨੂੰ ਸਰਵਣ ਕਰਵਾਉਣਗੇ।



ਪ੍ਰੋਗਰਾਮ ਮੁਤਾਬਕ ਭਾਈ ਪਰਮਜੀਤ ਸਿੰਘ ਖਾਲਸਾ 23 ਜੁਲਾਈ ਸੋਮਵਾਰ ਤੋਂ 25 ਜੁਲਾਈ ਬੁੱਧਵਾਰ ਤੱਕ ਸ਼ਿਕਾਗੋ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ, 26 ਜੁਲਾਈ ਵੀਰਵਾਰ ਨੂੰ ਮਿਲਵਾਕੀ ਦੇ ਓਕ ਕਰੀਕ ਗੁਰਦੁਆਰਾ ਸਾਹਿਬ ਵਿਖੇ, 27 ਜੁਲਾਈ ਸ਼ੁੱਕਰਵਾਰ ਤੋਂ 29 ਜੁਲਾਈ ਐਤਵਾਰ ਤੱਕ ਇੰਡੀਆਨਾ ਐਪੋਲਿਸ ਦੇ ਗਰੀਨਵੁੱਡ ਗੁਰਦੁਆਰਾ ਸਾਹਿਬ ਅਤੇ 30 ਜੁਲਾਈ ਸੋਮਵਾਰ ਤੋਂ 31 ਜੁਲਾਈ ਮੰਗਲਵਾਰ ਤੱਕ ਸਿੰਘ ਸਭਾ ਗੁਰਦੁਆਰਾ ਸਾਹਿਬ ਕੈਂਟਨ ਮਿਸ਼ੀਗਨ ਵਿਖੇ ਕਥਾ ਕੀਰਤਨ ਨਾਲ ਹਾਜ਼ਰੀ ਲੁਆਉਣਗੇ। 29 ਜੁਲਾਈ ਐਤਵਾਰ ਨੂੰ ਸਵੇਰ ਦੇ ਦੀਵਾਨ ਹੋਣਗੇ ਤੇ ਬਾਕੀ 23 ਜੁਲਾਈ ਤੋਂ 31 ਜੁਲਾਈ ਤੱਕ ਸ਼ਾਮ ਦੇ ਦੀਵਾਨ ਹੋਣਗੇ। ਪ੍ਰਬੰਧਕਾਂ ਵੱਲੋਂ ਸਮੁੱਚੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਪੋ-ਆਪਣੇ ਨੇੜਲੇ ਗੁਰਦੁਆਰਾ ਸਾਹਿਬਾਨਾਂ ਵਿਖੇ ਸਮੇਂ ਸਿਰ ਪਹੁੰਚ ਕੇ ਗੁਰਬਾਣੀ ਦਾ ਲਾਹਾ ਲੈਣ ਦੀ ਬੇਨਤੀ ਕੀਤੀ ਗਈ ਹੈ।

## ਸਵਿੱਸ ਬੈਂਕਾਂ ਵਿਚ ਹਨ ਬਹੁਤ ਸਾਰੇ ਲਾਵਾਰਿਸ ਖ਼ਾਤੇ

**ਜਿਊਰਿਖ/ਬਿਊਰੋ ਨਿਊਜ਼ :** ਸਵਿਟਜ਼ਰਲੈਂਡ ਦੇ ਬੈਂਕਾਂ ਵਿੱਚ ਨਾਜਾਇਜ਼ ਕਾਲੇ ਧਨ ਦੇ ਮੁੱਦੇ 'ਤੇ ਭਾਰਤ ਵਿੱਚ ਲਗਾਤਾਰ ਚੱਲ ਰਹੀ ਤਿੱਖੀ ਰਾਜਨੀਤਕ ਬਹਿਸ ਦੇ ਬਾਵਜੂਦ ਇਨ੍ਹਾਂ ਬੈਂਕਾਂ ਵਿਚ ਭਾਰਤੀਆਂ ਦੇ ਖ਼ਾਤਿਆਂ ਵਿਚ ਪਏ ਪੈਸੇ ਦੀ ਸੂਚਨਾ ਦਿੱਤੇ ਜਾਣ ਦੇ ਤਿੰਨ ਸਾਲ ਬਾਅਦ ਵੀ ਉਨ੍ਹਾਂ ਦਾ ਕੋਈ ਦਾਅਵੇਦਾਰ ਸਾਹਮਣੇ ਨਹੀਂ ਆਇਆ। ਇਹ ਉਹ ਖ਼ਾਤੇ ਹਨ ਜਿਨ੍ਹਾਂ 'ਚ ਲੰਬੇ ਸਮੇਂ ਤੋਂ ਕੋਈ ਲੈਣ-ਦੇਣ ਨਹੀਂ ਹੋਇਆ। ਸਵਿੱਟਜ਼ਰਲੈਂਡ ਦੇ ਬੈਂਕਾਂ ਨੇ ਪਹਿਲੀ ਵਾਰ ਦਸੰਬਰ 2015 ਵਿਚ ਕੁਝ ਖ਼ਾਤਿਆਂ ਦੀ ਸੂਚੀ ਜਾਰੀ ਕੀਤੀ ਸੀ। ਇਸ ਵਿਚ ਸਵਿੱਟਜ਼ਰਲੈਂਡ ਦੇ ਨਾਗਰਿਕਾਂ ਦੇ ਨਾਲ ਹੀ ਭਾਰਤ ਦੇ ਕੁਝ ਲੋਕਾਂ ਸਮੇਤ ਬਹੁਤ ਸਾਰੇ ਵਿਦੇਸ਼ੀ ਨਾਗਰਿਕਾਂ ਦੇ ਖਾਤਿਆਂ ਦੀ ਸੂਚੀ ਜਾਰੀ ਕੀਤੀ ਜਾਂਦੀ ਰਹੀ ਹੈ ਜੋ ਲੰਬੇ ਸਮੇਂ ਤੋਂ ਬੰਦ ਹਨ, ਜਿਸ ਦੇ ਉਪਰ ਕਿਸੇ ਨੇ ਵੀ ਦਾਅਵਾ ਨਹੀਂ ਕੀਤਾ ਹੈ। ਨਿਯਮਾਂ ਤਹਿਤ ਇਨ੍ਹਾਂ ਖ਼ਾਤਿਆਂ ਦੀ ਸੂਚੀ ਇਸ ਲਈ ਜਾਰੀ ਕੀਤੀ **ਬਾਕੀ ਸਫ਼ਾ 32 'ਤੇ**

## ਐਨਆਰਆਈ ਵਿਆਹਾਂ ਦੀ ਰਜਿਸਟ੍ਰੇਸ਼ਨ ਦੀ ਜਾਣਕਾਰੀ ਤੁਰੰਤ ਕੇਂਦਰੀ ਮੰਤਰਾਲੇ ਨੂੰ ਦੇਣੀ ਲਾਜ਼ਮੀ ਕਰਨ ਦੇ ਨਿਰਦੇਸ਼

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਮੇਨਕਾ ਗਾਂਧੀ ਨੇ ਰਾਜਾਂ ਨੂੰ ਕਿਹਾ ਹੈ ਕਿ ਐਨਆਰਆਈ ਪੁਰਸ਼ਾਂ ਦੀ ਭਾਰਤ ਵਿੱਚ ਵਿਆਹ ਦੀ ਰਜਿਸਟ੍ਰੇਸ਼ਨ ਹੋਣ ਨਾਲ ਹੀ ਇਸ ਦੀ ਸੂਚਨਾ ਫੌਰੀ ਹੀ ਮੰਤਰਾਲੇ ਕੋਲ ਪਹੁੰਚਾਉਣੀ ਲਾਜ਼ਮੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੰਤਰਾਲਾ ਮਹਿਲਾਵਾਂ ਦੀ ਸੁਰੱਖਿਆ ਲਈ ਅਤੇ ਐਨਆਰਆਈ ਪੁਰਸ਼ਾਂ ਦੇ ਵਿਆਹ ਤੋਂ ਬਾਅਦ ਸਮੱਸਿਆਵਾਂ ਦਾ ਸਾਹਮਣਾ ਕਰ ਰਹੀਆਂ ਔਰਤਾਂ ਦੀ ਪੂਰੀ ਮਦਦ ਕਰਨ ਲਈ ਕਦਮ ਚੁੱਕ ਰਿਹਾ ਹੈ। ਸੂਬਿਆਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮਹਿਲਾ ਅਤੇ ਬਾਲ ਵਿਕਾਸ ਮੰਤਰੀਆਂ ਦੇ ਇਕ ਦਿਨਾ ਰਾਸ਼ਟਰੀ ਸੰਮੇਲਨ ਵਿੱਚ ਮੇਨਕਾ ਨੇ ਕਿਹਾ, "ਮੈਂ ਰਾਜ ਸਰਕਾਰਾਂ ਨੂੰ ਬੇਨਤੀ ਕਰਦੀ ਹਾਂ ਕਿ ਉਹ ਆਪਣੇ ਕੋਲ ਵਿਆਹ ਦੀ ਰਜਿਸਟ੍ਰੇਸ਼ਨ ਕਰਾਉਣ ਵਾਲੇ ਐਨਆਰਆਈ ਵਿਅਕਤੀਆਂ ਦੀ ਸੂਚਨਾ ਫੌਰੀ ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੂੰ ਦੇਣ। " ਮੇਨਕਾ ਨੇ ਦੱਸਿਆ ਕਿ ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੇ ਪੰਚਾਇਤ ਪੱਧਰ ਦੀਆਂ ਮਹਿਲਾਵਾਂ ਨੂੰ ਸਿੱਖਿਅਤ ਕਰਨ ਲਈ ਰਾਜ ਸਰਕਾਰਾਂ ਨਾਲ ਸਹਿਮਤੀ 'ਤੇ ਹਸਤਾਖ਼ਰ ਕੀਤੇ। ਉਨ੍ਹਾਂ ਕਿਹਾ ਕਿ ਇਸ ਨਾਲ ਮਹਿਲਾ ਆਗੂਆਂ ਨੂੰ ਜ਼ਮੀਨੀ ਪੱਧਰ 'ਤੇ ਬਦਲਾਅ ਲਈ ਤਿਆਰ ਕੀਤਾ ਜਾਵੇਗਾ। ਕੇਂਦਰੀ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਬੇਨਤੀ ਕੀਤੀ ਹੈ ਕਿ ਸਾਰੇ ਜ਼ਿਲ੍ਹਿਆਂ ਵਿੱਚ ਸੁਰੱਖਿਆ ਅਧਿਕਾਰੀ ਤਾਇਨਾਤ ਕਰਨ ਜੋ ਮੁਸ਼ਕਲਾਂ ਦਾ ਸਾਹਮਣਾ ਕਰ ਰਹੀਆਂ ਔਰਤਾਂ ਦੀ ਮਦਦ ਕਰਨ। ਘਰੇਲੂ ਹਿੰਸਾ ਵਿਰੋਧੀ ਕਾਨੂੰਨ ਤਹਿਤ ਇਸ ਤਰ੍ਹਾਂ ਦੇ ਅਧਿਕਾਰੀ ਦੀ ਨਿਯੁਕਤੀ ਜ਼ਰੂਰੀ ਹੈ। ਉਨ੍ਹਾਂ ਰਾਜਾਂ ਦੇ ਮੰਤਰੀਆਂ ਨੂੰ ਕਿਹਾ ਕਿ ਉਹ ਅਗਸਤ, 2018 ਤਕ ਸਾਰੇ ਜ਼ਿਲ੍ਹਿਆਂ ਵਿੱਚ ਬਾਲ ਕਲਿਆਣ ਸਮਿਤੀਆਂ ਦਾ ਗਠਨ ਨਿਸਚਿਤ ਕਰਨ। ਉਨ੍ਹਾਂ ਮਹਾਰਾਸ਼ਟਰ ਦੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਪੰਕਜਾ ਮੁੰਡੇ ਨੂੰ ਕਿਹਾ ਕਿ ਉਹ ਹਿੰਦੀ ਸਿਨੇਮਾ ਨਾਲ ਜੁੜੇ ਸਾਰੇ ਪ੍ਰੋਡਕਸ਼ਨ ਹਾਊਸਾਂ ਵਿੱਚ 'ਅੰਦਰੂਨੀ ਸ਼ਿਕਾਇਤ ਸਮਿਤੀਆਂ' ਦਾ ਗਠਨ ਨਿਸਚਿਤ ਕਰਾਉਣ ਤਾਂ ਜੋ ਫਿਲਮ ਸਨਅਤ ਵਿੱਚ ਔਰਤਾਂ ਨੂੰ ਕੰਮਕਾਜ ਦਾ ਸੁਰੱਖਿਅਤ ਮਾਹੌਲ ਮਿਲ ਸਕੇ।





CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਫਰਿਜ਼ਨੋ 'ਚ ਗੁਰਬਖਸ਼ ਸਿੰਘ ਧਾਲੀਵਾਲ ਦੀ 10ਵੀਂ ਬਰਸੀ ਮਨਾਈ

**ਫਰਿਜ਼ਨੋ/ਬਿਊਰੋ ਨਿਊਜ਼ :** ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਦੇ ਬਾਨੀ ਮੈਂਬਰ ਸ੍ਰ. ਗੁਰਬਖਸ਼ ਸਿੰਘ ਧਾਲੀਵਾਲ ਹੁਣਾ ਦੀ 10 ਵੀਂ ਬਰਸੀ ਫਰਿਜ਼ਨੋ ਵਿਚ ਮਨਾਈ ਗਈ। ਉਨਾਂ ਦੇ ਬੇਟੇ ਨਵਦੀਪ ਸਿੰਘ ਧਾਲੀਵਾਲ, ਬਲਦੇਵ ਸਿੰਘ ਧਾਲੀਵਾਲ ਅਤੇ ਬਾਕੀ ਪਰਿਵਾਰ ਦੇ ਸੱਦੇ ਤੇ ਪਹੁੰਚੇ ਹੋਏ ਪਰਿਵਾਰਕ ਦੋਸਤ, ਰਿਸਤੇਦਾਰ ਅਤੇ ਇਲਾਕੇ ਦੀਆ ਕਈ ਜਥੇਬੰਦੀਆਂ ਨਾਲ ਜੁੜੇ ਹੋਏ ਦੋਸਤ ਨਵਦੀਪ ਧਾਲੀਵਾਲ ਦੇ ਘਰ ਇਕੱਤਰ ਹੋਏ। ਇਸ ਇਕੱਤਰਤਾ ਦੀ ਸ਼ੁਰੂਆਤ ਵਿਚ ਸ੍ਰ. ਜਸਵੰਤ ਸਿੰਘ ਮਾਨ ਨੇ ਗੁਰਬਖਸ ਸਿੰਘ ਧਾਲੀਵਾਲ ਨਾਲ ਬਿਤਾਏ ਸਮੇਂ ਨੂੰ ਯਾਦ ਕਰਦਿਆ ਉਨਾਂ ਦੀ ਲੋਕ ਪੱਖੀ ਸੋਚ ਨੂੰ ਸਜਦਾ ਕੀਤਾ। ਸ੍ਰ. ਲਛਮਣ ਸਿੰਘ ਰਾਠੌਰ ਨੇ ਆਪਣੀ ਪਾਕਿਸਤਾਨ ਫੇਰੀ ਦੌਰਾਨ ਲਿਖੀ ਇਕ ਕਵਿਤਾ ਸੁਣਾਈ। ਫਰਿਜ਼ਨੋ ਦੇ ਰੇਡੀਓ ਹੋਸਟ ਸ੍ਰ. ਰਾਜਵਿੰਦਰ ਧਾਲੀਵਾਲ ਨੇ ਨਿੱਜ ਤੋਂ ਉਪਰ ਉਠ ਕੇ ਸਮਾਜ ਲਈ ਕੁਝ ਕਰਨ ਵਾਲਿਆਂ ਦਾ ਜ਼ਿਕਰ ਕਰਦਿਆਂ ਆਪਣੀ ਸ਼ਰਧਾਜਲੀ ਭੇਟ ਕੀਤੀ। ਗੈਰੀ ਢੇਸੀ ਨੇ ਵੀ ਦੋ ਗੀਤ ਸੁਣਾ ਕੇ ਮਾਹੌਲ ਨੂੰ ਸੁਰਮਈ ਬਣਾ ਦਿਤਾ। ਸਟੇਜ ਸਕੱਤਰ ਦੀ ਕਾਰਵਾਈ ਨਿਭਾਉਦਿਆ ਹਰਜਿੰਦਰ ਢੇਸੀ ਨੇ ਲੋਕ ਕਵੀ ਗੁਰਦਾਸ ਆਲਮ ਦੀ ਇਕ ਕਵਿਤਾ ਆਜ਼ਾਦੀ ਸੁਣਾਈ। ਗਦਰੀ ਬਾਬੇ ਸ੍ਰ. ਬਚਨ ਸਿੰਘ ਘੋਲੀਆ ਦੇ ਪੁਤਰ ਕਰਨਲ ਹਰਦੇਵ ਸਿੰਘ ਗਿੱਲ ਨੇ ਇਥੇ ਵਸਦੇ ਪੰਜਾਬੀ ਲੋਕਾਂ ਨੂੰ ਲੋਕਤੰਤਰ ਦੀ ਸ਼ਕਤੀ ਨੂੰ ਪਛਾਨਣ ਅਤੇ ਇਥੇ ਦੇ ਰਾਜਨੀਤਿਕ ਪ੍ਰਬੰਧ ਵਿਚ ਸਰਗਰਮ ਰੋਲ ਅਦਾ ਕਰਨ ਦੀ ਅਪੀਲ ਕੀਤੀ।



ਸ੍ਰ. ਗੁਰਦੀਪ ਸਿੰਘ ਅਣਖੀ ਨੇ ਗੁਰਬਖਸ਼ ਸਿੰਘ ਦੀ ਲੋਕਾਂ ਪ੍ਰਤੀ ਘਾਲਣਾ ਨੂੰ ਯਾਦ ਕੀਤਾ ਕਿ ਕਿਵੇ ਉਨਾਂ ਐਮਐਲਏ ਦੇ ਅਹੁਦੇ 'ਤੇ ਹੁੰਦੇ ਹੋਏ ਵੀ ਆਪਣੀ ਕੁਰਸੀ ਦੀ ਵਰਤੋਂ ਕਦੀ ਵੀ ਪਰਿਵਾਰ ਜਾਂ ਰਿਸ਼ਤੇਦਾਰਾਂ ਦੇ ਫਾਇਦੇ ਲਈ ਨਹੀ ਸਗੋਂ ਹਮੇਸ਼ਾ ਲੋਕਾਂ ਦੇ ਭਲੇ ਲਈ ਕੀਤੀ। ਇਸ ਦੇ ਉਲਟ ਅੱਜ ਦੇ ਬਹੁਤੇ ਐਮਐਲਏ ਸਿਆਸਤ ਨੂੰ ਸੇਵਾ ਦੀ ਬਜਾਏ ਇਕ ਲਾਹੇਵੰਦ ਧੰਦੇ ਵਾਂਗ ਕਰ ਰਹੇ ਹਨ। ਸ੍ਰ. ਹਰਨੇਕ ਸਿੰਘ ਲੋਹਗੜ ਨੇ ਵੀ ਗੁਰਬਖਸ਼ ਧਾਲੀਵਾਲ ਨਾਲ ਬਿਤਾਏ ਦਿਨਾ ਨੂੰ ਯਾਦ ਕੀਤਾ। ਪਿਸ਼ੌਰਾ ਸਿੰਘ ਢਿਲੋਂ ਨੇ ਆਪਣੀ ਇਕ ਨਜ਼ਮ ਗਾ ਕੇ ਸ਼ਰਧਾਜਲੀ ਭੇਟ ਕੀਤੀ। ਗੁਰਬਖਸ਼ ਸਿੰਘ ਦੀ ਪੋਤਰੀ ਸ਼ਰਨਜੀਤ ਧਾਲੀਵਾਲ ਨੇ ਪੰਜਾਬ ਦੇ ਇਤਿਹਾਸ ਨੂੰ ਬਿਆਨਦੀ ਇਕ ਖ਼ੂਬਸੂਰਤ ਕਵਿਤਾ ਸੁਣਾਈ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਸੈਕਟੇਰੀ ਸੁਰਿੰਦਰ ਮੰਢਾਲੀ ਨੇ ਸੰਸਥਾ ਦੇ ਸ਼ੁਰੂ ਦੇ ਦਿਨਾਂ ਵਿਚ ਗੁਰਬਖਸ਼ ਧਾਲੀਵਾਲ ਵੱਲੋਂ ਦੂਰਅੰਦੇਸ਼ੀ ਨਾਲ ਕੀਤੇ ਕਈ ਫੈਸਲਿਆ ਨੂੰ ਯਾਦ ਕੀਤਾ। ਉਨਾਂ ਨੇ ਆਏ ਸਾਰੇ ਸੱਜਣਾ ਦਾ ਪਰਿਵਾਰ ਵਲੋਂ ਧੰਨਵਾਦ ਕਰਦਿਆਂ ਗੁਰਬਖਸ਼ ਸਿੰਘ ਅਤੇ ਗਦਰੀ ਬਾਬਿਆਂ ਦੀ ਲੋਕ ਪੱਖੀ ਅਤੇ ਧਰਮ ਨਿਰਪੱਖ ਸੋਚ ਤੇ ਹਮੇਸ਼ਾ ਤੁਰਦੇ ਰਹਿਣ ਦਾ ਅਹਿਦ ਦੁਹਰਾਇਆ।

# "ਪੰਜਾਬੀ ਜਿਥੇ ਵੀ ਵੱਸੇ ਉਥੇ ਘਰ ਅਤੇ ਗੁਰਦੁਆਰਾ ਜ਼ਰੂਰ ਬਣਾਇਆ"



**ਸਿਆਟਲ ਦਾ ਪੰਜਾਬੀ ਭਾਈਚਾਰਾ ਹਰਦੀਪ ਸਿੰਘ ਗਿੱਲ ਨੂੰ ਗ੍ਰਹਿ ਪ੍ਰਵੇਸ਼ ਦੀਆਂ ਸ਼ੁਭ ਇਛਾਵਾਂ ਦੇਣ ਮੌਕੇ ਸੁਖ-ਸ਼ਾਂਤੀ ਲਈ ਕਾਮਨਾ ਕਰਦਾ ਹੋਇਆ।**

**ਸਿਆਟਲ/ਗੁਰਚਰਨ ਸਿੰਘ ਢਿਲੋ :** ਮੋਗੇ ਦੇ ਪਿੰਡ ਰਾਮੂਵਾਲੀਆ ਦੇ ਜੰਮਪਲ ਅਤੇ ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਖਜ਼ਾਨਚੀ ਰਹੇ ਹਰਦੀਪ ਸਿੰਘ ਗਿੱਲ ਨੇ ਆਪਣੇ ਗ੍ਰਹਿ ਪ੍ਰਵੇਸ਼ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਅਤੇ ਕੀਰਤਨ ਕਰਵਾ ਕੇ ਗੁਰੂ ਮਹਾਰਾਜ ਅੱਗੇ ਪਰਿਵਾਰਕ ਸੁੱਖ-ਸ਼ਾਂਤੀ ਦੀ ਅਰਦਾਸ ਕੀਤੀ। ਇਸ ਮੌਕੇ ਸਿਆਟਲ ਦੇ ਬੁਲਾਰੇ ਗੁਰਦੀਪ ਸਿੰਘ ਸਿੱਧੂ ਨੇ ਆਪਣੇ ਭਾਸ਼ਣ ਵਿਚ ਦੱਸਿਆ ਕਿ ਪੰਜਾਬੀਆਂ ਨੇ ਸੰਸਾਰ ਵਿਚ ਵੱਖਰੀ ਹੀ ਪਹਿਚਾਣ ਬਣਾਈ ਹੈ। ਪੰਜਾਬੀ ਜਿਥੇ ਵੀ ਵੱਸੇ, ਉਥੇ ਉਨ੍ਹਾਂ ਨੇ ਆਪਣਾ ਘਰ ਅਤੇ ਗੁਰਦੁਆਰਾ ਬਣਾਉਣ ਦਾ ਉਪਰਾਲਾ ਕੀਤਾ ਹੈ। ਇਸ ਮੌਕੇ ਹਰਦੀਪ ਸਿੰਘ ਗਿੱਲ ਦੇ ਪਰਿਵਾਰ ਨੇ ਲੰਗਰ ਦੀ ਸੇਵਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਨਿਭਾਈ। ਉਹਨਾਂ ਨੇ ਬੌਥਲ ਗੁਰਦੁਆਰਾ ਸਾਹਿਬ ਲਈ 5000 ਡਾਲਰ ਦੀ ਸੇਵਾ ਕਰਾਈ। ਪੰਜਾਬੀ ਭਾਈਚਾਰੇ ਦੇ ਦੋਸਤਾਂ ਮਿੱਤਰਾਂ, ਸਨੇਹੀਆਂ ਅਤੇ ਰਿਸ਼ਤੇਦਾਰਾਂ ਨੇ ਪਹੁੰਚ ਕੇ ਪਰਿਵਾਰ ਨੂੰ ਸ਼ੁਭ ਇਛਾਵਾਂ ਦਿੱਤੀਆਂ ਅਤੇ ਨਵੇਂ ਗ੍ਰਹਿ ਪ੍ਰਵੇਸ਼ ਮੌਕੇ ਸੁਖ-ਸ਼ਾਂਤੀ ਅਤੇ ਤੰਦਰੁਸਤੀ ਲਈ ਅਰਦਾਸ ਕੀਤੀ।

# 'ਭਗਤ ਪੂਰਨ ਸਿੰਘ' ਗੀਤ ਦਾ ਪੋਸਟਰ ਡਾ. ਇੰਦਰਜੀਤ ਕੌਰ ਪਿੰਗਲਵਾੜਾ ਵੱਲੋਂ ਲੋਕ ਅਰਪਣ

**ਸ੍ਰੀ ਅੰਮ੍ਰਿਤਸਰ ਸਾਹਿਬ/ਬਿਊਰੋ ਨਿਊਜ਼ :** "ਬਹੁਤ ਵਿਰਲੇ ਇਨਸਾਨ ਹੁੰਦੇ ਹਨ ਜੋ ਆਪਣੀਆਂ ਖਾਹਿਸ਼ਾਂ, ਇੱਛਾਵਾਂ, ਲੋੜਾਂ ਨਾਲੋਂ ਲੋਕਾਈ ਦੇ ਦੁੱਖ ਦਰਦ ਨੂੰ ਪਹਿਲ ਦਿੰਦੇ ਹਨ। ਭਗਤ ਪੂਰਨ ਸਿੰਘ ਜੀ ਅਜਿਹੀ ਹੀ ਨੇਕ ਰੂਹ ਸਨ, ਜਿਹਨਾਂ ਨੇ ਮਾਨਵਤਾ ਦੀ ਨਿਸ਼ਕਾਮ ਸੇਵਾ ਕਰਦਿਆਂ ਰਾਮਜੀ ਦਾਸ ਤੋਂ ਪੂਰਨ ਸਿੰਘ ਹੋਣ ਦਾ ਸਫ਼ਰ ਤੈਅ ਕੀਤਾ। ਸਾਨੂੰ ਆਪਣੇ ਬੱਚਿਆਂ ਨੂੰ ਉਹਨਾਂ ਦੀ ਜੀਵਨ ਘਾਲਣਾ ਬਾਰੇ ਜਰੂਰ ਜਾਣੂੰ ਕਰਵਾਉਣਾ ਚਾਹੀਦਾ ਹੈ ਤਾਂ ਜੋ ਉਹਨਾਂ ਦੇ ਮਨਾਂ ਵਿੱਚ ਮਾਨਵਤਾ ਦੀ ਸੇਵਾ, ਵਾਤਾਵਰਣ ਦੀ ਸੰਭਾਲ, ਪੁਸਤਕ ਸੱਭਿਆਚਾਰ ਨਾਲ ਜੁੜਨ ਵਰਗੇ ਸਦਗੁਣ ਪੈਦਾ ਕੀਤੇ ਜਾ ਸਕਣ।"



ਉਕਤ ਵਿਚਾਰਾਂ ਦਾ ਪ੍ਰਗਟਾਵਾ ਪਿੰਗਲਵਾੜਾ ਚੈਰੀਟੇਬਲ ਸੰਸਥਾ ਦੇ ਮੁੱਖ ਸੇਵਾਦਾਰ ਡਾ: ਇੰਦਰਜੀਤ ਕੌਰ ਜੀ ਨੇ ਭਗਤ ਪੂਰਨ ਸਿੰਘ ਜੀ ਨੂੰ ਸਮਰਪਿਤ ਗੀਤ "ਭਗਤ ਪੂਰਨ ਸਿੰਘ" ਦਾ ਪੋਸਟਰ ਲੋਕ ਅਰਪਣ ਕਰਨ ਦੀ ਰਸਮ ਅਦਾ ਕਰਦਿਆਂ ਕੀਤਾ। ਜ਼ਿਕਰਯੋਗ ਹੈ ਕਿ ਐੱਮ ਪੀ 4 ਰਿਕਾਰਡਜ਼ ਅਤੇ ਮਨਜਿੰਦਰ ਗਿੱਲ ਮੰਜ (ਦੁਬਈ) ਦੀ ਪੇਸ਼ਕਸ ਇਸ ਗੀਤ ਨੂੰ ਸ਼ਬਦਾਂ ਦੀ ਲੜੀ 'ਚ ਮਨਦੀਪ ਖੁਰਮੀ ਹਿੰਮਤਪੁਰਾ ਨੇ ਪ੍ਰੋਇਆ ਹੈ ਤੇ ਆਵਾਜ਼ ਦਿੱਤੀ ਹੈ ਗਾਇਕ ਚਰਨਜੀਤ ਖੈੜੀਆ ਨੇ। ਸੁਲਝੇ ਸੰਗੀਤਕਾਰ ਨਿੰਮਾ ਵਿਰਕ ਦੀਆਂ ਧੁਨਾਂ ਨਾਲ ਸ਼ਿੰਗਾਰੇ ਇਸ ਗੀਤ ਦੇ ਵੀਡੀਓ ਨਿਰਦੇਸ਼ਕ ਦੇ ਫਰਜ਼ ਕ੍ਰਿਏਟਿਵ ਕ੍ਰਿਊ ਦੇ ਸੋਨੀ ਠੁੱਲੇਵਾਲ ਅਤੇ ਨਵੀਨ ਜੇਠੀ ਨੇ ਅਦਾ ਕੀਤੇ ਹਨ। ਪਿੰਗਲਵਾੜਾ ਸੰਸਥਾ ਦੇ ਵਿਹੜੇ ਵਿਚ ਸਕੂਲੀ ਬੱਚਿਆਂ ਨੇ ਇਸ ਗੀਤ ਦੀ ਵੀਡੀਓ ਵਿੱਚ ਅਦਾਕਾਰਾਂ ਵਜੋਂ ਵਡਮੁੱਲਾ ਸਾਥ ਦੇ ਕੇ ਇਹ ਸੰਦੇਸ਼ ਦਿੱਤਾ ਹੈ ਕਿ ਜ਼ਿੰਦਗੀ ਵਿਚ ਹਰ ਸੁਖ ਸਹੂਲਤ ਮਾਣਦੇ ਹੋਣ ਦੇ ਬਾਵਜੂਦ ਜ਼ਿੰਦਗੀ ਨਾਲ ਸਿਕਵੇ ਸ਼ਿਕਾਇਤਾਂ ਕਰਨ ਨਾਲੋਂ ਹਾਲਾਤ ਨਾਲ ਜੰਗ ਲੜਨੀ ਹੀ ਜਿੰਦਾਦਿਲ ਹੋਣ ਦਾ ਅਸਲ ਸਬੂਤ ਹੈ।

ਜ਼ਿਕਰਯੋਗ ਹੈ ਕਿ ਭਗਤ ਪੂਰਨ ਸਿੰਘ ਜੀ ਦੀ ਸਾਲਾਨਾ ਬਰਸੀ ਮੌਕੇ 2 ਅਗਸਤ ਨੂੰ ਪਿੰਗਲਵਾੜਾ ਦੇ ਸਕੂਲੀ ਬੱਚਿਆਂ ਦੀ ਪੇਸ਼ਕਾਰੀ ਮੌਕੇ ਇਹ ਗੀਤ ਲੋਕ ਅਰਪਣ ਕੀਤਾ ਜਾਵੇਗਾ। ਡਾ: ਇੰਦਰਜੀਤ ਕੌਰ ਜੀ ਨੇ ਇਸ ਗੀਤ ਨਾਲ ਜੁੜੇ ਹਰ ਸਖ਼ਸ਼ ਨੂੰ ਵਧਾਈ ਦੇਣ ਦੇ ਨਾਲ-ਨਾਲ ਸ਼ਾਬਾਸ਼ ਵੀ ਦਿੱਤੀ।


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਸਟੇਟ ਆਫ਼ ਕਨੈਕਟੀਕਟ 1 ਨਵੰਬਰ ਨੂੰ ਸਿੱਖ ਜੈਨੋਸਾਈਡ ਰਿਮੈਂਬਰੈਂਸ ਡੇਅ ਮਨਾਏਗੀ : ਸਵਰਨਜੀਤ ਸਿੰਘ ਖਾਲਸਾ

**ਵਰਲਡ ਸਿੱਖ ਪਾਰਲੀਮੈਂਟ ਵੱਲੋਂ ਇਸ ਕਾਰਜ 'ਤੇ ਤਸੱਲੀ ਦਾ ਪ੍ਰਗਟਾਵਾ**

**ਨਿਊਯਾਰਕ/ਬਿਊਰੋ ਨਿਊਜ਼ :**
ਸਵਰਨਜੀਤ ਸਿੰਘ ਖਾਲਸਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਮੈਂਬਰ ਡਿਪਾਰਟਮੈਂਟ ਆਫ ਜਸਟਿਸ ਅਤੇ ਪਲੈਨਿੰਗ ਬੋਰਡ ਕਨੈਕਟੀਕਟ ਅਤੇ ਮੈਂਬਰ ਸਿੱਖ ਪਾਰਲੀਮੈਂਟ ਨੇ ਦੱਸਿਆ ਕਿ ਸਟੇਟ ਆਫ ਕਨੈਕਟੀਕਟ ਨਵੰਬਰ 1 ਨੂੰ ਸਿੱਖ ਜੈਨੋਸਾਈਡ ਰਿਮੈਂਬਰੈਂਸ ਡੇਅ ਮਨਾਏਗੀ। ਇਸ ਬਾਬਤ ਬਿੱਲ ਨੰਬਰ 489 ਕੈਥੀ ਹੋਸਟਨ ਜਨਰਲ ਅਸੈਂਬਲੀ ਮੈਂਬਰ, ਸਟੇਟ ਰੈਪ ਕੇਬਿਨ ਰਾਇਨ ਨੇ ਦਰਜ ਕਰਾਇਆ। ਸਵਰਨਜੀਤ ਸਿੰਘ ਖਾਲਸਾ ਦਾ ਕਹਿਣਾ ਸੀ ਕਿ ਸੈਨੇਟਰ ਨੇ ਉਨ੍ਹਾਂ ਨੂੰ ਪਿਛਲੇ ਦਿਨੀਂ ਦੱਸਿਆ ਸੀ ਕਿ ਆਉਣ ਵਾਲੇ ਸਮੇਂ ਦੌਰਾਨ ਨਵੰਬਰ ਦਾ ਮਹੀਨਾ ਸਿੱਖ ਜੈਨੋਸਾਈਡ ਅਵੇਅਰਨੈੱਸ ਡੇਅ ਵਜੋਂ ਮਨਾਇਆ ਜਾਏਗਾ। ਸਰਕਾਰੀ ਹੁਕਮਾਂ ਅਨੁਸਾਰ ਸਿੱਖ ਜੈਨੋਸਾਈਡ ਸਕੂਲਾਂ ਵਿਚ ਵੀ ਪੜ੍ਹਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਤੇ ਉਨ੍ਹਾਂ ਦੇ ਸਾਥੀਆਂ ਨੇ 8 ਸਾਲ ਇਸ ਸਬੰਧ ਵਿਚ ਖਾਲਸਾ ਪੰਥ ਦੇ ਸਹਿਯੋਗ ਨਾਲ ਸੰਘਰਸ਼ ਕੀਤਾ। ਇਸ ਤੋਂ ਪਹਿਲਾਂ ਵਿਸਾਖੀ ਨੂੰ ਵੀ ਨੈਸ਼ਨਲ ਸਿੱਖ ਡੇਅ ਵਜੋਂ ਮਾਨਤਾ ਦਿਵਾਈ। 2017 ਦੌਰਾਨ ਸਟੇਟ ਜਨਰਲ ਅਸੈਂਬਲੀ ਵਿਚ ਸਿੱਖ ਨਸਲਕੁਸ਼ੀ ਨਵੰਬਰ-84 ਬਾਰੇ ਮਤਾ ਪਾਸ ਕਰ ਦਿੱਤਾ ਗਿਆ ਸੀ, ਹੁਣ ਲਾਅ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਦਿਵਸ ਗਵਰਨਰ ਵਲੋਂ ਮਨਾਇਆ ਜਾਵੇਗਾ ਤੇ ਅੱਗੋਂ ਇਸ ਬਾਰੇ ਮੁਹਿੰਮ ਖੜੀ ਕਰਕੇ ਪੂਰੇ ਅਮਰੀਕਾ ਦੇ ਵਿਚ ਇਸ ਨੂੰ ਮਾਨਤਾ ਦਿਵਾਂਵਾਗੇ। ਉਨ੍ਹਾਂ ਕਿਹਾ ਕਿ ਇਹੋ ਜਿਹਾ ਮਤਾ ਓਂਟਾਰੀਓ (ਕੈਨੇਡਾ) ਵਿਚ ਪਾਇਆ ਗਿਆ ਸੀ ਤੇ ਸ. ਜਗਮੀਤ ਸਿੰਘ ਪ੍ਰਧਾਨ ਨਿਊ ਡੈਮੋਕ੍ਰੇਟਿਕ ਪਾਰਟੀ ਨੇ ਇਹ ਭੂਮਿਕਾ ਨਿਭਾਈ ਸੀ। ਉਨ੍ਹਾਂ ਨੂੰ ਇਸ ਸਬੰਧ ਵਿਚ ਤਿੰਨ ਸਾਲ ਲੱਗ ਗਏ ਸਨ। ਉਨ੍ਹਾਂ ਕਿਹਾ ਕਿ ਸਾਡਾ ਕੋਈ ਵੀ ਮੈਂਬਰ ਅਸੈਂਬਲੀ ਵਿਚ ਨਹੀਂ ਸੀ ਪਰ ਫਿਰ ਵੀ ਖਾਲਸਾ ਪੰਥ ਦੇ ਸਹਿਯੋਗ ਨਾਲ ਤੇ ਅਮਰੀਕਨ ਐਮਪੀਜ਼ ਨੂੰ ਪ੍ਰਭਾਵਿਤ ਕਰਕੇ ਇਹ ਇਤਿਹਾਸਕ ਕਾਰਜ ਕਰਵਾਇਆ ਗਿਆ। ਇਸ ਸਬੰਧੀ ਸਰਕਾਰੀ ਕਮਿਸ਼ਨ ਬੈਠਾ ਸੀ, ਜਿਸ ਨੇ ਤੈਅ ਕਰਨਾ ਸੀ ਕਿ ਇਹ ਮਤਾ ਪਾਸ ਹੋਣਾ ਚਾਹੀਦਾ ਹੈ ਜਾਂ ਨਹੀਂ। ਅਸੀਂ ਇਸ ਸਬੰਧ ਵਿਚ ਉਨ੍ਹਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਇਹ ਨਸਲਕੁਸ਼ੀ ਕਾਂਗਰਸ ਸਰਕਾਰ ਵਲੋਂ ਕੀਤੀ ਗਈ ਹੈ ਤੇ ਇਹ ਹਿੰਦੂ-ਸਿੱਖ ਦੰਗੇ ਨਹੀਂ ਸਨ। 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ 6 ਨਵੰਬਰ 1984 ਤੱਕ ਦਿੱਲੀ ਸਮੇਤ ਦੇਸ਼ ਦੇ 18 ਸੂਬਿਆਂ ਦੇ 110 ਦੇ ਲਗਪਗ ਸ਼ਹਿਰਾਂ ਵਿਚ ਅੰਕੜਿਆਂ



ਅਨੁਸਾਰ 7000 ਤੋਂ ਵਧੇਰੇ ਸਿੱਖਾਂ ਨੂੰ ਜਿਊਂਦੇ ਸਾੜਿਆ ਗਿਆ। ਕਰੋੜਾਂ ਦੀ ਸੰਪਤੀ ਲੁੱਟੀ ਤੇ ਸਾੜ ਦਿੱਤੀ ਗਈ। ਇਕ ਦਰਜਨ ਦੇ ਕਰੀਬ ਜਾਂਚ ਕਮਿਸ਼ਨ, 3600 ਤੋਂ ਵਧੇਰੇ ਗਵਾਹ, 33 ਸਾਲ ਦਾ ਵਕਫ਼ਾ ਤੇ ਅਦਾਲਤਾਂ ਵੀ ਇਨਸਾਫ਼ ਨਾ ਕਰ ਸਕੀਆਂ। ਦਿੱਲੀ ਵਿਚ ਹੋਏ 2733 ਕਤਲਾਂ (ਸਰਕਾਰੀ ਰਿਕਾਰਡ ਅਨੁਸਾਰ) ਵਿਚੋਂ ਸਿਰਫ਼ 11 ਕੁ ਮਾਮਲਿਆਂ ਵਿਚ 30 ਵਿਅਕਤੀਆਂ ਨੂੰ ਹੀ ਉਮਰ ਕੈਦ ਦੀ ਸਜ਼ਾ ਹੋਈ, ਜਿਨ੍ਹਾਂ ਵਿਚ ਕਤਲੇਆਮ ਦੇ ਕਿਸੇ ਵੀ ਮੁੱਖ ਸਾਜ਼ਿਸ਼ਕਾਰ ਨੂੰ ਸਜ਼ਾ ਨਹੀਂ ਮਿਲੀ। ਸੰਨ 1990 ਵਿਚ ਬਣੀ ਜੈਨ-ਅਗਰਵਾਲ ਕਮੇਟੀ ਨੇ ਕਾਂਗਰਸੀ ਆਗੂ ਐਚਕੇਐਲ. ਭਗਤ, ਸੱਜਣ ਕੁਮਾਰ, ਧਰਮ ਦਾਸ ਸ਼ਾਸਤਰੀ ਅਤੇ ਟਾਈਟਲਰ ਦੇ ਖਿਲਾਫ਼ ਕੇਸ ਦਰਜ ਕਰਨ ਦੀ ਸਿਫ਼ਾਰਿਸ਼ ਕੀਤੀ ਸੀ। ਸਭ ਤੋਂ ਅਖ਼ੀਰਲਾ ਕਮਿਸ਼ਨ 'ਨਾਨਾਵਤੀ ਕਮਿਸ਼ਨ' ਸੀ, ਜਿਸ ਦੇ ਮੁਖੀ ਜਸਟਿਸ ਜੀ.ਟੀ. ਨਾਨਾਵਤੀ ਸਨ। ਇਸ ਕਮਿਸ਼ਨ ਦੀ 185 ਸਫ਼ਿਆਂ ਦੀ ਰਿਪੋਰਟ 9 ਫ਼ਰਵਰੀ 2005 ਨੂੰ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਨੂੰ ਦਿੱਤੀ ਗਈ ਅਤੇ 8 ਅਗਸਤ 2005 ਨੂੰ ਸੰਸਦ ਵਿਚ ਪੇਸ਼ ਕੀਤੀ ਗਈ। ਇਸ ਕਮਿਸ਼ਨ ਦਾ ਦੁਖਾਂਤ ਇਹ ਰਿਹਾ ਕਿ ਇਸ ਦਾ ਗਠਨ ਵਾਜਪਾਈ ਦੀ ਅਗਵਾਈ ਵਾਲੀ ਸਰਕਾਰ ਨੇ 8 ਮਈ 2000 ਨੂੰ ਰਾਜ ਸਭਾ ਦੇ ਇਕ ਸਰਬਸੰਮਤੀ ਵਾਲੇ ਫ਼ੈਸਲੇ ਨਾਲ ਕੀਤਾ ਸੀ ਪਰ ਜਦੋਂ ਇਸ ਦੀ ਰਿਪੋਰਟ ਪੇਸ਼ ਹੋਈ ਸੀ ਤਾਂ ਉਸ ਵੇਲੇ ਕੇਂਦਰ ਵਿਚ ਕਾਂਗਰਸ ਸਰਕਾਰ ਬਣ ਚੁੱਕੀ ਸੀ। ਕਮਿਸ਼ਨ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ, ਸੱਜਣ ਕੁਮਾਰ ਤੇ ਐਚਕੇਐਲ. ਭਗਤ ਖਿਲਾਫ਼ ਹਿੰਸਾ ਭੜਕਾਉਣ ਦੇ ਪੁਖਤਾ ਸਬੂਤ ਹੋਣ ਦਾ ਦਾਅਵਾ ਕੀਤਾ ਸੀ। ਇਸ ਦੇ ਨਾਲ ਹੀ ਇਸ ਕਮਿਸ਼ਨ ਨੇ ਦਿੱਲੀ ਪੁਲਿਸ ਦੇ ਤਤਕਾਲੀ ਕਮਿਸ਼ਨਰ ਐਸਸੀ. ਟੰਡਨ ਨੂੰ ਕਤਲੇਆਮ ਲਈ ਜ਼ਿੰਮੇਵਾਰ ਠਹਿਰਾਇਆ ਸੀ। ਇਸ ਦੇ ਬਾਵਜੂਦ ਅੱਜ ਤੱਕ ਦੋਸ਼ੀਆਂ ਨੂੰ ਨਿਆਂਪਾਲਿਕਾ ਦੇ ਕਟਹਿਰੇ ਵਿਚ ਖੜ੍ਹਾ ਕਰਕੇ ਸਜ਼ਾਵਾਂ ਦੇਣ ਦੀ ਥਾਂ ਕਾਂਗਰਸ ਸਰਕਾਰ ਨੇ ਦੋਸ਼ੀਆਂ ਦੀ ਪੁਸ਼ਤਪਨਾਹੀ ਹੀ ਕੀਤੀ ਹੈ। ਸੰਨ 2014 ਦੌਰਾਨ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਬਣਨ ਤੋਂ ਬਾਅਦ 12 ਫ਼ਰਵਰੀ 2015 ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਸੰਬੰਧੀ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਸੀ, ਜਿਸ ਵਿਚ ਸਾਬਕਾ ਆਈਪੀਐਸ. ਅਧਿਕਾਰੀ ਪ੍ਰਮੋਦ ਅਸਥਾਨਾ, ਦਿੱਲੀ ਪੁਲਿਸ ਦੇ ਏਡੀਸੀ. ਕੁਮਾਰ ਗਿਆਨੇਸ਼ ਤੇ ਸਾਬਕਾ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਕੇਸ਼ ਕਪੂਰ ਸ਼ਾਮਲ ਹਨ। ਇਸ ਟੀਮ ਨੂੰ ਛੇ ਮਹੀਨੇ ਦੇ ਅੰਦਰ ਆਪਣੀ ਰਿਪੋਰਟ ਸਰਕਾਰ ਨੂੰ ਸੌਂਪਣ ਲਈ ਆਖਿਆ ਗਿਆ ਸੀ ਪਰ ਹੁਣ ਤੱਕ ਇਸ ਦੀ ਜਾਂਚ ਮੁਕੰਮਲ ਨਹੀਂ ਹੋ ਸਕੀ।

ਇਸ ਮੌਕੇ ਹਿੰਮਤ ਸਿੰਘ ਨਿਊਯਾਰਕ, ਗੁਰਨਿੰਦਰ ਸਿੰਘ ਧਾਲੀਵਾਲ, ਕੁਲਵੰਤ ਸਿੰਘ, ਮਨਮੋਹਨ ਸਿੰਘ ਘੁਰਾੜਾ, ਮਨਿੰਦਰ ਸਿੰਘ ਅਰੋੜਾ, ਬਲਵਿੰਦਰ ਸਿੰਘ ਦੁਆਬਾ ਸਿੱਖ ਐਸੋਸੀਏਸ਼ਨ,ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ, ਵਰਲਡ ਸਿੱਖ ਪਾਰਲੀਮੈਂਟ, ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਇਸ ਮਤੇ ਦੀ ਪੂਰਨ ਸ਼ਲਾਘਾ ਕੀਤੀ। ਇਸ ਮੌਕੇ ਭਾਰਤ ਤੋਂ ਸਿੱਖ ਸੇਵਕ ਸੁਸਾਇਟੀ ਦੇ ਸੂਬਾ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ, ਬ੍ਰਿਟਿਸ਼ ਸਿੱਖ ਕੌਂਸਲ ਦੇ ਤਰਸੇਮ ਸਿੰਘ ਦਿਓਲ ਨੇ ਅਮਰੀਕਾ ਸਰਕਾਰ ਦਾ ਧੰਨਵਾਦ ਕੀਤਾ ਤੇ ਪ੍ਰਵਾਸੀ ਖਾਲਸਾ ਜੀ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਸਵਰਨਜੀਤ ਸਿੰਘ ਦੀਆਂ ਪੰਥਕ ਸੇਵਾਵਾਂ ਸ਼ਲਾਘਾਯੋਗ ਹਨ।

## ਜੇਲ੍ਹ ਤੋਂ ਡੇਰਾ ਚਲਾ ਰਿਹਾ ਸਾਧ ਰਾਮ ਰਹੀਮ

**ਸਿਰਸਾ/ਬਿਊਰੋ ਨਿਊਜ਼ :** ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ ਵਿਚ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਕੈਦ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਦੇ ਸ਼ਰਧਾਲੂਆਂ ਦੀ ਗਿਣਤੀ ਵਿਚ ਕੋਈ ਕਮੀ ਨਹੀਂ ਆ ਰਹੀ। ਡੇਰਾ ਸੱਚਾ ਸੌਦਾ ਨੇ ਇੱਕ ਵਾਰ ਫਿਰ ਆਪਣੀਆਂ ਗਤੀਵਿਧੀਆਂ ਦੇ ਨਾਲ ਹੀ ਹੋਰ ਸਾਮਾਜਿਕ ਕੰਮ



ਵੀ ਸ਼ੁਰੂ ਕਰ ਦਿੱਤੇ ਹਨ। ਹਰਿਆਣਾ ਵਿਚ ਬੰਦ ਪਏ ਨਾਮ ਚਰਚਾ ਘਰ ਹੌਲੀ-ਹੌਲੀ ਖੁੱਲ੍ਹਣ ਲੱਗੇ ਹਨ ਅਤੇ ਉਨ੍ਹਾਂ ਵਿਚ ਡੇਰਾ ਪ੍ਰੇਮੀਆਂ ਦਾ ਆਉਣਾ ਜਾਣਾ ਲਗਾਤਾਰ ਵਧਣ ਲੱਗਿਆ ਹੈ। ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਜੇਲ੍ਹ ਗਿਆ ਕਰੀਬ ਇਕ ਸਾਲ ਹੋਣ ਵਾਲਾ ਹੈ। ਅਜਿਹੇ ਵਿਚ ਡੇਰਾ ਪ੍ਰੇਮੀਆਂ ਨੂੰ ਉਮੀਦ ਹੈ ਕਿ ਹੋਰ ਕੈਦੀਆਂ ਦੀ ਤਰ੍ਹਾਂ ਉਨ੍ਹਾਂ ਨੂੰ ਵੀ ਵਧੀਆ ਚਾਲ ਚਲਣ ਦੇ ਆਧਾਰ ਉਤੇ ਪੈਰੋਲ ਮਿਲ ਸਕਦੀ ਹੈ। ਡੇਰੇ ਵਿਚ ਹਫਤਾਵਾਰੀ ਤੇ ਮਹੀਨਾਵਾਰ ਸਤਿਸੰਗ ਦੌਰਾਨ ਰਾਮ ਰਹੀਮ ਦੀਆਂ ਪਿਛਲੇ ਸਮੇਂ ਦੌਰਾਨ ਰਿਕਾਰਡ ਕੀਤੀਆਂ ਗਈਆਂ ਵੀਡੀਓ ਸੀਡੀਜ਼ ਚਲਾਈਆਂ ਜਾਂਦੀਆਂ ਹਨ। ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਦੇ ਜੇਲ੍ਹ ਜਾਣ ਬਾਅਦ ਇਹ ਚਰਚਾ ਲਗਾਤਾਰ ਚੱਲ ਰਹੀ ਹੈ ਕਿ ਡੇਰੇ ਦਾ ਅਗਲਾ ਵਾਰਿਸ ਕੌਣ ਹੋਵੇਗਾ? ਇਨ੍ਹਾਂ ਅਟਕਲਾਂ ਉਤੇ ਰੋਕ ਲਗਾਉਂਦੇ ਹੋਏ ਡੇਰਾ ਸੱਚਾ ਸੌਦਾ ਦੀ ਵਾਈਸ ਚੇਅਰਮੈਨ ਸ਼ੋਭਾ ਇੰਸਾ ਨੇ ਦੱਸਿਆ ਕਿ ਗੁਰਮੀਤ ਰਾਮ ਰਹੀਮ ਹੀ ਡੇਰਾ ਸੱਚਾ ਸੌਦਾ ਦੇ ਗੱਦੀ ਨਸ਼ੀਨ ਹਨ ਅਤੇ ਉਹ ਹੀ ਰਹਿਣਗੇ।

# ਸਿੱਧੂ ਨੇ ਬਾਦਲਾਂ ਦੀ 'ਸ਼ਾਹਖਰਚੀ' ਦੇ ਚਿੱਠੇ ਫਰੋਲੇ

### *ਬਾਦਲ ਪਰਿਵਾਰ ਨੇ 10 ਸਾਲ ਦੇ ਰਾਜ ਦੌਰਾਨ ਇਕ ਅਰਬ ਤੋਂ ਵੱਧ ਦੇ ਲਏ ਹਵਾਈ ਝੂਟੇ*

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਸਥਾਨਕ ਸਰਕਾਰਾਂ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਮੰਤਰੀ ਸ. ਨਵਜੋਤ ਸਿੰਘ ਸਿੱਧੂ ਨੇ ਇੱਥੇ ਇਕ ਪੱਤਰਕਾਰ ਸੰਮੇਲਨ ਦੌਰਾਨ ਬਾਦਲ ਸਰਕਾਰ ਸਮੇਂ ਬਾਦਲ ਪਰਿਵਾਰ ਵਲੋਂ ਕੀਤੀਆਂ ਯਾਤਰਾਵਾਂ ਦਾ ਖ਼ੁਲਾਸਾ ਕੀਤਾ। ਸ. ਸਿੱਧੂ ਨੇ ਆਰਟੀਆਈ. ਰਾਹੀਂ ਪ੍ਰਾਪਤ ਜਾਣਕਾਰੀ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਆਪਣੀ ਸਰਕਾਰ ਦੇ ਸਮੇਂ ਦੌਰਾਨ ਬਾਦਲ ਪਰਿਵਾਰ ਨੇ ਆਪਣੀਆਂ ਯਾਤਰਾਵਾਂ 'ਚ ਨਿੱਜੀ ਹੈਲੀਕਾਪਟਰਾਂ ਤੇ ਚਾਰਟਡ ਜਹਾਜ਼ਾਂ 'ਤੇ 121 ਕਰੋੜ ਰੁਪਏ ਖ਼ਰਚੇ ਹਨ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ 10 ਸਾਲਾਂ ਦੇ ਸਮੇਂ ਦੌਰਾਨ ਅਰਬ ਤੋਂ ਉਪਰ ਰੁਪਏ ਖ਼ਰਚ ਕਰਕੇ ਲੋਕਾਂ ਦੇ ਪੈਸੇ ਦੀ ਬਰਬਾਦੀ ਕਰਦੇ ਹੋਏ ਹਵਾਈ ਝੂਟੇ ਲਏ। ਸਿੱਧੂ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਆਪਣੇ 9 ਮਹੀਨਿਆਂ ਦੌਰਾਨ ਆਪਣੀਆਂ ਯਾਤਰਾਵਾਂ 'ਤੇ ਸਿਰਫ਼ 22 ਲੱਖ ਰੁਪਏ ਹੀ ਖ਼ਰਚੇ ਹਨ। ਉਨ੍ਹਾਂ ਕਿਹਾ ਕਿ ਮੈਂ ਇਹ ਵੇਖ ਰਿਹਾ ਹਾਂ ਕਿ ਸਭ ਤੋਂ ਅਮੀਰ ਰਾਜਨੀਤਕ ਜੇ ਕੋਈ ਪਰਿਵਾਰ ਹੈ ਤਾਂ ਉਹ ਬਾਦਲ ਪਰਿਵਾਰ ਹੈ। ਸ. ਸਿੱਧੂ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਮੰਤਰੀ ਆਪਣਾ ਆਮਦਨ ਕਰ ਖ਼ੁਦ ਭਰ ਰਹੇ ਹਨ ਤੇ ਸਾਡੀ ਸਰਕਾਰ 'ਚ ਕੋਈ ਵੀਵੀਆਈਪੀ. ਕਲਚਰ ਨਹੀਂ ਹੈ, ਜਦਕਿ ਸ. ਬਾਦਲ ਹੁਰਾਂ ਨੇ ਆਪਣੇ ਛੋਟੇ ਛੋਟੇ ਟੀਏ. ਬਿੱਲਾਂ ਦੀ ਵੀ ਅਦਾਇਗੀ ਲਈ ਹੈ। ਇਸ ਮੌਕੇ 'ਤੇ ਸ. ਸਿੱਧੂ ਨਾਲ ਹਾਜ਼ਰ ਰਹੇ ਪੰਜਾਬ ਕਾਂਗਰਸ ਦੇ ਵਿਧਾਇਕ ਸੰਗਤ ਸਿੰਘ ਗਿਲਜ਼ੀਆ ਦੇ ਪੁੱਤਰ ਦਿਲਜੀਤ ਸਿੰਘ ਗਿਲਜ਼ੀਆ ਨੇ ਸੰਨ 2012 ਦਾ ਇਕ ਟੀਏ. ਦਾ ਬਿੱਲ ਜੋ 7,97,354 ਰੁਪਏ ਦੇ



ਟਿਕਟਾਂ ਦਾ ਹੈ, ਵੀ ਦਿਖਾਇਆ। ਸ. ਸਿੱਧੂ ਨੇ ਇਸ ਮੌਕੇ 'ਤੇ ਕਿਹਾ ਕਿ ਅਜੇ ਤਾਂ ਬਾਦਲ ਪਰਿਵਾਰ ਦੇ ਹਵਾਈ ਝੂਟਿਆਂ ਦਾ ਹੀ ਖ਼ੁਲਾਸਾ ਕੀਤਾ ਹੈ

ਅਤੇ ਅਜੇ ਹੋਰ 5 ਹਿੱਸਿਆਂ 'ਚ ਵਾਰੀ ਵਾਰੀ ਅਗਾਮੀ ਦਿਨਾਂ 'ਚ ਹੋਰ ਖ਼ੁਲਾਸੇ ਕੀਤੇ ਜਾਣਗੇ, ਜਿਸ ਤੋਂ ਇਹ ਗੱਲ ਲੋਕਾਂ ਸਾਹਮਣੇ ਲਿਆਂਦੀ ਜਾਵੇਗੀ ਕਿ ਜਨਤਾ ਦੇ ਪੈਸਿਆਂ ਨੂੰ ਕਿਸ ਤਰ੍ਹਾਂ ਬਰਬਾਦ ਕੀਤਾ ਗਿਆ। ਸ. ਸਿੱਧੂ ਨੇ ਕਿਹਾ ਕਿ ਕੈਗ ਨੇ ਵੀ ਆਪਣੀ ਰਿਪੋਰਟ 'ਚ ਸਰਕਾਰੀ ਜਹਾਜ਼ ਖਰੀਦੇ ਜਾਣ 'ਤੇ ਕਈ ਤਰ੍ਹਾਂ ਦੇ ਸਵਾਲ ਉਠਾਏ ਹਨ ਕਿ ਉਸ 'ਚ ਵੀ ਨਿਯਮਾਂ ਦੀ ਅਣਦੇਖੀ ਕੀਤੀ ਗਈ ਹੈ। ਇਸ ਮੌਕੇ ਸਿੱਧੂ ਨੇ ਕੈਪਟਨ ਅਮਰਿੰਦਰ ਸਿੰਘ ਤੇ ਮਨਪ੍ਰੀਤ ਸਿੰਘ ਬਾਦਲ ਤੋਂ ਇਨ੍ਹਾਂ ਯਾਤਰਾਵਾਂ ਬਾਰੇ ਜਾਂਚ ਦੀ ਮੰਗ ਕੀਤੀ।

ਉਧਰ ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਅਕਾਲੀ-ਭਾਜਪਾ ਸਰਕਾਰ ਤੇ ਕਾਂਗਰਸ ਸਰਕਾਰ ਦੋਵਾਂ ਦੇ ਹਵਾਈ ਯਾਤਰਾ ਖ਼ਰਚਿਆਂ ਦੀ ਤੁਲਨਾ ਕਰਦੇ ਸਮੇਂ ਸ਼ਰੇਆਮ ਝੂਠ ਬੋਲ ਰਿਹਾ ਹੈ। ਇੱਥੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਸਿੱਧੂ ਕਾਂਗਰਸੀ ਹਕੂਮਤ ਦੇ ਪਿਛਲੇ 9 ਮਹੀਨਿਆਂ ਦੌਰਾਨ ਹਵਾਈ ਯਾਤਰਾ 'ਤੇ ਹੋਏ ਘੱਟ ਖ਼ਰਚੇ ਦਰਸਾਉਣ ਲਈ ਬੜੇ ਹੀ ਹਾਸੋਹੀਣੇ ਅੰਕੜੇ ਸਾਹਮਣੇ ਲੈ ਕੇ ਆਇਆ ਹੈ ਜਦਕਿ ਸਚਾਈ ਇਹ ਹੈ ਕਿ ਚਾਹੇ ਹੈਲੀਕਾਪਟਰ ਉਡਾਣ ਭਰੇ ਜਾਂ ਨਾ, ਪਾਇਲਟ ਤੇ ਇੰਜਨੀਅਰਾਂ ਦੀਆਂ ਤਨਖ਼ਾਹਾਂ ਦਾ ਖ਼ਰਚਾ ਹੀ ਸਾਲਾਨਾ 3 ਕਰੋੜ ਰੁਪਏ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜਦ 20 ਤੋਂ 25 ਲੱਖ ਰੁਪਏ ਪਾਇਲਟ ਤੇ ਇੰਜਨੀਅਰਾਂ ਦੀਆਂ ਤਨਖ਼ਾਹਾਂ 'ਤੇ ਖ਼ਰਚ ਹੁੰਦੇ ਹਨ ਤਾਂ ਉਹ ਆਪਣੇ ਵਲੋਂ ਪੇਸ਼ ਕੀਤੇ ਅੰਕੜਿਆਂ ਨੂੰ ਕਿਵੇਂ ਸਹੀ ਠਹਿਰਾ ਸਕਦਾ ਹੈ? ਇਹ ਸਿਆਸੀ ਬੇਈਮਾਨੀ ਦੀ ਹੀ ਇਕ ਮਿਸਾਲ ਹੈ, ਜਿਸ ਵਾਸਤੇ ਨਵਜੋਤ ਸਿੰਘ ਸਿੱਧੂ ਮਸ਼ਹੂਰ ਹੈ।


CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਨਵੰਬਰ '84 ਕਤਲੇਆਮ 'ਚ ਮੋਦੀ ਸਰਕਾਰ ਵਲੋਂ ਢਿੱਲਮੱਠ

- **186 ਕੇਸਾਂ ਦੀ ਨਵੇਂ ਸਿਰਿਓਂ ਪੜਤਾਲ ਅਜੇ ਸ਼ੁਰੂ ਹੀ ਨਹੀਂ ਹੋਈ**
- **ਕੇਸਾਂ ਦੀ ਪੜਤਾਲ ਸੁਪਰੀਮ ਕੋਰਟ ਵੱਲੋਂ ਕਾਇਮ ਵਿਸ਼ੇਸ਼ ਜਾਂਚ ਟੀਮ ਨੇ ਕਰਨੀ ਸੀ**
- **1 ਅਗਸਤ ਨੂੰ ਸੁਪਰੀਮ ਕੋਰਟ 'ਚ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਸੀ**

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਸਾਲ 1984 ਦੇ ਕਤਲੇਆਮ ਪੀੜਤਾਂ ਅਤੇ ਉਨ੍ਹਾਂ ਵਾਸਤੇ ਨਿਆਂ ਲਈ ਜੂਝ ਰਹੀਆਂ ਪੰਥਕ ਧਿਰਾਂ ਲਈ ਇਹ ਖ਼ਬਰ ਸੱਚਮੁੱਚ ਦੁਖਦਾਈ ਹੈ ਕਿ ਕਤਲੇਆਮ ਨਾਲ ਜੁੜੇ 186 ਕੇਸਾਂ ਦੀ ਨਵੇਂ ਸਿਰਿਓਂ ਪੜਤਾਲ ਅਜੇ ਸ਼ੁਰੂ ਹੀ ਨਹੀਂ ਹੋਈ। ਇਹ ਪੜਤਾਲ ਸੁਪਰੀਮ ਕੋਰਟ ਵੱਲੋਂ ਕਾਇਮ ਵਿਸ਼ੇਸ਼ ਜਾਂਚ ਟੀਮ ਨੇ ਕਰਨੀ ਸੀ ਤੇ ਇਸ ਨੂੰ ਆਪਣੀ ਪਹਿਲੀ ਰਿਪੋਰਟ ਅਗਸਤ ਤਕ ਦੇਣ ਲਈ ਕਿਹਾ ਗਿਆ ਸੀ। ਪਰ ਕੰਮ ਮੁਕਾਉਣ ਦੀ ਥਾਂ ਸ਼ੁਰੂ ਹੀ ਨਾ ਕਰ ਸਕਣਾ ਇਹ ਪ੍ਰਭਾਵ ਦਿੰਦਾ ਹੈ ਕਿ ਸਰਕਾਰ ਇਨਸਾਫ਼ ਦੇਣ ਲਈ ਚਿੰਤਤ ਨਹੀਂ। ਚੀਫ਼ ਜਸਟਿਸ ਦੀ ਅਗਵਾਈ ਵਾਲੇ ਬੈਂਚ ਵੱਲੋਂ ਕਾਇਮ ਕੀਤੀ ਗਈ ਇਸ ਤਿੰਨ ਮੈਂਬਰੀ ਟੀਮ ਵਿੱਚ ਇੱਕ ਮੈਂਬਰ ਦੀ ਅਣਹੋਂਦ, ਭਾਵੇਂ ਜਾਂਚ ਵਿੱਚ ਢਿੱਲ-ਮੱਠ ਦੀ ਵਜ੍ਹਾ ਦੱਸੀ ਗਈ ਹੈ, ਫਿਰ ਵੀ ਇਹ ਵਰਤਾਰਾ ਅਫ਼ਸੋਸਨਾਕ ਹੈ।

ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਇਹ ਕਤਲੇਆਮ ਅਜਿਹਾ ਕਾਲਾ ਕਾਂਡ ਸੀ ਜਦੋਂ ਸਮੇਂ ਦੀ ਸਰਕਾਰ ਦੀ ਸਰਪ੍ਰਸਤੀ ਹੇਠ ਤਿੰਨ ਹਜ਼ਾਰ ਸਿੱਖਾਂ ਨੂੰ ਕਤਲ ਕੀਤਾ ਗਿਆ ਤੇ ਸੰਪਤੀ ਤਬਾਹ ਕੀਤੀ ਗਈ। ਇਸ ਨਸਲਕੁਸ਼ੀ ਨੂੰ ਲੋਕ ਸਭਾ ਚੋਣਾਂ ਜਿੱਤਣ ਲਈ ਕਾਂਗਰਸ ਵਲੋਂ ਭੁਨਾਇਆ ਗਿਆ ਤੇ ਫਿਰ ਸਰਕਾਰ ਵੱਲੋਂ ਹੀ ਬਣਾਏ ਕਮਿਸ਼ਨਾਂ ਨੇ ਸਬੂਤ ਮਿਟਾਉਣ ਜਾਂ ਉਨ੍ਹਾਂ 'ਤੇ ਪਰਦਾਪੋਸ਼ੀ ਦਾ ਕੰਮ ਕੀਤਾ। ਭਾਜਪਾ ਨੇ ਪਿਛਲੀਆਂ ਲੋਕ ਸਭਾ ਚੋਣਾਂ ਸਮੇਂ ਕਤਲੇਆਮ-ਪੀੜਤਾਂ ਨੂੰ ਨਿਆਂ ਦਿਵਾਉਣਾ ਚੋਣ ਮੁੱਦਾ ਬਣਾਇਆ ਸੀ। ਇਸ ਨੇ 2014 ਵਿੱਚ ਇੱਕ ਆਈਪੀਐੱਸ ਅਫ਼ਸਰ ਪ੍ਰਮੋਦ ਅਸਥਾਨਾ ਦੀ ਅਗਵਾਈ ਹੇਠ 'ਸਿੱਟ' ਕਾਇਮ ਕਰਕੇ 1984 ਦੇ ਕੇਸਾਂ ਦੀ ਮੁੜ ਜਾਂਚ ਦੀ ਜ਼ਿੰਮੇਵਾਰੀ ਉਸ ਨੂੰ ਸੌਂਪੀ ਸੀ ਪਰ ਇਹ 'ਸਿੱਟ' 241 ਕੇਸਾਂ ਨੂੰ ਸਬੂਤਾਂ ਦੀ ਘਾਟ ਦੀ ਬਿਨਾਅ 'ਤੇ ਬੰਦ ਕਰਨ ਦੀ ਸਿਫ਼ਾਰਸ਼ ਕਰ ਗਈ। ਮਾਮਲਾ ਸੁਪਰੀਮ ਕੋਰਟ ਵਿਚ ਪੁੱਜਣ 'ਤੇ ਚੀਫ਼ ਜਸਟਿਸ ਦੀ ਅਗਵਾਈ ਵਾਲੇ ਬੈਂਚ ਨੇ ਦੋ ਜੱਜਾਂ ਦੀ ਕਮੇਟੀ ਬਣਾ ਕੇ ਉਸ ਨੂੰ 241 ਕੇਸ ਮੁੜ ਘੋਖਣ ਦੀ ਜ਼ਿੰਮੇਵਾਰੀ ਸੌਂਪੀ। ਉਸ ਕਮੇਟੀ ਨੇ ਇਨ੍ਹਾਂ ਵਿੱਚੋਂ 186 ਕੇਸ ਮੁੜ ਤਫ਼ਤੀਸ਼ ਦੇ ਯੋਗ ਪਾਏ ਜਿਸ 'ਤੇ ਸੁਪਰੀਮ ਕੋਰਟ ਨੇ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ, ਜਸਟਿਸ ਐੱਸ. ਐੱਨ. ਢੀਂਗਰਾ ਦੀ ਅਗਵਾਈ ਹੇਠ ਤਿੰਨ ਮੈਂਬਰੀ ਨਵੀਂ 'ਸਿੱਟ' ਇਨ੍ਹਾਂ ਕੇਸਾਂ ਦੀ ਮੁੜ ਜਾਂਚ ਲਈ ਕਾਇਮ ਕੀਤੀ। ਜਾਂਚ ਟੀਮ ਲਈ ਚੁਣੇ ਇੱਕ ਸਾਬਕਾ ਪੁਲੀਸ ਅਫ਼ਸਰ ਰਾਜਦੀਪ ਸਿੰਘ ਵੱਲੋਂ ਮੈਂਬਰੀ ਤੋਂ ਜਨਵਰੀ ਵਿੱਚ ਇਨਕਾਰ ਕੀਤੇ ਜਾਣ ਮਗਰੋਂ ਉਨ੍ਹਾਂ ਦੇ ਬਦਲ ਦੀ ਨਿਯੁਕਤੀ ਛੇ ਮਹੀਨੇ ਤਕ ਪਛੜ ਜਾਣ ਵਰਗਾ ਅਮਲ ਸਰਕਾਰੀ ਨਾਅਹਿਲੀਅਤ ਦਰਸਾਉਂਦਾ ਹੈ।



ਮਾਣਹਾਨੀ ਮੁਕੱਦਮੇ ਖ਼ਿਲਾਫ਼ ਪਟੀਸ਼ਨ ਵਾਪਸ ਲਈ : ਨਵੰਬਰ 1984 ਦੇ ਸਿੱਖ ਕਤਲੇਆਮ ਵਿੱਚ ਨਾਮਜ਼ਦ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੇ ਦਿੱਲੀ ਹਾਈ ਕੋਰਟ ਵਿੱਚੋਂ ਉਹ ਪਟੀਸ਼ਨ ਵਾਪਸ ਲੈ ਲਈ ਹੈ, ਜਿਸ ਵਿੱਚ ਉਸ ਨੇ ਖ਼ੁਦ ਨੂੰ ਹੇਠਲੀ ਅਦਾਲਤ ਵੱਲੋਂ ਜਾਰੀ ਹੋਏ ਸੰਮਨਾਂ ਨੂੰ ਚੁਣੌਤੀ ਦਿੱਤੀ ਸੀ।ਇਹ ਸੰਮਨ ਵਕੀਲ ਐਚ.ਐਸ. ਫੂਲਕਾ ਵੱਲੋਂ ਟਾਈਟਲਰ ਖ਼ਿਲਾਫ਼ ਪਾਏ ਗਏ ਮਾਣਹਾਨੀ ਦੇ ਮਾਮਲੇ ਵਿੱਚ ਹੇਠਲੀ ਅਦਾਲਤ ਨੇ ਜਾਰੀ ਕੀਤੇ ਸਨ। ਫੂਲਕਾ ਨੇ ਦੱਸਿਆ ਕਿ ਹੁਣ ਇਸ ਮਾਮਲੇ ਦੀ 17, 18 ਤੇ 19 ਜੁਲਾਈ ਨੂੰ ਮੈਜਿਸਟਰੇਟ ਦੀ ਅਦਾਲਤ ਅੱਗੇ ਲਗਾਤਾਰ ਸੁਣਵਾਈ ਸ਼ੁਰੂ ਹੋਵੇਗੀ। ਜਸਟਿਸ ਆਰ.ਕੇ. ਗਾਉਬਾ ਨੇ ਟਾਈਟਲਰ ਦੇ ਵਕੀਲ ਦੀ ਅਪੀਲ 'ਤੇ ਉਸ ਨੂੰ ਪਟੀਸ਼ਨ ਵਾਪਸ ਲੈਣ ਦੀ ਆਗਿਆ ਦੇ ਦਿੱਤੀ, ਕਿਉਂਕਿ ਟਾਈਟਲਰ ਨੇ ਟਰਾਇਲ ਅਦਾਲਤ ਵਿੱਚ ਕਾਨੂੰਨੀ ਲੜਾਈ ਲੜਨ ਦੀ ਇੱਛਾ ਜ਼ਾਹਰ ਕੀਤੀ ਹੈ।

**ਹਾਈਕੋਰਟ ਦੀ ਸਖ਼ਤ ਟਿੱਪਣੀ :** ਦਿੱਲੀ ਹਾਈ ਕੋਰਟ ਨੇ ਦਿੱਲੀ ਛਾਉਣੀ ਇਲਾਕੇ ਵਿਚ ਪੰਜ ਸਿੱਖਾਂ ਦੇ ਕਤਲ ਦੀ ਵਾਪਰੀ ਘਟਨਾ 'ਤੇ ਸੁਣਵਾਈ ਕਰਦਿਆਂ ਹੈਰਾਨੀ ਜ਼ਾਹਿਰ ਕੀਤੀ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਸਰਕਾਰੀ ਮਸ਼ੀਨਰੀ ਕੀ ਕਰ ਰਹੀ ਸੀ। ਐਕਟਿੰਗ ਚੀਫ਼ ਜਸਟਿਸ ਗੀਤਾ ਮਿੱਤਲ ਅਤੇ ਜਸਟਿਸ ਅਨੂ ਮਲਹੋਤਰਾ ਦੇ ਬੈਂਚ ਨੇ ਕਿਹਾ ਕਿ ਦੰਗਿਆਂ ਨਾਲ ਸਬੰਧਤ ਮਾਮਲਿਆਂ ਨੂੰ ਜੇਕਰ ਠੀਕ ਢੰਗ ਨਾਲ ਨਜਿੱਠਿਆ ਜਾਂਦਾ ਤਾਂ ਇਹ ਮੁੱਦੇ ਹੁਣ ਸੁਣਵਾਈ ਲਈ ਸਾਹਮਣੇ ਨਾ ਆਉਂਦੇ। ਅਦਾਲਤ ਨੇ ਕਿਹਾ ਕਿ ਘਟਨਾਵਾਂ ਦਿੱਲੀ ਛਾਉਣੀ ਇਲਾਕੇ ਵਿਚ ਵਾਪਰੀਆਂ ਸਨ ਤਾਂ ਸਰਕਾਰੀ ਮਸ਼ੀਨਰੀ ਕੀ ਕਰ ਰਹੀ ਸੀ। ਬੈਂਚ ਨੇ ਇਹ ਟਿੱਪਣੀ ਇਕ ਨਵੰਬਰ 1984 ਨੂੰ ਦਿੱਲੀ ਛਾਉਣੀ ਦੇ ਰਾਜ ਨਗਰ ਇਲਾਕੇ ਵਿਚ ਪੰਜ ਸਿੱਖਾਂ ਦੇ ਕਤਲ ਵਿਚ ਕਾਂਗਰਸੀ ਨੇਤਾ ਸੱਜਣ ਕੁਮਾਰ ਨੂੰ ਬਰੀ ਕੀਤੇ ਜਾਣ ਵਿਰੁੱਧ ਸੀ. ਬੀ. ਆਈ. ਦੀ ਅਪੀਲ 'ਤੇ ਸੁਣਵਾਈ ਕਰਦਿਆਂ ਕੀਤੀ। ਕੁਮਾਰ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਅਮਿਤ ਸਿੱਬਲ ਨੇ ਅਦਾਲਤ ਨੂੰ ਦੱਸਿਆ ਕਿ ਕੁਮਾਰ ਖਿਲਾਫ ਮਾਮਲੇ ਦੀ ਦੁਬਾਰਾ ਜਾਂਚ ਲਈ ਜਸਟਿਸ ਜੀ. ਟੀ. ਨਾਨਾਵਤੀ ਕਮਿਸ਼ਨ ਨੇ ਕੋਈ ਹਦਾਇਤ ਨਹੀਂ ਕੀਤੀ। ਮਾਮਲੇ 'ਤੇ ਸੁਣਵਾਈ 19 ਜੁਲਾਈ ਤਕ ਜਾਰੀ ਰਹਿਣ ਦੀ ਸੰਭਾਵਨਾ ਹੈ। ਸੀ. ਬੀ. ਆਈ. ਦੇ ਵਕੀਲ ਡੀ. ਪੀ ਸਿੰਘ ਅਤੇ ਪੀੜਤਾਂ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਐਚ. ਐਸ. ਫੂਲਕਾ ਨੇ ਅਦਾਲਤ ਨੂੰ ਦੱਸਿਆ ਕਿ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਮਿਲਣ ਪਿਛੋਂ ਸੰਸਦ ਨੇ ਸੱਜਣ ਕੁਮਾਰ ਖਿਲਾਫ ਮੌਜੂਦਾ ਮਾਮਲੇ ਦੀ ਦੁਬਾਰਾ ਜਾਂਚ ਕਰਨ ਦਾ ਫ਼ੈਸਲਾ ਕੀਤਾ ਸੀ।

## ਕੇਂਦਰ ਸਰਕਾਰ ਸ਼ੋਸ਼ਲ ਮੀਡੀਏ ਰਾਹੀਂ ਲੋਕਾਂ ਦੀਆਂ ਸੂਹਾਂ ਲੈਣ ਲੱਗੀ !

***ਸੁਪਰੀਮ ਕੋਰਟ ਨੇ ਕੀਤੀ ਤਲਖ਼ ਟਿੱਪਣੀ ਕਿ ਦੇਸ਼ ਨੂੰ ਬਣਾਇਆ ਜਾ ਰਿਹਾ 'ਸੂਹੀਆ ਰਾਜ' ਵਾਂਗ***

ਨਵੀਂ ਦਿੱਲੀ/ਬਿਊਰੋ ਨਿਊਜ਼ : ਸੋਸ਼ਲ ਮੀਡੀਆ ਸੰਚਾਰ ਹੱਬ ਕਾਇਮ ਕਰਨ ਦੀ ਕੇਂਦਰ ਸਰਕਾਰ ਦੀ ਤਜਵੀਜ਼ ਨਿੱਜਤਾ ਦੇ ਅਧਿਕਾਰ ਦੀ ਸਿੱਧੀ ਉਲੰਘਣਾ ਜਾਪਦੀ ਹੈ। ਇਹ ਦੇਸ਼ ਦੇ ਨਾਗਰਿਕਾਂ ਦੇ ਵਿਚਾਰਾਂ ਤੇ ਸੋਚ ਨੂੰ ਕੰਟਰੋਲ ਕਰਨ ਦਾ ਪ੍ਰਭਾਵ ਵੀ ਦਿੰਦੀ ਹੈ। ਇਸੇ ਲਈ ਸੁਪਰੀਮ ਕੋਰਟ ਵੱਲੋਂ ਸ਼ੁੱਕਰਵਾਰ ਨੂੰ ਕੀਤੀ ਗਈ ਟਿੱਪਣੀ ਕਿ ਸੋਸ਼ਲ ਮੀਡੀਆ ਸੰਚਾਰ ਹੱਬ (ਧੁਰੇ) ਦੀ ਸਥਾਪਨਾ 'ਸੂਹੀਆ ਰਾਜ' ਸਥਾਪਿਤ ਕਰਨ ਵਾਂਗ ਹੋਵੇਗੀ, ਬਿਲਕੁਲ ਦਰੁਸਤ ਜਾਪਦੀ ਹੈ। ਸੁਪਰੀਮ ਕੋਰਟ ਨੇ ਇਸ 'ਤੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਕੀ ਸਰਕਾਰ ਲੋਕਾਂ ਦੇ ਵਟਸਐਪ ਸੰਦੇਸ਼ਾਂ 'ਤੇ ਵੀ ਨਜ਼ਰ ਰੱਖਣਾ ਚਾਹੁੰਦੀ ਹੈ। ਚੀਫ਼ ਜਸਟਿਸ ਦੀਪਕ ਮਿਸ਼ਰਾ ਅਤੇ ਜਸਟਿਸ ਏ. ਐਮ. ਖਾਨਵਿਲਕਰ ਅਤੇ ਡੀ. ਵਾਈ. ਚੰਦਰਚੂੜ ਦੀ ਬੈਂਚ ਨੇ ਕੇਂਦਰ ਸਰਕਾਰ ਨੂੰ ਦੋ ਹਫ਼ਤਿਆਂ ਅੰਦਰ ਜਵਾਬ ਦੇਣ ਨੂੰ ਕਿਹਾ। ਸਰਬਉੱਚ ਅਦਾਲਤ ਨੇ ਅਟਾਰਨੀ ਜਨਰਲ ਕੇ. ਕੇ. ਵੇਣੂਗੋਪਾਲ ਨੂੰ ਇਸ ਮਾਮਲੇ ਵਿਚ ਅਦਾਲਤ ਦੀ ਮਦਦ ਕਰਨ ਨੂੰ ਕਿਹਾ। ਇਸ ਸਬੰਧ ਵਿਚ ਤ੍ਰਿਣਮੂਲ ਕਾਂਗਰਸ ਦੀ ਵਿਧਾਇਕ ਮਹੂਆ ਮੋਇਤਰਾ ਨੇ ਪਾਈ ਪਟੀਸ਼ਨ ਵਿਚ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਕਿ ਸੋਸ਼ਲ ਮੀਡੀਆ ਦੀ ਨਿਗਰਾਨੀ ਕਰਨ ਲਈ ਕੇਂਦਰ ਇਹ ਕਾਰਵਾਈ ਕਰ ਰਿਹਾ ਹੈ। ਇਸ ਨੀਤੀ ਦੀ ਆਲੋਚਨਾ ਕਰਦਿਆਂ ਪਟੀਸ਼ਨਕਰਤਾ ਨੇ ਕਿਹਾ ਕਿ ਇਹ ਨਿੱਜਤਾ ਦੇ ਅਧਿਕਾਰ ਦੀ ਉਲੰਘਣਾ ਹੈ, ਜਿਸ ਨਾਲ ਸਰਕਾਰ ਹਰ ਵਿਅਕਤੀ ਦੀ ਨਿੱਜੀ ਜਾਣਕਾਰੀ ਹਾਸਲ ਕਰ ਸਕਦੀ ਹੈ। ਕਾਂਗਰਸ ਦੇ ਸੰਚਾਰ ਮਾਮਲਿਆਂ ਦੇ ਇੰਚਾਰਜ ਰਣਦੀਪ ਸੁਰਜੇਵਾਲਾ ਨੇ ਇਕ ਟਵੀਟ ਰਾਹੀਂ ਕਿਹਾ ਕਿ ਕਾਂਗਰਸ ਨੇ 1 ਜੂਨ ਨੂੰ ਇਹ ਗੰਭੀਰ ਮੁੱਦਾ ਉਠਾਇਆ ਸੀ ਕਿ ਮੋਦੀ ਸਰਕਾਰ 'ਸੋਸ਼ਲ ਮੀਡੀਆ ਕਮਿਊਨੀਕੇਸ਼ਨ ਹੱਬ' ਕਾਇਮ ਕਰ ਕੇ ਸੂਹੀਆ ਰਾਜ ਕਾਇਮ ਕਰਨ ਦੇ ਰਾਹ ਪੈ ਗਈ ਹੈ। **ਬਾਕੀ ਸਫ਼ਾ 32 'ਤੇ**


# WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

Phone: (209) 242-9569, (209) 564-8899, (209) 345-6968

2101 MARTIN LUTHER KING JR WAY STOCKTON, CA 95205

## ਨਵੰਬਰ 1984 ਦਾ ਸਿੱਖ ਕਤਲੇਆਮ

# ਦਿੱਲੀ ਅਦਾਲਤ ਨੇ 34 ਸਾਲ ਬਾਅਦ ਪੁੱਛਿਆ 'ਸਿੱਖ ਕਤਲੇਆਮ ਵੇਲੇ ਕੀ ਕਰ ਰਹੀ ਸੀ ਸਰਕਾਰੀ ਮਸ਼ੀਨਰੀ ?'




**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਹਾਈ ਕੋਰਟ ਨੇ ਹੈਰਾਨੀ ਜ਼ਾਹਰ ਕੀਤੀ ਕਿ ਸੰਨ 1984 ਦੇ ਦਿੱਲੀ ਦੰਗਿਆਂ ਵੇਲੇ ਜਦੋਂ ਦਿੱਲੀ ਛਾਉਣੀ ਦੇ ਨੇੜੇ ਸਿੱਖਾਂ ਦਾ ਕਤਲੇਆਮ ਕੀਤਾ ਜਾ ਰਿਹਾ ਸੀ ਤਾਂ ਸਰਕਾਰੀ ਮਸ਼ੀਨਰੀ ਕੀ ਕਰ ਰਹੀ ਸੀ। ਕਾਇਮ-ਮੁਕਾਮ ਚੀਫ ਜਸਟਿਸ ਗੀਤਾ ਮਿੱਤਲ ਅਤੇ ਜਸਟਿਸ ਅਨੂ ਮਲਹੋਤਰਾ ਦੇ ਬੈਂਚ ਨੇ ਕਿਹਾ ਕਿ ਜੇ ਦੰਗਿਆਂ ਦੇ ਕੇਸਾਂ ਨਾਲ ਸੁਚੱਜੀ ਤਰ੍ਹਾਂ ਸਿੱਝਿਆ ਗਿਆ ਹੁੰਦਾ ਤਾਂ ਇਹੋ ਜਿਹੇ ਕੇਸਾਂ 'ਤੇ ਸੁਣਵਾਈ ਕਰਨ ਦੀ ਲੋੜ ਨਾ ਪੈਂਦੀ। ਅਦਾਲਤ ਨੇ ਇਹ ਟਿੱਪਣੀਆਂ 1 ਨਵੰਬਰ 1984 ਨੂੰ ਦਿੱਲੀ ਦੇ ਰਾਜ ਨਗਰ ਖੇਤਰ ਵਿੱਚ ਪੰਜ ਸਿੱਖਾਂ ਦੀ ਹੱਤਿਆ ਦੇ ਕੇਸ ਵਿਚ ਸੱਜਣ ਕੁਮਾਰ ਨੂੰ ਬਰੀ ਕਰਨ ਖ਼ਿਲਾਫ਼ ਦਾਇਰ ਕੀਤੀ ਗਈ ਸੀਬੀਆਈ ਦੀ ਅਪੀਲ 'ਤੇ ਸੁਣਵਾਈ ਦੌਰਾਨ ਕੀਤੀਆਂ। ਬੈਂਚ ਨੇ ਆਖਿਆ , ਕਿ "ਸਰਕਾਰੀ ਮਸ਼ੀਨਰੀ ਕੀ ਕਰ ਰਹੀ ਸੀ ? ਇਹ ਵਾਰਦਾਤਾਂ ਦਿੱਲੀ ਛਾਉਣੀ ਦੇ ਐਨ ਨੇੜੇ ਵਾਪਰੀਆਂ ਸਨ। " ਕਾਂਗਰਸ ਆਗੂ ਸੱਜਣ ਕੁਮਾਰ ਦੀ ਤਰਫ਼ੋਂ ਪੇਸ਼ ਹੋਏ ਐਡਵੋਕੇਟ ਅਮਿਤ ਸਿੱਬਲ ਨੇ ਅਦਾਲਤ ਨੂੰ ਦੱਸਿਆ ਕਿ ਜਸਟਿਸ ਜੀਟੀ ਨਾਨਾਵਟੀ ਕਮਿਸ਼ਨ ਵੱਲੋਂ ਕੁਮਾਰ ਖ਼ਿਲਾਫ਼ ਕੇਸ ਦੀ ਨਵੇਂ ਸਿਰਿਓਂ ਜਾਂਚ ਕਰਨ ਦੇ ਕੋਈ ਨਿਰਦੇਸ਼ ਨਹੀਂ ਦਿੱਤੇ ਗਏ ਸਨ।

ਸੀਬੀਆਈ ਦੇ ਵਕੀਲ ਤੇ ਸੀਨੀਅਰ ਐਡਵੋਕੇਟ ਐਚ ਐਸ ਫੂਲਕਾ ਨੇ ਦੰਗਾ ਪੀੜਤਾਂ ਦੀ ਪੈਰਵੀ ਕਰਦਿਆਂ ਅਦਾਲਤ ਨੂੰ ਦੱਸਿਆ ਕਿ ਨਾਨਾਵਟੀ ਕਮਿਸ਼ਨ ਦੀ ਰਿਪੋਰਟ ਪ੍ਰਾਪਤ ਹੋਣ ਮਗਰੋਂ ਪਾਰਲੀਮੈਂਟ ਨੇ ਸੱਜਣ ਕੁਮਾਰ ਖ਼ਿਲਾਫ਼ ਕੇਸ ਦੀ ਨਵੇਂ ਸਿਰਿਓਂ ਜਾਂਚ ਕਰਾਉਣ ਦਾ ਫ਼ੈਸਲਾ ਕੀਤਾ ਸੀ। ਜਿਰ੍ਹਾ ਮੁਕੰਮਲ ਨਹੀਂ ਹੋ ਸਕੀ ਤੇ ਕੇਸ 'ਤੇ 19 ਜੁਲਾਈ ਨੂੰ ਮੁੜ ਸੁਣਵਾਈ ਹੋਣ ਦੀ ਉਮੀਦ ਹੈ। ਇਸ ਤੋਂ ਪਹਿਲਾਂ ਕੁਮਾਰ ਨੇ ਹਾਈ ਕੋਰਟ ਨੂੰ ਦੱਸਿਆ ਸੀ ਕਿ ਉਸ ਦੇ ਖਿਲਾਫ਼ ਦੰਗਈਆਂ ਨੂੰ ਭੜਕਾਉਣ ਦਾ ਕੋਈ ਦੋਸ਼ ਨਹੀਂ ਹੈ। ਸੰਨ 2013 ਵਿਚ ਟ੍ਰਾਇਲ ਕੋਰਟ ਨੇ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ ਸੀ ਜਦਕਿ ਸਾਬਕਾ ਕਾਂਗਰਸੀ ਕੌਂਸਲਰ ਬਲਵਾਨ ਖੋਖਰ, ਸਾਬਕਾ ਨੇਵੀ ਅਫ਼ਸਰ ਕੈਪਟਨ ਭਾਗਮਲ, ਗਿਰਧਾਰੀ ਲਾਲ ਤੇ ਦੋ ਹੋਰਨਾਂ ਨੂੰ ਦੋਸ਼ੀ ਕਰਾਰ ਦਿੱਤਾ ਸੀ ਜਿਨ੍ਹਾਂ ਨੂੰ ਤਿੰਨ ਸਾਲ ਤੋਂ ਲੈ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

## 'ਸਿੱਟ' ਨੇ ਹਾਲਾਂ ਤੀਕ ਕੰਮ ਹੀ ਸ਼ੁਰੂ ਨਹੀਂ ਕੀਤਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਨਵੰਬਰ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਮਾਮਲਿਆਂ 'ਤੇ ਸੁਪਰੀਮ ਕੋਰਟ, ਦਿੱਲੀ ਹਾਈ ਕੋਰਟ ਤੇ ਪਟਿਆਲਾ ਹਾਊਸ ਅਦਾਲਤ ਵਿਖੇ ਸੁਣਵਾਈਆਂ ਹੋਈਆਂ। ਸੁਪਰੀਮ ਕੋਰਟ ਵਿਚ ਸੁਣਵਾਈ ਦੌਰਾਨ ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੂੰ ਪਟੀਸ਼ਨਰ ਦੇ ਵਕੀਲ ਨੇ ਅਹਿਮ ਜਾਣਕਾਰੀ ਦਿੰਦਿਆਂ ਕਿਹਾ ਕਿ ਬੀਤੇ ਜਨਵਰੀ ਮਹੀਨੇ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਕਤਲੇਆਮ ਨਾਲ ਸਬੰਧਤ ਬੰਦ ਕੀਤੇ 186 ਮਾਮਲਿਆਂ ਦੀ ਜਾਂਚ ਪੂਰੀ ਨਹੀਂ ਕੀਤੀ ਗਈ ਤੇ ਹਾਲੇ ਟੀਮ ਦੇ ਤੀਜੇ ਮੈਂਬਰ ਦੀ ਨਿਯੁਕਤੀ ਹੋਣੀ ਵੀ ਬਾਕੀ ਹੈ। ਗ਼ੌਰਤਲਬ ਹੈ ਕਿ ਸਿੱਟ ਨੇ 8 ਅਗਸਤ ਨੂੰ ਪਹਿਲੀ ਰਿਪੋਰਟ ਦੇਣੀ ਹੈ ਪਰ ਅਜੇ ਇਸ ਵੱਲੋਂ ਕੰਮ ਵੀ ਪੂਰੀ ਤਰ੍ਹਾਂ ਸ਼ੁਰੂ ਨਹੀਂ ਕੀਤਾ ਗਿਆ। ਪਟੀਸ਼ਨਰ ਦੇ ਵਕੀਲ ਮੁਤਾਬਕ ਤਿੰਨ ਮੈਂਬਰੀ ਜਾਂਚ ਟੀਮ ਵਿੱਚ ਤੀਜਾ ਮੈਂਬਰ ਸ਼ਾਮਲ ਹੀ ਨਹੀਂ ਕੀਤਾ ਗਿਆ। ਜਸਟਿਸ (ਰਿਟਾ.) ਐਸ.ਐਨ. ਢੀਂਗਰਾ ਦੀ ਅਗਵਾਈ ਵਾਲੀ ਸਿੱਟ ਵਿਚ ਸਾਬਕਾ ਆਈਪੀਐਸ ਅਧਿਕਾਰੀਆਂ ਰਾਜਦੀਪ ਸਿੰਘ ਅਤੇ ਅਭਿਸ਼ੇਕ ਦੱਤ ਨੂੰ ਬਤੌਰ ਮੈਂਬਰ ਸ਼ਾਮਲ ਕੀਤਾ ਗਿਆ ਸੀ ਪਰ ਰਾਜਦੀਪ ਸਿੰਘ ਨੇ ਇਸ ਦਾ ਹਿੱਸਾ ਬਣਨ ਤੋਂ ਨਾਂਹ ਕਰ ਦਿੱਤੀ ਸੀ।ਦਿੱਲੀ ਹਾਈ ਕੋਰਟ ਵਿਚ ਨਵੰਬਰ 1984 ਦੇ ਪੀੜਤਾਂ ਨਿਰਪ੍ਰੀਤ ਕੌਰ ਤੇ ਜਗਸ਼ੇਰ ਸਿੰਘ ਦੀ ਅਪੀਲ ਉਪਰ ਐਕਟਿੰਗ ਚੀਫ਼ ਜਸਟਿਸ ਗੀਤਾ ਮਿੱਤਲ ਦੀ ਅਦਾਲਤ ਵਿੱਚ ਸੁਣਵਾਈ ਜਾਰੀ ਰਹੀ। ਸੱਜਣ ਕੁਮਾਰ ਨੂੰ ਸਿੱਖ ਕਤਲੇਆਮ ਦੇ ਦੋਸ਼ਾਂ ਤੋਂ ਬਰੀ ਕੀਤੇ ਜਾਣ ਨੂੰ ਦਿੰਤੀ ਚੁਣੌਤੀ ਦੇ ਮੱਦੇਨਜ਼ਰ ਸੱਜਣ ਕੁਮਾਰ ਤੇ ਸਾਥੀਆਂ ਵੱਲੋਂ ਵਕੀਲ ਅਮਿਤ ਸਿੱਬਲ ਪੇਸ਼ ਹੋਏ ਤੇ ਬਹਿਸ ਕੀਤੀ। ਪਟਿਆਲਾ ਹਾਊਸ ਅਦਾਲਤ ਵਿਚ ਸੁਲਤਾਨਪੁਰੀ ਕਤਲ ਮਾਮਲੇ ਵਿਚ ਸ਼ੀਲਾ ਕੌਰ ਵੱਲੋਂ ਦਿੱਤੀ ਹੋਈ ਗਵਾਹੀ 'ਤੇ ਬਚਾਓ ਧਿਰ ਦੇ ਵਕੀਲਾਂ ਨੇ ਬਹਿਸ ਕੀਤੀ। ਸ਼ੀਲਾ ਕੌਰ ਦੀ ਗਵਾਹੀ ਬਾਰੇ 7 ਅਗਸਤ ਨੂੰ ਬਹਿਸ ਕੀਤੀ ਜਾਵੇਗੀ। ਇਸੇ ਦੌਰਾਨ ਨਵੰਬਰ 1984 ਦੇ ਸਿੱਖ ਕਤਲੇਆਮ ਵਿਚ ਨਾਮਜ਼ਦ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੇ ਦਿੱਲੀ ਹਾਈ ਕੋਰਟ ਵਿਚੋਂ ਉਹ ਪਟੀਸ਼ਨ ਵਾਪਸ ਲੈ ਲਈ ਹੈ, ਜਿਸ ਵਿਚ ਉਸ ਨੇ ਖ਼ੁਦ ਨੂੰ ਹੇਠਲੀ ਅਦਾਲਤ ਵੱਲੋਂ ਜਾਰੀ ਹੋਏ ਸੰਮਨਾਂ ਨੂੰ ਚੁਣੌਤੀ ਦਿੱਤੀ ਸੀ। ਇਹ ਸੰਮਨ ਉੱਘੇ ਵਕੀਲ ਐਚ.ਐਸ. ਫੂਲਕਾ ਵੱਲੋਂ ਟਾਈਟਲਰ ਖ਼ਿਲਾਫ਼ ਪਾਏ ਗਏ ਮਾਣਹਾਨੀ ਦੇ ਮਾਮਲੇ ਵਿੱਚ ਹੇਠਲੀ ਅਦਾਲਤ ਨੇ ਜਾਰੀ ਕੀਤੇ ਸਨ। ਸ੍ਰੀ ਫੂਲਕਾ ਨੇ ਦੱਸਿਆ ਕਿ ਹੁਣ ਇਸ ਮਾਮਲੇ ਦੀ 17, 18 ਤੇ 19 ਜੁਲਾਈ ਨੂੰ ਮੈਜਿਸਟਰੇਟ ਦੀ ਅਦਾਲਤ ਅੱਗੇ ਲਗਾਤਾਰ ਸੁਣਵਾਈ ਸ਼ੁਰੂ ਹੋਵੇਗੀ। ਜਸਟਿਸ ਆਰ.ਕੇ. ਗਾਉਬਾ ਨੇ ਟਾਈਟਲਰ ਦੇ ਵਕੀਲ ਦੀ ਅਪੀਲ 'ਤੇ ਉਸ ਨੂੰ ਪਟੀਸ਼ਨ ਵਾਪਸ ਲੈਣ ਦੀ ਆਗਿਆ ਦੇ ਦਿੱਤੀ, ਕਿਉਂਕਿ ਟਾਈਟਲਰ ਨੇ ਟਰਾਇਲ ਅਦਾਲਤ ਵਿਚ ਕਾਨੂੰਨੀ ਲੜਾਈ ਲੜਨ ਦੀ ਇੱਛਾ ਜ਼ਾਹਰ ਕੀਤੀ ਹੈ।

## ਕੌਮੀ ਘੱਟ ਗਿਣਤੀ ਕਮਿਸ਼ਨ ਸ਼ਿਲਾਂਗ ਦੇ ਸਿੱਖਾਂ ਦੇ ਹੱਕ 'ਚ ਨਿੱਤਰਿਆ

**ਖੰਨਾ/ਬਿਊਰੋ ਨਿਊਜ਼ :** ਕੌਮੀ ਘੱਟ ਗਿਣਤੀ ਕਮਿਸ਼ਨ ਨੇ ਸ਼ਿਲਾਂਗ ਦੀ ਪੰਜਾਬੀ ਕਾਲੋਨੀ 'ਚ ਵਸਦੇ ਸਿੱਖਾਂ ਅਤੇ ਹਿੰਦੂਆਂ ਨੂੰ ਉਜਾੜ ਕੇ ਕਿਤੇ ਹੋਰ ਭੇਜੇ ਜਾਣ ਦੇ ਮਾਮਲੇ 'ਤੇ ਸਖ਼ਤ ਸਟੈਂਡ ਲੈਂਦਿਆਂ ਮੇਘਾਲਿਆ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਪੰਜਾਬੀ ਕਾਲੋਨੀ ਬਾਰੇ ਕੋਈ ਫ਼ੈਸਲਾ ਹੋਣ ਤਕ ਸਥਿਤੀ ਜਿਉਂ ਦੀ ਤਿਉਂ ਰੱਖੀ ਜਾਵੇ। ਪ੍ਰਾਪਤ ਜਾਣਕਾਰੀ ਅਨੁਸਾਰ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਮਨਜੀਤ ਸਿੰਘ ਰਾਏ ਨੇ ਇਸ ਸਥਿਤੀ ਬਾਰੇ ਆਪਣੇ-ਆਪ ਕਾਰਵਾਈ ਕਰਦੇ ਹੋਏ ਸ਼ਿਲਾਂਗ 'ਚ ਸਥਿਤੀ ਵਿਗੜਨ ਮੌਕੇ ਖ਼ੁਦ ਸ਼ਿਲਾਂਗ ਜਾ ਕੇ ਮੌਕੇ 'ਤੇ ਹਾਲਾਤ ਦਾ ਜਾਇਜ਼ਾ ਲਿਆ ਸੀ। ਬੀਤੇ ਦਿਨ ਕੌਮੀ ਘੱਟ ਗਿਣਤੀ ਕਮਿਸ਼ਨ ਵਲੋਂ ਇਸ ਮਾਮਲੇ 'ਚ ਮੇਘਾਲਿਆ ਦੇ ਮੁੱਖ ਸਕੱਤਰ ਯੇਸ਼ੀ ਤਸੇਰਿੰਗ ਆਈਏਐੱਸ., ਮੇਘਾਲਿਆ ਦੇ ਸ਼ਹਿਰੀ ਵਿਕਾਸ ਸਕੱਤਰ ਡੋਨਾਲਡ ਫਿਲਿਪਸ, ਮੇਘਾਲਿਆ ਦੇ ਐਡਵੋਕੇਟ ਜਨਰਲ ਅਮਿਤ ਕੁਮਾਰ ਅਤੇ ਸ਼ਿਲਾਂਗ ਦੀ ਗੁਰਦੁਆਰਾ ਬੜਾ ਬਾਜ਼ਾਰ ਕਮੇਟੀ ਦੇ ਪ੍ਰਧਾਨ ਗੁਰਜੀਤ ਸਿੰਘ ਨੂੰ ਸੰਮਨ ਕਰ ਕੇ ਦਿੱਲੀ ਬੁਲਾਇਆ ਸੀ ਅਤੇ ਮਾਮਲੇ ਦੀ ਦੀ ਸੁਣਵਾਈ ਕਰਨ ਤੋਂ ਬਾਅਦ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਮਨਜੀਤ ਸਿੰਘ ਰਾਏ ਵਲੋਂ ਸਥਿਤੀ ਜਿਉਂ ਦੀ ਤਿਉਂ ਰੱਖਣ ਦੇ ਹੁਕਮ ਦਿੱਤੇ ਗਏ। ਮਨਜੀਤ ਸਿੰਘ ਰਾਏ ਨੇ ਦੱਸਿਆ ਕਿ ਇਸ ਮਾਮਲੇ 'ਤੇ ਅਗਲੀ ਸੁਣਵਾਈ 9 ਅਗਸਤ ਨੂੰ ਹੋਵੇਗੀ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਸਿੱਖਜ਼ ਫਾਰ ਜਸਟਿਸ ਦੀ ਇਕੱਤਰਤਾ ਨੂੰ ਨਹੀਂ ਰੋਕੇਗੀ ਬਰਤਾਨੀਆ ਦੀ ਸਰਕਾਰ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਲੰਡਨ ਵਿਚ ਸਿੱਖਜ਼ ਫਾਰ ਜਸਟਿਸ ਨਾਮੀਂ ਜਥੇਬੰਦੀ ਵਲੋਂ ਅਗਲੇ ਮਹੀਨੇ ਪੰਜਾਬ ਦੀ ਅਜ਼ਾਦੀ ਲਈ ਰੈਫਰੈਂਡਮ-2020' ਦੇ ਨਾਂ ਹੇਠ ਕਰਾਏ ਜਾ ਰਹੇ ਇਕ ਇਕੱਠ ਨੂੰ ਰੋਕਣ ਲਈ ਭਾਰਤ ਸਰਕਾਰ ਵਲੋਂ ਬਰਤਾਨੀਆ ਸਰਕਾਰ ਨੂੰ ਕੀਤੀ ਗਈ ਬੇਨਤੀ ਨੂੰ ਬਰਤਾਨੀਆ ਸਰਕਾਰ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ।ਮੀਡੀਆ ਰਿਪਰਟਾਂ ਮੁਤਾਬਿਕ ਬਰਤਾਨੀਆ ਸਰਕਾਰ ਦਾ ਲੰਡਨ ਵਿਚ ਹੋ ਰਹੇ ਇਸ ਇਕੱਠ ਨੂੰ ਰੋਕਣ ਦਾ ਕੋਈ ਇਰਾਦਾ ਨਹੀਂ ਹੈ।

ਅਖਬਾਰੀ ਖ਼ਬਰਾਂ ਮੁਤਾਬਿਕ ਇਥੋਂ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਿੱਖਜ਼ ਫਾਰ ਜਸਟਿਸ ਵੱਲੋਂ ਕੀਤਾ ਜਾ ਰਿਹਾ ਇਹ ਇਕੱਠ 'ਕਾਨੂੰਨ ਦੇ ਦਾਇਰੇ ਵਿਚ' ਅਤੇ ਹਿੰਸਾ ਤੋਂ ਦੂਰ ਹੈ।

ਬਰਤਾਨੀਆ ਸਰਕਾਰ ਦਾ ਇਹ ਬਿਆਨ ਭਾਰਤ ਵੱਲੋਂ ਇਸ ਪ੍ਰੋਗਰਾਮ 'ਤੇ ਇਤਰਾਜ਼ ਜਤਾਏ ਜਾਣ ਤੋਂ ਬਾਅਦ ਆਇਆ ਹੈ। ਭਾਰਤ ਨੇ ਕਿਹਾ ਸੀ ਕਿ 12 ਅਗਸਤ ਨੂੰ ਸਿੱਖ਼ਜ਼ ਫਾਰ ਜਸਟਿਸ ਜਥੇਬੰਦੀ ਵੱਲੋਂ ਕੀਤੇ ਜਾ ਰਹੇ ਪ੍ਰੋਗਰਾਮ ਨੂੰ ਰੋਕਣ ਲਈ ਬਰਤਾਨੀਆ ਸਰਕਾਰ ਜ਼ਰੂਰੀ ਕਦਮ ਚੁੱਕੇ।




ਇਸ 'ਤੇ ਬਰਤਾਨੀਆ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਯੂਕੇ ਵਿਚ ਲੋਕਾਂ ਨੂੰ ਇਕੱਠਿਆਂ ਹੋਣ ਦਾ ਪੂਰਾ ਹੱਕ ਹੈ ਅਤੇ ਇਸੇ ਦੌਰਾਨ ਆਪਣੇ ਵਿਚਾਰ ਪ੍ਰਗਟ ਕਰਨ ਦਾ ਵੀ ਹੱਕ ਹੈ, ਬਸ਼ਰਤੇ ਕਿ ਇਹ ਕਾਨੂੰਨ ਦੇ ਦਾਇਰੇ ਵਿਚ ਹੋਵੇ। ਉਨ੍ਹਾਂ ਕਿਹਾ ਕਿ ਇਸ ਜਥੇਬੰਦੀ ਨੇ ਵਿਸ਼ਵਾਸ ਦਿਵਾਇਆ ਹੈ ਕਿ ਉਹ ਸਭ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਕਰਨਗੇ।

## ਲਾਡੀ ਸ਼ੇਰੋਵਾਲੀਆ ਦੀ ਚੋਣ ਰੱਦ ਕਰਨ ਦੀ ਮੰਗ, ਹਾਈਕੋਰਟ ਵਿਚ ਪਟੀਸ਼ਨ ਦਾਖਲ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼ਾਹਕੋਟ ਦੀ ਜ਼ਿਮਨੀ ਚੋਣ ਜਿੱਤ ਕੇ ਪੰਜਾਬ ਵਿਧਾਨ ਸਭਾ 'ਚ ਪੁੱਜੇ ਕਾਂਗਰਸੀ ਵਿਧਾਇਕ ਲਾਡੀ ਸ਼ੇਰੋਵਾਲੀਆ ਦੀ ਚੋਣ ਨੂੰ ਹਾਈਕੋਰਟ 'ਚ ਚੁਣੌਤੀ ਦਿੱਤੀ ਗਈ ਹੈ। ਜ਼ਿਮਨੀ ਚੋਣ ਲੜਨ ਵਾਲੀ ਪਰਮਜੋਤ ਕੌਰ ਵਲੋਂ ਦਾਖ਼ਲ ਪਟੀਸ਼ਨ ਦੀ ਛਾਣ ਬੀਣ ਹੋ ਚੁੱਕੀ ਹੈ ਤੇ ਮਾਮਲੇ 'ਚ ਸੁਣਵਾਈ ਇਕ ਅਗਸਤ ਨੂੰ ਹੋਵੇਗੀ। ਐਡਵੋਕੇਟ ਹਰਿੰਦਰਪਾਲ ਸਿੰਘ ਰਾਹੀਂ ਦਾਖ਼ਲ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਸ਼ੇਰੋਵਾਲੀਆ ਨੇ ਰਿਟਰਨਿੰਗ ਅਫ਼ਸਰ ਸਾਹਮਣੇ ਦਿੱਤੇ ਹਲਫ਼ਨਾਮੇ 'ਚ ਦਿੱਤੀ ਜਾਣਕਾਰੀ ਦੀ ਵੱਖਰੇ ਤੌਰ 'ਤੇ ਵਿਸਥਾਰ ਨਾਲ ਜਾਣਕਾਰੀ ਨਹੀਂ ਦਿੱਤੀ, ਜਦੋਂ ਕਿ ਚੋਣ ਕਮਿਸ਼ਨ ਦੇ ਨਿਯਮਾਂ ਮੁਤਾਬਕ ਵਿਸਥਾਰ ਪੂਰਵਕ ਜਾਣਕਾਰੀ ਦੇਣਾ ਲਾਜ਼ਮੀ ਹੈ। ਇਹ ਦੋਸ਼ ਵੀ ਲਗਾਇਆ ਕਿ ਚੋਣ 'ਤੇ ਕੀਤਾ ਖ਼ਰਚਾ ਵੀ ਘੱਟ ਵਿਖਾਇਆ ਗਿਆ। ਦਲੀਲ ਦਿੱਤੀ ਕਿ ਚੋਣ ਕਮਿਸ਼ਨ ਨੇ ਰਿਕਾਰਡ 'ਚ ਨੋਟ ਕੀਤਾ ਕਿ ਪੋਲਿੰਗ ਬੂਥਾਂ ਦੇ ਬਾਹਰ ਸ਼ੇਰੋਵਾਲੀਆ ਨੇ ਟੈਂਟ ਲਗਾਏ ਪਰ ਇਨ੍ਹਾਂ ਨੂੰ ਖ਼ਰਚੇ 'ਚ ਨਹੀਂ ਵਿਖਾਇਆ ਤੇ ਇੱਥੋਂ ਤੱਕ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋ ਹਲਕੇ 'ਚ ਕੀਤੇ ਰੋਡ ਸ਼ੋਅ ਦਾ ਖ਼ਰਚ ਵੀ ਚੋਣ ਖ਼ਰਚ 'ਚ ਨਹੀਂ ਪਾਇਆ ਗਿਆ। ਇਨ੍ਹਾਂ ਤੱਥਾਂ ਨਾਲ ਸ਼ੇਰੋਵਾਲੀਆ ਦੀ ਚੋਣ ਰੱਦ ਕਰਨ ਦੀ ਮੰਗ ਕੀਤੀ ਗਈ ਹੈ।





**ਪੰਜਾਬੀ ਸਭਿਆਚਾਰਕ ਪ੍ਰੋਗਰਾਮ ਦੌਰਾਨ ਬੀਬੀ ਆਸ਼ਾ ਸ਼ਰਮਾ ਹਰਜੀਤ ਸਿੰਘ ਢੇਸੀ ਨੂੰ ਸਨਮਾਨਿਤ ਕਰਦੇ ਹੋਏ। ਖੱਬੇ ਤੋਂ ਸੱਜੇ ਪਾਲ ਸਿੰਘ, ਹਰਭਜਨ ਨਿੱਝਰ, ਹਰਜੀਤ ਢੇਸੀ, ਸ਼ੇਰੇ ਪੰਜਾਬ ਸਿੰਘ, ਅਜਮੇਰ ਸਿੰਘ ਅਤੇ ਬੀਬੀ ਆਸ਼ਾ ਸ਼ਰਮਾ ਜੀ। ਫੋਟੋ ਤੇ ਵੇਰਵਾ : ਹਰਜੀਤ ਸਿੰਘ ਢੇਸੀ**

# ਦੂਜਾ ਅੰਤਰਰਾਸ਼ਟਰੀ ਵੈਸ਼ਨਵ ਸੰਮੇਲਨ ਹੋਇਆ





**ਨਿਊਜਰਸੀ/ਬਿਊਰੋ ਨਿਊਜ਼ :**
ਦੂਜੀ ਅੰਤਰਰਾਸ਼ਟਰੀ ਵੈਸ਼ਨਵ ਕਨਵੈਨਸ਼ਨ ਐਚਡੀਐਚ ਵੀ ਰਾਜਰਾਇ ਕੁਮਾਰ ਜੀ ਦੀ ਅਗਵਾਈ ਵਿਚ 6 ਜੁਲਾਈ ਤੋਂ ਜੁਲਾਈ 8 ਤਕ ਰਾਰੀਟਨ ਸੈਂਟਰ, ਨਿਊਜਰਸੀ ਵਿਖੇ ਕੀਤੀ ਗਈ। ਇਸ ਸਮਾਗਮ ਦੌਰਾਨ ਹੋਏ ਸੰਤ-ਸੰਮੇਲਨ ਵਿਚ ਪੂਜਨੀਕ ਸਵਾਮੀ ਚਿਤਿਆਨੰਦ ਸਰਸਵਤੀ ਜੀ, ਬੀਏਪੀਐਸ ਦੇ ਸਵਾਮੀ ਬ੍ਰਹਮ ਵਿਹਾਰ ਜੀ, ਆਚਾਰਿਆ ਲੋਕੇਸ਼ਮੁਨੀ ਜੀ, ਸਵਾਮੀ ਵਿਸਵੇਸਵਰਾਨੰਦ ਜੀ ਨੇ ਹਾਜ਼ਰੀ ਭਰੀ। ਇਸ ਸੰਮੇਲਨ ਦਾ ਉਦੇਸ਼ ਸਮੁੱਚੀ ਮਨੁੱਖਤਾ ਨੂੰ ਇਕਜੁੱਟ ਕਰਨਾ ਅਤੇ ਉਨ੍ਹਾਂ ਵਿਚ ਰੂਹਾਨੀਅਤ ਦੁਆਰਾ ਪਿਆਰ ਅਤੇ ਖੁਸ਼ੀ ਲਿਆਉਣਾ ਸੀ। ਤਿੰਨ ਦਿਨ ਚੱਲੇ ਇਸ ਦੂਜੇ ਅੰਤਰਰਾਸ਼ਟਰੀ ਮਹਾਨ ਸੰਮੇਲਨ ਵਿਚ 10,000 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਐਚਡੀਐਚ.ਵੀ.ਰਾਜਰਾਇ ਕੁਮਾਰ ਜੀ ਨੂੰ ਨਿਊਯਾਰਕ ਸਟੇਟ ਕਾਂਗਰਸਮੈਨ ਥੌਮਸ ਸੁਓਜ਼ੀ ਦੇ ਹੱਥੋਂ ਆਨਰੇਰੀ ਕੌਂਗਰੈਸ਼ਨਲ ਰੈਕੋਗਨਾਈਸ਼ਨਲ ਐਵਾਰਡ ਦਿੰਤਾ ਗਿਆ। ਇਹ ਐਵਾਰਡ ਵੈਸ਼ਨਵ ਮੰਦਿਰ ਨਿਊਯਾਰਕ ਦੀ ਤਰਫੋਂ ਦੱਖਣੀ ਏਸ਼ੀਅਨ ਕਮਿਊਨਿਟੀ ਲੀਡਰ ਅਤੇ ਵੀਵਾਈਓ ਦੇ ਮਿੱਤਰ ਦਿਲੀਪ ਚੌਹਾਨ ਦੁਆਰਾ ਪੇਸ਼ ਕੀਤਾ ਗਿਆ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035


Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਮੋਦੀ ਵਲੋਂ ਦਸਤਾਰ ਦੀ ਬੇਅਦਬੀ, ਪੰਜ ਸਕਿੰਟ ਵਿਚ ਲਾਹੀ ਸਿਰ ਤੋਂ ਪੱਗ

- ਲੰਗਰ ਦੀ ਵੀ ਹੋਈ ਬੇਅਦਬੀ, ਸੜਕਾਂ 'ਤੇ ਰੁਲਦਾ ਨਜ਼ਰ ਆਇਆ
- ਨਰਿੰਦਰ ਮੋਦੀ ਦਾ ਮਿਸ਼ਨ 2019 ਰਿਹਾ ਬਿਲਕੁਲ ਫਿੱਕਾ
- 3 ਸੂਬਿਆਂ ਦੀਆਂ ਸਰਕਾਰਾਂ ਵੀ ਨਾ ਕਰ ਸਕੀਆਂ ਇਕੱਠ
- ਬਾਦਲ ਦਲ ਵਾਲੇ ਪੰਜਾਬ ਦੀ ਕੋਈ ਮੰਗ ਵੀ ਪ੍ਰਧਾਨ ਮੰਤਰੀ ਮੋਦੀ ਸਾਹਮਣੇ ਨਹੀਂ ਉਠਾ ਸਕੇ



- ਮੋਦੀ ਦੀ ਖਾਲੀ ਰੈਲੀ ਦੱਸਦੀ ਹੈ ਕਿ ਸਿੱਖ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਬਾਦਲ ਦਲ ਤੋਂ ਹਨ ਬਹੁਤ ਨਿਰਾਸ਼
- ਕਿਸਾਨਾਂ ਨੇ ਦਿਖਾਏ ਕਾਲੇ ਝੰਡੇ
- ਕਿਸਾਨ ਕਰਦੇ ਨੇ ਡਰਾਮਾ, 5 ਲੱਖ ਲਈ ਆਪਣੇ ਪਿਓ ਨੂੰ ਵੀ ਮਾਰ ਦਿੰਦੇ ਨੇ : ਭਾਜਪਾ ਆਗੂ

ਮਲੋਟ/ਬਿਊਰੋ ਨਿਊਜ਼ :

ਪਿਛਲੇ ਦਿਨਾਂ ਵਿੱਚ ਭਾਜਪਾ ਦੀ ਸਿਖਰਲੀ ਲੀਡਰਸ਼ਿਪ ਜਿਵੇਂ ਇੱਕ ਦਮ ਤਿੱਖੀ ਤੋਰ ਵਗਣ ਲੱਗ ਪਈ ਹੈ, ਉਸ ਤੋਂ ਜਾਪਦਾ ਹੈ ਕਿ ਲੋਕ ਸਭਾ ਚੋਣਾਂ ਚਲੰਤ ਸਾਲ ਮੁੱਕਣ ਤੋਂ ਪਹਿਲਾਂ ਵੀ ਹੋ ਸਕਦੀਆਂ ਹਨ। ਹੁਣੇ ਜਿਹੇ ਭਾਜਪਾ ਨੇ ਮਲੋਟ ਵਿੱਚ 'ਕਿਸਾਨ ਕਲਿਆਣ ਰੈਲੀ' ਰੈਲੀ ਕੀਤੀ ਸੀ। ਇਹ ਰੈਲੀ ਪੰਜਾਬ, ਰਾਜਸਥਾਨ ਤੇ ਹਰਿਆਣੇ ਦੇ ਤਿੰਨਾਂ ਰਾਜਾਂ ਵਲੋਂ ਕਰਨ ਦਾ ਦਾਅਵਾ ਕੀਤਾ ਗਿਆ ਸੀ ਪਰ ਜਦੋਂ ਵੇਖਿਆ ਕਿ ਚੌਧਰ ਅਕਾਲੀਆਂ ਨੇ ਸੰਭਾਲ ਲਈ ਹੈ, ਹਰਿਆਣੇ ਤੇ ਰਾਜਸਥਾਨ ਵਾਲੇ ਕੀ, ਪੰਜਾਬ ਦੇ ਭਾਜਪਾ ਆਗੂ ਵੀ ਪੈਰ ਪਿਛਾਂਹ ਖਿੱਚਣ ਲੱਗ ਪਏ ਤੇ ਇਸ ਦਾ ਅਸਰ ਰੈਲੀ ਵਿੱਚ ਦਿਸ ਪਿਆ। ਅੱਧੀਆਂ ਕੁਰਸੀਆਂ ਖਾਲੀ ਰਹਿ ਗਈਆਂ।

ਮੋਦੀ ਨੇ ਖਿੱਝ ਕੇ ਲਾਹੀ ਦਸਤਾਰ : ਪ੍ਰਧਾਨ ਮੰਤਰੀ ਮੋਦੀ ਨੇ ਇਹ ਜਾਣਦੇ ਹੋਏ ਕਿ ਹਾਜ਼ਰੀ ਆਸ ਮੁਤਾਬਕ ਨਹੀਂ, ਫਿਰ ਵੀ ਇਹ ਕਹਿ ਕੇ ਵਡਿਆਇਆ ਕਿ ਇਹ ਇਕੱਠ 'ਕਿਸਾਨ ਕੁੰਭ' ਜਾਪਦਾ ਹੈ ਪਰ ਭਾਸ਼ਣਾਂ ਤੋਂ ਹਟ ਕੇ ਬਾਕੀ ਵਿਹਾਰ ਵਿੱਚ ਉਹ ਆਪਣੀ ਖਿਝ ਲੁਕਾਉਣ ਤੋਂ ਖੁੰਝ ਗਏ। ਇਹ ਖਿਝ ਚੜ੍ਹੀ ਹੋਣ ਦਾ ਹੀ ਪ੍ਰਗਟਾਵਾ ਸੀ ਕਿ ਅਕਾਲੀ ਆਗੂਆਂ ਵੱਲੋਂ ਬੜੇ ਮਾਣ ਨਾਲ ਪਹਿਨਾਈ ਗਈ ਦਸਤਾਰ ਪ੍ਰਧਾਨ ਮੰਤਰੀ ਨੇ ਕੁਝ ਪਲਾਂ ਦੇ ਬਾਅਦ ਹੀ ਲਾਹ ਕੇ ਰੱਖ ਦਿੱਤੀ ਤੇ ਫਿਰ ਉਸ ਦਾ ਧਿਆਨ ਹੀ ਨਹੀਂ ਸੀ ਕੀਤਾ, ਜਦ ਕਿ ਪਹਿਲੇ ਗੇੜਿਆਂ ਦੌਰਾਨ ਪ੍ਰਧਾਨ ਮੰਤਰੀ ਮੋਦੀ ਭਾਸ਼ਣ ਵੀ ਇਹੋ ਜਿਹੀ ਭੇਟ ਕੀਤੀ ਦਸਤਾਰ ਸਮੇਤ ਕਰਦੇ ਹੁੰਦੇ ਸਨ। ਯਾਦ ਰਹੇ ਕਿ ਭਾਜਪਾ ਪ੍ਰਧਾਨ ਸ਼ਵੇਤ ਮਲਿਕ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੜੇ ਚਾਅ ਨਾਲ ਕੇਸਰੀ ਰੰਗ ਦੀ ਦਸਤਾਰ ਮੋਦੀ ਦੇ ਸਿਰ 'ਤੇ ਸਜਾਈ ਸੀ।

ਮੋਦੀ ਦੀ ਇਸ ਕਾਰਵਾਈ ਨੂੰ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਸਮੇਤ ਸਟੇਜ ਤੇ ਬਿਰਾਜਮਾਨ ਸਮੂਹ ਲੀਡਰਸ਼ਿਪ ਦੇਖ ਕੇ ਹੱਕੀ ਬੱਕੀ ਰਹਿ ਗਈ। ਸ਼ਾਇਦ ਨਰਿੰਦਰ ਮੋਦੀ ਦੀ ਖਿਝ ਦਾ ਇੱਕ ਕਾਰਨ ਇਹ ਵੀ ਹੋਵੇ ਕਿ ਜਦੋਂ ਰੈਲੀ ਤਿੰਨਾਂ ਰਾਜਾਂ ਦੀ ਸਾਂਝੀ ਸੀ, ਉਸ ਮੌਕੇ ਰਾਜਸਥਾਨ ਦੀ ਮੁੱਖ ਮੰਤਰੀ ਨੇ ਆਪ ਕੀ ਆਉਣਾ ਸੀ, ਉਸ ਦੇ ਲੋਕ ਵੀ ਨਹੀਂ ਆਏ। ਉਸ ਨੇ ਸਿਰਫ ਇੱਕ ਮੰਤਰੀ ਭੇਜ ਕੇ ਹਾਜ਼ਰੀ ਪਵਾ ਦਿੱਤੀ ਸੀ। ਹਰਿਆਣੇ ਵਾਲੇ ਆਏ ਤਾਂ ਸਨ ਪਰ ਲੋਕ ਨਹੀਂ ਸਨ ਲਿਆਂਦੇ।

ਹੈਰਾਨ ਕਰਨ ਵਾਲੀ ਗੱਲ ਇਹ ਕਿ ਬਾਦਲ ਅਕਾਲੀ ਦਲ ਦੇ ਆਗੂ ਪੰਜਾਬ ਰਾਜ ਦੀ ਕੋਈ ਮੰਗ ਮੋਦੀ ਸਾਹਮਣੇ ਨਾ ਉਠਾ ਸਕੇ ਤੇ ਉਹ ਭਿੱਜੀ ਬਿੱਲੀ ਬਣ ਕੇ ਬੈਠ ਗਏ। ਉੱਥੇ ਨਾ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦੀ ਗੱਲ ਕੀਤੀ, ਨਾ ਚੰਡੀਗੜ੍ਹ ਸ਼ਹਿਰ ਦੀ ਤੇ ਨਾ ਨਿਤੀਸ਼ ਕੁਮਾਰ ਵਾਂਗ ਪੰਜਾਬ ਲਈ ਸਪੈਸ਼ਲ ਪੈਕੇਜ ਦੀ ਮੰਗ ਉਠਾਈ। ਇੱਕੋ ਮੰਗ ਸੁਖਬੀਰ ਸਿੰਘ ਬਾਦਲ ਨੇ ਕੀਤੀ ਤੇ ਉਹ ਅਣਸੁਣੀ ਹੋ ਗਈ। ਉਸ ਨੇ ਆਖਿਆ ਸੀ ਕਿ ਪ੍ਰਧਾਨ ਮੰਤਰੀ ਸਾਹਿਬ, ਅਗਲੇ ਸਾਲ ਗੁਰੂ ਨਾਨਕ ਸਾਹਿਬ ਦਾ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਆ ਰਿਹਾ ਹੈ ਤੇ ਸਾਡੀ ਬੇਨਤੀ ਹੈ ਕਿ ਇਹ ਪ੍ਰਕਾਸ਼ ਦਿਹਾੜਾ ਸਾਰੇ ਭਾਰਤ ਵਿੱਚ ਮਨਾਇਆ ਜਾਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨੇ ਸਿਰਫ ਏਨਾ ਕਿਹਾ ਕਿ ਬਹੁਤ ਖੁਸ਼ੀ ਦੀ ਗੱਲ ਹੈ ਕਿ ਗੁਰੂ ਨਾਨਕ ਸਾਹਿਬ ਦਾ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਦਿਵਸ ਆ ਰਿਹਾ ਹੈ ਪਰ ਇਸ ਤੋਂ ਬਾਅਦ ਇਸ ਵਿੱਚ ਸ਼ਾਮਲ ਹੋਣ ਜਾਂ ਦੇਸ਼ ਵਿੱਚ ਇਸ ਮੌਕੇ ਕੋਈ ਵੀ ਕੇਂਦਰ ਸਰਕਾਰ ਵਲੋਂ ਉੱਦਮ ਕਰਨ ਦੀ ਹਾਮੀ ਨਹੀਂ ਭਰੀ।

ਪ੍ਰਧਾਨ ਮੰਤਰੀ ਦਾ ਭਾਸ਼ਨ ਝੋਨੇ ਤੇ ਨਰਮੇ ਲਈ ਐਲਾਨੀ ਐੱਮਐੱਸਪੀ ਨੂੰ ਸਲਾਹੁਣ ਅਤੇ ਕਾਂਗਰਸ ਨੂੰ ਰਗੜੇ ਲਾਉਣ 'ਤੇ ਕੇਂਦ੍ਰਿਤ ਰਿਹਾ। ਇਸ ਮੌਕੇ ਮੰਚ 'ਤੇ ਕੇਂਦਰੀ ਰਾਜ ਮੰਤਰੀ ਸ੍ਰੀ ਵਿਜੇ ਸਾਂਪਲਾ, ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਰਣਜੀਤ ਸਿੰਘ ਬ੍ਰਹਮਪੁਰਾ, ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਭਾਜਪਾ ਆਗੂ ਤਰੁਣ ਚੁੱਘ, ਰਾਜਸਥਾਨ ਦੇ ਮੰਤਰੀ ਸੁਰਿੰਦਰਪਾਲ ਸਿੰਘ ਟੀਟੀ ਤੇ ਭਾਜਪਾ ਹਰਿਆਣਾ ਦੇ ਪ੍ਰਧਾਨ ਸੁਭਾਸ਼ ਬਰਾਲਾ ਆਦਿ ਆਗੂ ਵੀ ਮੌਜੂਦ ਸਨ।

ਅਕਾਲੀ ਦਲ ਦੇ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਾਰ-ਵਾਰ ਇੱਕੋ ਗੱਲ ਦੁਹਰਾਉਂਦੇ ਰਹੇ ਕਿ ਝੋਨੇ ਤੇ ਨਰਮੇ ਦੀਆਂ ਦੋ ਫਸਲਾਂ ਦਾ ਭਾਅ ਵਧਾ ਦਿੱਤਾ ਗਿਆ ਹੈ ਪਰ ਇਨ੍ਹਾਂ ਬਾਰੇ ਜਿਵੇਂ ਕਿਸਾਨ ਆਗੂ ਰਾਜੇਵਾਲ ਨੇ ਸਾਰੀ ਤਸਵੀਰ ਸਾਹਮਣੇ ਲੈ ਆਂਦੀ ਸੀ, ਉਸ ਦੀ ਕਾਟ ਕਰਨ ਵਾਲੀ ਕੋਈ ਗੱਲ ਓਥੇ ਨਹੀਂ ਕਹੀ ਗਈ। ਰਾਜੇਵਾਲ ਨੇ ਕਿਹਾ ਕਿ ਸਿਰਫ ਇਹ ਸੁਣਾਈ ਜਾ ਰਹੀ ਹੈ ਕਿ ਭਾਅ ਵਧਾਇਆ ਗਿਆ ਹੈ, ਇਹ ਗੱਲ ਅਣਗੌਲੀ ਕੀਤੀ ਜਾ ਰਹੀ ਹੈ ਕਿ ਜੀਐੱਸਟੀ ਵਧਾਉਣ ਦੇ ਨਾਲ ਖੇਤੀ ਮਸ਼ੀਨਰੀ ਵੀ ਮਹਿੰਗੀ ਹੋ ਗਈ ਹੈ, ਖਾਦਾਂ ਵੀ ਪਿਛਲੇ ਸਾਲ ਨਾਲੋਂ ਮਹਿੰਗੀਆਂ ਹੋ ਗਈਆਂ ਹਨ ਤੇ ਕੀਟ ਨਾਸ਼ਕ ਵੀ ਮਹਿੰਗੇ ਹੋ ਗਏ ਹਨ। ਜਿਹੜੀ ਤਸਵੀਰ ਰਾਜੇਵਾਲ ਨੇ ਪੇਸ਼ ਕੀਤੀ ਹੈ, ਉਸ ਦੇ ਮੁਤਾਬਕ ਤਾਂ ਜਿੰਨਾ ਫਸਲ ਦਾ ਭਾਅ ਵੱਧ ਕੀਤਾ ਗਿਆ ਹੈ, ਉਸ ਨਾਲੋਂ ਫਸਲ ਦੀ ਲਾਗਤ ਪਿਛਲੇ ਸਮੇਂ ਨਾਲੋਂ ਕਿਤੇ ਵੱਧ ਹੋਈ ਪਈ ਹੈ।

ਅਕਾਲੀ ਆਗੂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਪਿਛਲੇ ਸਾਲ ਦੀ ਚੋਣਾਂ ਦੀ ਹਾਰ ਦੀ ਸੱਟ ਤੋਂ ਬਾਅਦ ਅਜੇ ਤੱਕ ਸਿੱਖਾਂ ਵਿਚ ਆਪਣਾ ਵਜੂਦ ਕਾਇਮ ਕਰਨ ਵਿਚ ਸਫ਼ਲ ਨਹੀਂ ਹੋ ਸਕੇ। ਇਹੀ ਕਾਰਨ ਹੈ ਕਿ ਰੈਲੀ ਵਿਚ ਕੁਰਸੀਆਂ ਖਾਲੀ ਰਹੀਆਂ। ਮਲੋਟ ਦੀ ਰੈਲੀ ਦੇ ਇਨ੍ਹਾਂ ਪ੍ਰਭਾਵਾਂ ਤੋਂ ਕਾਂਗਰਸ ਪਾਰਟੀ ਦੇ ਆਗੂ ਖੁਸ਼ ਹੋਏ ਪਏ ਹਨ ਕਿ ਉਨ੍ਹਾਂ ਦੇ ਖਿਲਾਫ ਪੰਜਾਬ ਵਿਚ ਅਕਾਲੀ-ਭਾਜਪਾ ਗੱਠਜੋੜ ਮਜ਼ਬੂਤ ਨਹੀਂ ਹੋ ਸਕਿਆ।

ਪੱਗ ਦੀ ਕੀਤੀ ਬੇਅਦਬੀ : ਪ੍ਰਧਾਨ ਮੰਤਰੀ ਵੱਲੋਂ ਪੰਜ ਸਕਿੰਟਾਂ ਵਿੱਚ ਹੀ ਤੋਹਫੇ ਵਜੋਂ ਦਿੱਤੀ ਦਸਤਾਰ ਨੂੰ ਲਾਹੁਣ ਦੇ ਮਾਮਲੇ ਸਬੰਧੀ ਸਰਬੱਤ ਖਾਲਸਾ ਦੇ ਤਖਤ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਧਿਆਨ ਸਿੰਘ ਮੰਡ ਕਿਹਾ ਕਿ ਜਿਸ ਵਿਅਕਤੀ ਨੂੰ ਦਸਤਾਰ ਦਾ ਸਨਮਾਨ ਹੀ ਨਹੀਂ, ਉਸਨੂੰ ਦਸਤਾਰ ਦੇਣੀ ਜਾਂ ਸਜਾਉਣ ਵਾਲੇ ਹੀ ਜ਼ਿਆਦਾ ਦੋਸ਼ੀ ਹਨ। ਇਹ ਦਸਤਾਰ ਦੀ ਬੇਅਦਬੀ ਹੈ,ਜੋ ਬਰਦਾਸ਼ਤਯੋਗ ਨਹੀਂ।

**ਪੁਲਿਸ ਨੇ ਝੰਬੇ ਕਿਸਾਨ** : ਇੱਕ ਪਾਸੇ ਜਿੱਥੇ ਮੋਦੀ ਕਿਸਾਨਾਂ ਵੱਲੋਂ ਦੇਸ਼ ਦੇ ਅੰਨ ਭੰਡਾਰ ਵਿੱਚ ਪਾਏ ਜਾ ਰਹੇ ਹਿੱਸੇ ਲਈ ਤਾਰੀਫ ਕਰ ਰਹੇ ਸਨ ਪਰ ਦੂਜੇ ਪਾਸੇ ਮੋਦੀ ਦਾ ਮਲੋਟ ਆਉਣ ਤੇ ਕਾਲੀਆਂ ਝੰਡੀਆਂ ਨਾਲ ਸਵਾਗਤ ਕਰਨ ਲਈ ਪਹੁੰਚੇ ਕਿਸਾਨਾਂ ਨੂੰ ਪੁਲਿਸ ਝੰਬਦੀ ਹੋਈ ਨਜ਼ਰ ਆਈ। ਪੁਲਸੀਆ ਧੱਕੇਸ਼ਾਹੀ ਖਿਲਾਫ ਸੈਂਕੜੇ ਕਿਸਾਨਾਂ ਨੇ ਬਠਿੰਡਾ ਮੋਲਟ ਰੋਡ ਤੇ ਪਿੰਡ ਫੱਕਰਸਰ ਥੇੜੀ ਕੋਲ ਜਾਮ ਲਾ ਦਿੱਤਾ ਜਿਸ ਕਰਕੇ ਰੈਲੀ ਵਿੱਚ ਆਉਣ ਵਾਲੇ ਮੋਦੀ-ਬਾਦਲ ਭਗਤਾਂ ਨੂੰ ਵੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।

ਹੈਰਾਨਗੀ ਉਸ ਵੇਲੇ ਹੋਈ ਜਦੋਂ ਬਾਦਲ-ਮੋਦੀ ਭਗਤ ਇੱਕ ਅਕਾਲੀ ਅਤੇ ਭਾਜਪਾ ਵਰਕਰਾਂ ਨੇ ਮੌਕੇ ਤੇ ਕਿਸਾਨਾਂ ਵੱਲੋਂ ਲਾਏ ਜਾਮ ਦਾ ਵਿਰੋਧ ਕੀਤਾ ਅਤੇ ਭਾਜਪਾ ਦੇ ਜਿਲ੍ਹਾ ਜਨਰਲ ਸਕੱਤਰ ਬਠਿੰਡਾ ਭਾਰਤ ਭੂਸ਼ਣ ਜਿੰਦਲ ਨੇ ਦੋਸ਼ ਲਾਏ ਕਿ ਕਿਸਾਨ ਡਰਾਮੇਬਾਜ਼ੀ ਕਰਦੇ ਹਨ ਤੇ ਪੰਜ ਲੱਖ ਰੁਪਏ ਲੈਣ ਦੇ ਮਾਰੇ ਆਪਣੇ ਬਜ਼ੁਰਗ ਪਿਓ ਨੂੰ ਵੀ ਮਾਰ ਦਿੰਦੇ ਹਨ।

**ਸ਼੍ਰੋਮਣੀ ਕਮੇਟੀ ਸੱਚ ਤੋਂ ਭੱਜੀ** : ਬਾਦਲ ਦਲ ਵਲੋਂ ਮਲੋਟ ਵਿਖੇ ਕਾਰਵਾਈ ਗਈ ਧੰਨਵਾਦ ਰੈਲੀ ਦੌਰਾਨ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਕੀਤੀ ਗਈ ਦਸਤਾਰ ਦੀ ਬੇਅਦਬੀ ਅਤੇ ਰੈਲੀ ਪ੍ਰਬੰਧਕਾਂ ਦੀ ਅਣਗਹਿਲੀ ਕਾਰਣ ਹੋਈ ਲੰਗਰ ਦੀ ਬੇਅਦਬੀ ਪ੍ਰਤੀ ਸ਼੍ਰੋਮਣੀ ਕਮੇਟੀ ਪ੍ਰਬੰਧ ਹੇਠਲੇ ਜਥੇਦਾਰ ਗੁਰਬਚਨ ਸਿੰਘ ਖਾਮੋਸ਼ ਹੀ ਰਹੇ। ਮਲੋਟ ਵਿਖੇ ਹੋਈ ਦਸਤਾਰ ਦੀ ਬੇਅਦਬੀ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਅਨਜਾਣਤਾ ਪ੍ਰਗਟ ਕੀਤੀ ਤੇ ਲੰਗਰ ਦੇ ਨਿਰਾਦਰ ਬਾਰੇ ਉਨ੍ਹਾਂ ਸਿਰਫ ਨਿਖੇਧੀ ਕੀਤੀ । ਅਜਿਹੇ ਵਿੱਚ ਸਿੱਖ ਸਿਧਾਂਤਾਂ ਤੇ ਪਰੰਪਰਾਵਾਂ ਦੀ ਰਾਖੀ ਲਈ ਹੋਂਦ ਵਿੱਚ ਆਈ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਲੋਂ ਧਾਰੀ ਚੁੱਪ ਨੇ ਮੁੜ ਇਹ ਸੰਕੇਤ ਦਿੱਤਾ ਹੈ ਕਿ ਇਹ ਦੋਨੋਂ ਸੰਸਥਾਵਾਂ ਪੂਰੀ ਤਰ੍ਹਾਂ ਸਿਆਸੀ ਗੁਲਾਮੀ ਕਬੂਲ ਚੁੱਕੀਆਂ ਹਨ। ਇਹ ਇਸ ਕਰਕੇ ਵੀ ਹੈ ਕਿ ਜਦੋਂ ਸਾਲ 2003 ਵਿੱਚ ਫਰਾਂਸ ਸਰਕਾਰ ਸਿੱਖ ਬੱਚਿਆਂ ਦੇ ਸਕੂਲਾਂ ਵਿੱਚ ਦਸਤਾਰ ਬੰਨ੍ਹਣ 'ਤੇ ਪਾਬੰਦੀ ਲਗਾ ਦਿੰਦੀ ਹੈ ਜਾਂ ਵਿਦੇਸ਼ੀ ਹਵਾਈ ਅੱਡਿਆਂ ਤੇ ਸੁਰੱਖਿਆ ਦੇ ਨਾਮ ਹੇਠ ਸਿੱਖਾਂ ਦੀਆਂ ਦਸਤਾਰਾਂ ਚੈਕ ਕਰਨ ਦੀ ਗੱਲ ਸਾਹਮਣੇ ਆਉਂਦੀ ਹੈ ਤਾਂ ਸ਼੍ਰੋਮਣੀ ਕਮੇਟੀ ਤੇ ਤਖਤਾਂ ਦੇ ਜਥੇਦਾਰ ਫਰਾਂਸ, ਇਟਲੀ ਤੇ ਅਮਰੀਕਾ ਵਰਗੇ ਵਿਕਸਤ ਮੁਲਕਾਂ ਦੀਆਂ ਸਰਕਾਰਾਂ ਨੂੰ ਵੰਗਾਰਨ ਤੁਰ ਪੈਂਦੇ ਹਨ। ਲੇਕਿਨ ਜਦੋਂ ਦਸਤਾਰ ਦਾ ਨਿਰਾਦਰ ਭਾਰਤ ਦੇ ਪ੍ਰਧਾਨ ਮੰਤਰੀ ਤੇ ਉਹ ਵੀ ਬਾਦਲ ਦਲ ਦੀ ਸਟੇਜ ਤੇ ਹੁੰਦਾ ਹੈ ਤਾਂ ਸਿੱਖ ਸੰਗਤਾਂ ਤਾਂ ਰੋਹ ਦਾ ਪ੍ਰਗਟਾਵਾ ਕਰਦੀਆਂ ਹਨ ਪਰ ਖੁਦ ਨੂੰ ਸਿੱਖਾਂ ਦੀ ਚੁਣੀ ਹੋਈ ਨੁਮਾਇੰਦਾ ਸੰਸਥਾ ਕਹਾਉਣ ਵਾਲੀ ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਚੁੱਪ ਧਾਰਨ ਕਰ ਲੈਂਦੇ ਹਨ।

ਸਵਾਲ ਤਾਂ ਇਹ ਵੀ ਪੁੱਛਿਆ ਜਾ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਪ੍ਰਬੰਧ ਹੇਠਲੇ ਗੁਰਦੁਆਰਾ ਸਾਹਿਬਾਨ ਵਿਖੇ ਗੁਰੂ ਦੀ ਗੋਲਕ ਦੀ ਮਾਇਆ ਨਾਲ ਖਰੀਦ ਕੀਤੀਆਂ ਰਸਦਾਂ ਦਾ ਤਿਆਰ ਕੀਤਾ ਉਹ ਲੰਗਰ, ਲੰਗਰ ਨਹੀਂ ਸੀ ਜੋ ਬਾਦਲ ਦਲ ਦੀ ਮਲੋਟ ਰੈਲੀ ਵਿਖੇ ਵੰਡਣ ਲਈ ਲਿਆਂਦਾ ਗਿਆ। ਕੀ ਇਹ ਉਹ ਰਸਦਾਂ ਨਹੀਂ ਸਨ ਜਿਨ੍ਹਾਂ ਦੀ ਖਰੀਦ ਕਰਦਿਆਂ ਮੋਦੀ ਸਰਕਾਰ ਵਲੋਂ ਲਗਾਇਆ ਗੁਡਜ਼ ਐਂਡ ਸਰਵਿਸ ਟੈਕਸ ਸ਼੍ਰੋਮਣੀ ਕਮੇਟੀ ਅਦਾ ਕਰਦੀ ਹੈ। ਅਖਬਾਰਾਂ ਵਿੱਚ ਛਪੀਆਂ ਤਸਵੀਰਾਂ ਨੂੰ ਵੇਖ ਕੇ ਸਾਫ ਨਜ਼ਰ ਆਉਂਦਾ ਹੈ ਕਿ ਪ੍ਰਬੰਧਕਾਂ ਨੇ ਗੁਰੂ ਘਰਾਂ ਤੋਂ ਪੁੱਜੇ ਲੰਗਰ ਦਾ ਨਿਰਾਦਰ ਹੁੰਦਾ ਵੇਖ ਕੇ ਵੀ ਕੋਈ ਪਸ਼ਚਾਤਾਪ ਕਰਨਾ ਜ਼ਰੂਰੀ ਨਹੀ ਸਮਝਿਆ। ਜਿਸ ਤਰ੍ਹਾਂ ਮਲੋਟ ਰੈਲੀ ਵਿਖੇ ਗੈਰ ਜ਼ਿੰਮੇਵਾਰਾਨਾ ਢੰਗ ਨਾਲ ਲੰਗਰ ਲਿਆਕੇ ਵਰਤਾਇਆ ਗਿਆ ਤੇ ਲੋੜ ਤੋਂ ਵੱਧ ਖਰਾਬ ਕੀਤਾ ਗਿਆ, ਉਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਲੱਗੀ ਹੈ।

**ਮਾਨ ਵਲੋਂ ਨਿਖੇਧੀ** : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਬਾਦਲਕਿਆਂ ਨੇ ਮਲੋਟ ਵਿਚ ਹੋਈ ਭਾਜਪਾ ਦੀ ਰੈਲੀ ਦੌਰਾਨ ਪੁੱਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਿਰ 'ਤੇ ਦਸਤਾਰ ਰੱਖ ਕੇ ਘੋਰ ਬੇਅਦਬੀ ਕਰਾਈ ਹੈ ਕਿਉਂਕਿ ਮੋਦੀ ਇਹ ਨਹੀਂ ਜਾਣਦੇ ਹਨ ਕਿ ਦਸਤਾਰ ਸਿੱਖਾਂ ਲਈ ਕਿੰਨੀ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਵਰਤਾਏ ਲੰਗਰ ਦੀ ਸੜਕਾਂ 'ਤੇ ਹੋਈ ਬੇਅਦਬੀ ਲਈ ਬਾਦਲ ਦਲ ਜ਼ਿੰਮੇਵਾਰ ਹੈ।

## ਮੋਦੀ ਨੇ ਕਿਸਾਨੀ ਕੀਤੀ ਨਿਰਾਸ਼: ਕੈਪਟਨ

**ਚੰਡੀਗੜ੍ਹ/ਬਿਊਰੋ ਨਿਊਜ਼** : ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮਲੋਟ ਰੈਲੀ ਦੌਰਾਨ ਕਿਸਾਨੀ ਸੰਕਟ ਨਾਲ ਜੁੜੇ ਅਹਿਮ ਮਸਲਿਆਂ ਨੂੰ ਸੁਲਝਾਉਣ ਲਈ ਕੋਈ ਠੋਸ ਪ੍ਰੋਗਰਾਮ ਨਾ ਦੇਣ 'ਤੇ ਨਿਰਾਸ਼ਾ ਜ਼ਾਹਿਰ ਕੀਤੀ ਹੈ। ਕੈਪਟਨ ਨੇ ਅਕਾਲੀਆਂ ਨੂੰ ਵੀ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਇਨ੍ਹਾਂ ਨੇ ਹਰਿਆਣਾ ਦੇ ਮੁੱਖ ਮੰਤਰੀ ਨੂੰ ਰੈਲੀ ਵਿੱਚ ਹਾਜ਼ਰ ਹੋਣ ਦੀ ਇਜਾਜ਼ਤ ਦੇ ਕੇ ਪੰਜਾਬ ਨਾਲ ਧ੍ਰੋਹ ਕਮਾਇਆ ਹੈ। ਮੁੱਖ ਮੰਤਰੀ ਨੇ ਹੈਰਾਨੀ ਜ਼ਾਹਿਰ ਕੀਤੀ ਕਿ ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਕਿਸਾਨ ਖੁਦਕੁਸ਼ੀਆਂ, ਖੇਤੀ ਕਰਜ਼ਿਆਂ ਅਤੇ ਸਵਾਮੀਨਾਥਨ ਰਿਪੋਰਟ ਦਾ ਜ਼ਿਕਰ ਤੱਕ ਨਹੀਂ ਕੀਤਾ। ਮੁੱਖ ਮੰਤਰੀ ਨੇ ਕਿਹਾ ਸ੍ਰੀ ਮੋਦੀ ਨੇ ਆਪਣੇ ਭਾਸ਼ਣ ਵਿੱਚ ਕਿਸਾਨਾਂ ਦੀ ਭਲਾਈ ਦੀ ਗੱਲ ਕਰਨ ਦੀ ਬਜਾਏ ਐਨਡੀਏ. ਸਰਕਾਰ ਦੇ ਚਾਰ ਵਰ੍ਹਿਆਂ ਦੇ ਕਾਰਜਕਾਲ ਦਾ ਢੋਲ ਹੀ ਵਜਾਇਆ ਜਦਕਿ ਕੇਂਦਰ ਸਰਕਾਰ ਹਰ ਮੁਹਾਜ਼ 'ਤੇ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ।

## ਮੋਦੀ ਵੱਲੋਂ ਕੈਪਟਨ ਨੂੰ 'ਸਲਾਮ' ਭੇਜਣ 'ਤੇ ਅਕਾਲੀਆਂ ਤੇ ਕਾਂਗਰਸ ਦਾ ਮੱਥਾ ਠਣਕਿਆ

**ਬਠਿੰਡਾ/ਬਿਊਰੋ ਨਿਊਜ਼** : ਅਕਾਲੀ-ਭਾਜਪਾ ਗੱਠਜੋੜ ਦੀ ਮਲੋਟ ਰੈਲੀ ਵਿਚ ਪੁੱਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਨੂੰ ਦੁਆ ਸਲਾਮ ਭੇਜਣੀ ਨਹੀਂ ਭੁੱਲੇ। ਭਿਸੀਆਣਾ ਦੇ ਹਵਾਈ ਅੱਡੇ 'ਤੇ ਸਵਾਗਤ ਲਈ ਪੁੱਜੇ ਪੰਜਾਬ ਦੇ ਦੋ ਮੰਤਰੀਆਂ ਹੱਥ ਨਰਿੰਦਰ ਮੋਦੀ ਨੇ ਸੁਨੇਹਾ ਦਿੱਤਾ " ਕੈਪਟਨ ਸਾਹਿਬ ਕੋ ਮੇਰਾ ਸਲਾਮ ਕਹਿਨਾ। " ਪਿਛਲੀ ਵਾਰ ਸ੍ਰੀ ਮੋਦੀ ਨੇ ਵਿਧਾਨ ਸਭਾ ਚੋਣ ਨਤੀਜਿਆਂ ਦੇ ਪ੍ਰਸੰਗ ਵਿੱਚ ਕਾਂਗਰਸ 'ਤੇ ਹੱਲਾ ਬੋਲਦਿਆਂ ਕੈਪਟਨ ਅਮਰਿੰਦਰ ਸਿੰਘ ਨੂੰ 'ਆਜ਼ਾਦ ਸਿਪਾਹੀ' ਆਖਿਆ ਸੀ। ਪਰ ਹੁਣ ਪ੍ਰਧਾਨ ਮੰਤਰੀ ਦੀ ਅਮਰਿੰਦਰ ਪ੍ਰਤੀ ਮੋਹ ਭਰੀ ਸੁਰ ਤੋਂ ਅਕਾਲੀ ਲੀਡਰਸ਼ਿਪ ਬਹੁਤੀ ਖ਼ੁਸ਼ ਨਹੀਂ ਜਾਪਦੀ ਜਦਕਿ ਕਾਂਗਰਸੀ ਖੇਮਾ ਇਸ ਦੇ ਆਪਣੇ ਮਾਅਨੇ ਕੱਢ ਰਿਹਾ ਹੈ। ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਊਰਜਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਤੇ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ ਪ੍ਰੋਟੋਕਾਲ ਨਾਤੇ ਕੱਲ੍ਹ ਪ੍ਰਧਾਨ ਮੰਤਰੀ ਦੇ ਸਵਾਗਤ ਲਈ ਭਿਸੀਆਣਾ ਹਵਾਈ ਅੱਡੇ 'ਤੇ ਪੁੱਜੇ। ਜਾਣ ਪਛਾਣ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਇਸ ਮੌਕੇ ਪੰਜਾਬ ਦੇ ਮੰਤਰੀਆਂ ਨੂੰ ਆਖਿਆ ਕਿ ਉਹ ਕੈਪਟਨ ਸਾਹਿਬ ਨੂੰ ਉਨ੍ਹਾਂ ਦੀ ਸਲਾਮ ਆਖਣ। ਹਾਲਾਂਕਿ ਮੰਤਰੀਆਂ ਨੇ ਇਸ ਨੂੰ ਸਹਿਜੇ ਲਿਆ ਪਰ ਮਲੋਟ ਰੈਲੀ ਦੀ ਸਮਾਪਤੀ ਮਗਰੋਂ ਭਿਸੀਆਣਾ ਹਵਾਈ ਅੱਡੇ ਤੋਂ ਵਿਦਾ ਹੋਣ ਲੱਗੇ ਤਾਂ ਪ੍ਰਧਾਨ ਮੰਤਰੀ ਨੇ ਮੰਤਰੀਆਂ ਨੂੰ ਮੁੜ ਇਹੀ ਗੱਲ ਆਖੀ ਤਾਂ ਉਨ੍ਹਾਂ ਦਾ ਮੱਥਾ ਠਣਕਿਆ। ਸੂਤਰਾਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਦੇ ਵਿਦਾ ਹੋਣ ਮੌਕੇ ਜਦੋਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਪੰਜਾਬ ਦੇ ਮੰਤਰੀਆਂ ਦੀ ਜਾਣ ਪਛਾਣ ਕਰਾਉਣ ਆਏ ਤਾਂ ਸ੍ਰੀ ਮੋਦੀ ਨੇ ਆਖਿਆ " ਮੈਂ ਜਾਨਤਾ ਹੂੰ " ਅਤੇ ਉਨ੍ਹਾਂ ਮੰਤਰੀਆਂ ਨੂੰ ਕੈਪਟਨ ਸਾਹਿਬ ਨੂੰ ਸਲਾਮ ਦਾ ਸੁਨੇਹਾ ਯਾਦ ਨਾਲ ਪਹੁੰਚਾ ਦੇਣ ਦਾ ਚੇਤਾ ਕਰਵਾਇਆ। ਉਸ ਤੋਂ ਬਾਅਦ ਬੀਬੀ ਹਰਸਿਮਰਤ ਕੌਰ ਬਾਦਲ ਯਕਦਮ ਚੁੱਪ ਹੋ ਗਏ। ਸ਼੍ਰੋਮਣੀ ਅਕਾਲੀ ਤਰਫ਼ੋਂ ਭਿਸੀਆਣਾ ਹਵਾਈ ਅੱਡੇ 'ਤੇ ਮੋਦੀ ਦੇ ਸਵਾਗਤ ਲਈ ਸਾਬਕਾ ਮੰਤਰੀ ਜਥੇਦਾਰ ਤੋਤਾ ਸਿੰਘ, ਬੀਬੀ ਜਗੀਰ ਕੌਰ, ਹੀਰਾ ਸਿੰਘ ਗਾਬੜੀਆ ਅਤੇ ਸਾਬਕਾ ਮੁੱਖ ਸੰਸਦੀ ਸਕੱਤਰ ਸਰੂਪ ਚੰਦ ਸਿੰਗਲਾ ਪੁੱਜੇ ਹੋਏ ਸਨ। ਸ੍ਰੀ ਸਿੰਗਲਾ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਸ੍ਰੀ ਮੋਦੀ ਨੇ ਸਭਨਾਂ ਦੀ ਹਾਜ਼ਰੀ 'ਚ ਇਹ ਆਖਿਆ ਸੀ। ਉਂਜ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੂੰਹੋਂ ਪਿਛਲੇ ਸਮੇਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪ੍ਰਤੀ ਇਹ ਗੱਲ ਨਹੀਂ ਸੁਣੀ ਗਈ ਕਿ ਕੇਂਦਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨੇ ਵੀ ਮਲੋਟ ਰੈਲੀ ਦੌਰਾਨ ਅਮਰਿੰਦਰ ਸਿੰਘ ਦਾ ਨਾਮ ਲੈ ਕੇ ਕੋਈ ਸਿਆਸੀ ਹੱਲਾ ਨਹੀਂ ਬੋਲਿਆ ਤੇ ਉਨ੍ਹਾਂ ਪੰਜਾਬ ਦੀ ਕਾਂਗਰਸ ਸਰਕਾਰ ਜਿਹੇ ਅਲਫ਼ਾਜ਼ ਦੀ ਵਰਤੋਂ ਕੀਤੀ। ਉਂਜ, ਸੁਖਬੀਰ ਸਿੰਘ ਬਾਦਲ ਨੇ ਤਾਂ ਸਟੇਜ ਤੋਂ ਮਲਵੀਂ ਜਿਹੀ ਜੀਭ ਨਾਲ ਆਖਿਆ ਸੀ ਕਿ ਕੈਪਟਨ ਜਿਣਸਾਂ ਦੇ ਭਾਅ ਵਧਾਏ ਜਾਣ ਮਗਰੋਂ ਪ੍ਰਧਾਨ ਮੰਤਰੀ ਦਾ ਧੰਨਵਾਦ ਕਰਨ ਵੀ ਨਹੀਂ ਗਏ।

ਅੰਮ੍ਰਿਤਸਰ ਟਾਈਮਜ਼ AMRITSAR TIMES

18 ਜੁਲਾਈ 2018 ਤੋਂ 24 ਜੁਲਾਈ 2018

## ਪੰਥ ਨੂੰ ਦਰਪੇਸ਼ ਖਤਰਿਆਂ ਦੇ ਸਹੀ ਮਾਅਨੇ

ਅੱਜ ਸਾਡੇ ਕੋਲ ਸਿਰਫ ਸੱਤਾ ਪ੍ਰਾਪਤੀ ਵਾਸਤੇ 'ਪੰਥ ਨੂੰ ਖਤਰਾ' ਕਹਿ ਕੇ ਨਾਅਰੇ ਲਾਉਣ ਵਾਲੇ, ਬਿਪਰਵਾਦੀਆਂ ਨਾਲ ਰਲ ਕੇ ਸੱਤਾ ਦੀ ਜੂਠ ਖਾਣ ਵਾਲੇ ਆਗੂਆਂ ਦੀ ਭਰਮਾਰ ਹੈ। ਨਾਗਪੁਰੀਏ, ਭਗਵੇਂ, ਚਿੱਟੇ ਤੇ ਨੀਲੇ ਇਹ ਸਭ ਸੱਤਾ ਦੇ ਵਪਾਰੀ ਤੇ ਸਿੱਖੀ ਦੇ ਦੁਸ਼ਮਣ ਹਨ। ਕੌਮ ਵਾਰ-ਵਾਰ ਇਨ੍ਹਾਂ ਦੇ ਮੁਖੌਟਿਆਂ ਤੋਂ ਭਲੇਖਾ ਖਾਂਦੀ ਆ ਰਹੀ ਹੈ ਅਤੇ ਅੱਗੇ ਨੂੰ ਵੀ ਫਿਲਹਾਲ ਕੋਈ ਉਮੀਦ ਦੀ ਕਿਰਨ ਦਿਖਾਈ ਨਹੀਂ ਦੇ ਰਹੀ। ਸਿੱਖ ਕੌਮ ਵਿਚ ਭੁਲੇਖਿਆਂ ਅਤੇ ਅਤੇ ਦੁਬਿਧਾਵਾਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ। ਇਹ ਸਵਾਲ ਜਿਉਂ ਦਾ ਤਿਉਂ ਹੈ ਕਿ ਆਮ ਸਿੱਖ ਦਾ ਮਨ ਗੁਰੂਆਂ ਵੱਲੋਂ ਬਖਸ਼ੇ ਆਜ਼ਾਦ ਤੇ ਪ੍ਰਭੂਸੱਤਾ ਸੰਪੰਨ ਸਿੱਖ ਰਾਜ ਦੀ ਪ੍ਰਾਪਤੀ ਲਈ ਤਿਆਰ ਕਿਉਂ ਨਹੀਂ ਹੈ। ਹਿੰਦੂਸਤਾਨ ਵਿਚ ਸਿੱਖ ਕੌਮ ਨੂੰ ਕਈ ਵਾਰ ਨਿੱਕੇ-ਨਿੱਕੇ ਸਿੱਖ ਮੁੱਦਿਆਂ 'ਤੇ ਵੀ ਵੱਡਾ ਤੇ ਲੰਮਾ ਸੰਘਰਸ਼ ਕਰਨਾ ਪੈਂਦਾ ਹੈ।ਇੰਞ ਜਾਪਦਾ ਹੈ ਕਿ ਅਸੀਂ ਕੌਮੀ ਪ੍ਰਵਾਨਿਆਂ ਵਾਲਾ ਰਾਹ ਛੱਡ ਕੇ ਬਿਪਰਵਾਦੀਆਂ ਦਾ ਸੁਆਰਥੀ, ਅਕ੍ਰਿਤਘਣ ਹੋਣ ਵਾਲਾ ਰਾਹ ਫੜ ਲਿਆ ਹੈ।

ਖਾਲਸਾ ਪੰਥ ਤੇ ਪੰਜਾਬ ਇਕ ਜਿਸਮ-ਇਕ ਜਾਨ ਹਨ। ਇਹ ਖਾਲਸਾ ਕੌਮ ਦੀ ਉਹ ਸਰਜ਼ਮੀਨ ਹੈ, ਜਿੱਥੇ ਦਸ ਗੁਰੂ ਸਾਹਿਬਾਨ ਦੇ ਰੂਹਾਨੀ ਰੰਗ ਵਿਚ ਰੰਗੇ ਇਨਕਲਾਬੀ ਫਲਸਫੇ ਨੇ ਇਤਿਹਾਸਕ ਮਾਰਚ ਕੀਤਾ ਹੈ। ਇਸ ਕਰਕੇ ਸਿੱਖਾਂ ਤੇ ਪੰਜਾਬ ਨੂੰ ਨਿਖੇੜ ਕੇ ਦੇਖਣ ਵਾਲੀ ਅੱਖ ਦਾ ਨਜ਼ਰੀਆ ਜਾਂ ਤਾਂ ਦੁਸ਼ਮਣ ਦਾ ਜ਼ਰਖਰੀਦ ਹੋਵੇਗਾ ਜਾਂ ਇਹ ਉਸ ਦੀ ਆਪਣੀ ਵਿਚਾਰਧਾਰਕ ਸਮਝ ਵਿਚਲਾ ਟੀਰ ਹੋਵੇਗਾ। ਸੰਸਾਰ ਭਰ ਦੀਆਂ ਜਾਗਦੀਆਂ ਕੌਮਾਂ ਦਾ ਇਤਿਹਾਸ ਜ਼ਾਮਨ ਹੈ ਕਿ ਉਹ ਆਪਣੇ ਕੌਮੀ ਨਿਸ਼ਾਨੇ ਦੀ ਪ੍ਰਾਪਤੀ ਲਈ ਜੂਝਦੀਆਂ ਰਹਿੰਦੀਆਂ ਹਨ। ਨਿਸ਼ਾਨੇ ਦੀ ਪ੍ਰਾਪਤੀ ਦੀ ਲੜਾਈ ਦੇ ਢੰਗ ਬਦਲਦੇ ਰਹਿੰਦੇ ਹਨ, ਬਦਲਦੇ ਰਹਿਣਗੇ।

ਦਰਅਸਲ ਅਸੀਂ ਪੰਥ ਨੂੰ ਦਰਪੇਸ਼ ਅਸਲੀ ਖਤਰਿਆਂ ਨੂੰ ਜਾਣ ਹੀ ਨਹੀਂ ਸਕੇ ਹਾਂ। "ਊੜੇ ਤੇ ਜੂੜੇ" ਦੀ ਲੜਾਈ ਆਪਣੀ ਬੋਲੀ, ਸੱਭਿਆਚਾਰ ਤੇ ਨਿਆਰੀ ਪਹਿਚਾਣ ਦੀ ਕਾਇਮੀ ਤੋਂ ਵੀ ਕਿਤੇ ਵੱਧ ਪੰਜ ਸਦੀਆਂ ਪਹਿਲਾਂ ਸ਼ੁਰੂ ਹੋਈ ਉਸ ਲੜਾਈ ਦੇ ਮੁੱਢ ਜਾ ਖੜ੍ਹਦੀ ਹੈ, ਜਦੋਂ ਗੁਰੂ ਬਾਬੇ ਨੇ ਬਿਪਰਵਾਦ ਦੀ ਝੂਠ ਦੀ ਦੁਕਾਨ ਨੂੰ ਬੰਦ ਕਰਨ ਦਾ ਹੋਕਾ ਦਿੱਤਾ ਸੀ। ਗੁਰੂ ਨਾਨਕ ਦੇ ਸਿੱਖ ਪੰਥ ਨੂੰ ਦਰਪੇਸ਼ ਖਤਰਿਆਂ ਦੇ ਸਹੀ ਮਾਅਨੇ ਅਸੀਂ ਉਦੋਂ ਹੀ ਜਾਣ ਸਕਾਂਗੇ, ਜਦੋਂ ਸਾਡਾ ਹਰ ਕਰਮ ਗੁਰਬਾਣੀ-ਗੁਰਮਤਿ ਦੀ ਰੌਸ਼ਨੀ ਵਿਚ ਸਾਧਿਆ ਜਾਵੇਗਾ। ਗੁਰੂ ਪਿਤਾ ਨੇ ਸਾਨੂੰ ਦੁਨਿਆਵੀ ਤੇ ਰੂਹਾਨੀ ਦੋਵੇਂ ਜਹਾਨ ਦੀ ਪਾਤਸ਼ਾਹੀ ਬਖਸ਼ੀ ਹੈ। ਮੀਰੀ ਤੇ ਪੀਰੀ ਦਾ ਸਿਧਾਂਤ ਦਿੱਤਾ ਹੈ। ਇਕ ਆਜ਼ਾਦ, ਇਨਸਾਫਪਸੰਦ ਤੇ ਜਬਰ-ਜ਼ੁਲਮ ਖਿਲਾਫ ਲੜਨ ਵਾਲੇ ਖਾਲਸੇ ਦੀ ਸਾਜਨਾ ਕਰਕੇ ਇਸ ਧਰਤੀ ਉਤੇ ਖਾਲਸਾ ਰਾਜ ਦੀ ਸਥਾਪਤੀ ਕਰਨ ਦੀ ਪ੍ਰੇਰਣਾ ਦਿੱਤੀ ਹੈ। ਮਹਾਨ ਇਨਕਲਾਬੀ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦੀ ਬੁਨਿਆਦ ਹੀ ਇਸ ਧਰਤੀ ਤੇ ਹਲੇਮੀ ਰਾਜ ਦੀ ਸਥਾਪਤੀ ਲਈ ਕੀਤੀ ਸੀ। ਬਾਕੀ ਗੁਰੂ ਸਾਹਿਬਾਨ ਨੇ ਸਮੇਂ-ਸਮੇਂ ਮੁਤਾਬਕ ਇਸ ਕੌਮੀ ਨਿਸ਼ਾਨੇ ਦੀ ਪੂਰਤੀ ਲਈ ਆਪੋ-ਆਪਣਾ ਯੋਗਦਾਨ ਪਾਇਆ। ਬਿਪਰਵਾਦ ਸਿੱਖ ਦਾ ਅਸਲ ਦੁਸ਼ਮਣ ਹੈ। ਬਿਪਰਵਾਦ ਬੌਧਿਕ ਭ੍ਰਿਸ਼ਟਾਚਾਰ ਦੀ ਸਿਖਰ ਹੈ, ਜੋ ਹਮੇਸ਼ਾ ਪਾਖੰਡ ਤੇ ਦੰਭ ਦੇ ਸਹਾਰੇ ਰੱਬ ਦੀ ਬਣਾਈ ਇਸ ਖੂਬਸੂਰਤ ਦੁਨੀਆ ਦੀ ਆਪਣੇ ਨਿੱਜੀ ਪਦਾਰਥਕ ਸੁਖਾਂ ਲਈ ਸਦੀਆਂ ਤੋਂ ਲੁੱਟ-ਖਸੁੱਟ ਕਰਦਾ ਆ ਰਿਹਾ ਹੈ। ਜਦੋਂ ਗੁਰੂ ਨਾਨਕ ਸਾਹਿਬ ਨੇ ਜਨੇਊ ਪਾਉਣ ਤੇ ਝੂਠ ਤੇ ਮਾਨਵੀ ਲੁੱਟ-ਖਸੁੱਟ ਦੀ ਪਾਠਸ਼ਾਲਾ 'ਚ ਪੜ੍ਹਾਈ ਕਰਨ ਤੋਂ ਇਨਕਾਰ ਕੀਤਾ ਸੀ ਤਾਂ ਇਹ ਇਸ ਬਿਪਰਵਾਦ ਦੀ ਗੁਲਾਮੀ ਨੂੰ ਤੋੜਨ ਦਾ ਪਹਿਲਾ ਕਦਮ ਹੀ ਸੀ। ਦੂਜੇ ਗੁਰੂ ਸਾਹਿਬਾਨ ਅੰਗਦ ਦੇਵ ਜੀ ਗੁਰਮੁਖੀ ਦੀ ਘਾੜਤ ਘੜਦੇ ਹੋਏ ਬਿਪਰਵਾਦ ਦੁਆਰਾ ਗਿਆਨ ਨੂੰ ਕੈਦ ਕਰ ਕੇ ਰੱਖਣ ਦੇ ਭਾਸ਼ਾਈ ਕਿਲ੍ਹੇ ਵਿਚ ਸੰਨ੍ਹ ਹੀ ਤਾਂ ਮਾਰ ਰਹੇ ਸਨ। ਗੁਰੂ ਕੇ ਲੰਗਰ, ਸੰਗਤ-ਪੰਗਤ, ਆਦਿ ਗ੍ਰੰਥ ਦੀ ਬੀੜ ਦੀ ਸਥਾਪਨਾ, ਸ੍ਰੀ ਅਕਾਲ ਤਖਤ ਦੀ ਸਥਾਪਨਾ ਅਤੇ ਅਖੀਰ ਨਿਰਮਲੇ ਪੰਥ ਨੂੰ ਖਾਲਸਾ ਪੰਥ ਦਾ ਰੂਪ ਦੇ ਕੇ ਦੁਨੀਆ ਦੀ 'ਸਿਰਦਾਰੀ' ਬਖ਼ਸ਼ਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗਾ ਕੇ ਰਾਜ ਕਰੇਗਾ ਖਾਲਸਾ ਦਾ ਨਾਅਰਾ ਬੁਲੰਦ ਕਰਵਾਉਣਾ, ਇਸ ਧਰਤੀ ਤੇ ਇਸ ਦੇ ਵਾਸ਼ਿੰਦਿਆਂ ਨੂੰ ਬਿਪਰਵਾਦ ਦੀ ਹਰੇਕ ਤਰ੍ਹਾਂ ਦੀ ਮਾਨਸਿਕ, ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਅਤੇ ਸੱਭਿਆਚਾਰਕ ਲੁੱਟ-ਖਸੁੱਟ ਵਾਲੀ ਗੁਲਾਮੀ ਤੋਂ ਨਿਜ਼ਾਤ ਦਿਵਾਉਣਾ ਸੀ। ਗੁਰੂ ਸਾਹਿਬਾਨ ਦਾ ਮਿਸ਼ਨ ਹਰ ਮਨੁੱਖ 'ਚੋਂ ਗੁਲਾਮੀ ਦੀ ਭਾਵਨਾ ਨੂੰ ਖ਼ਤਮ ਕਰਕੇ ਇਹ ਦ੍ਰਿੜ ਕਰਵਾਉਣਾ ਸੀ ਕਿ ਹਰ ਮਨੁੱਖ ਆਜ਼ਾਦ ਜੰਮਦਾ ਹੈ ਅਤੇ ਅਜ਼ਾਦੀ ਉਸ ਦਾ ਜਮਾਂਦਰੂ ਹੱਕ ਹੈ।

ਗੁਰੂ ਦਾ ਖਾਲਸਾ ਤੇ ਗੁਲਾਮੀ ਕਦੇ ਇਕੱਠੇ ਨਹੀਂ ਚੱਲ ਸਕਦੇ। ਸਿੱਖ ਲਈ ਆਜ਼ਾਦੀ ਉਸ ਦੀ ਵਿਰਾਸਤ ਦੀ ਗੁੜ੍ਹਤੀ ਹੈ। ਇਸੇ ਕਰਕੇ ਖੰਡੇ ਦੀ ਪਾਹੁਲ ਦੀ ਗੁੜ੍ਹਤੀ ਲੈ ਕੇ ਪੈਦਾ ਹੋਏ ਖਾਲਸੇ ਨੇ 800 ਸਾਲ ਪੁਰਾਣੀ ਮੁਗ਼ਲ ਹਕੂਮਤ ਨੂੰ ਜੜ੍ਹੋਂ ਪੁੱਟ ਸੁੱਟਿਆ ਸੀ। ਇਸ ਸਭ ਦੇ ਬਾਵਜੂਦ ਗੁਰੂ ਪਿਤਾ ਨੇ ਇਕ ਸ਼ਰਤ ਵੀ ਲਗਾਈ ਸੀ; ਬਿਪਰਨ ਕੀ ਰੀਤ ਨਾ ਕਰਨ ਦੀ। ਬਿਪਰਵਾਦ ਦੇ ਝਾਂਸੇ ਵਿਚ ਆਏ ਤਾਂ ਮੁੜ ਤੋਂ ਗੁਲਾਮੀ ਦਾ ਭੱਠ ਝੋਕਣ ਲੱਗੇ। ਫਿਰ ਸੰਭਲੇ ਤਾਂ ਜਿਨ੍ਹਾਂ ਦੇ ਰਾਜ ਵਿਚ ਕਦੇ ਸੂਰਜ ਨਹੀਂ ਸੀ, ਛਿਪਦਾ ਉਨ੍ਹਾਂ ਅੰਗਰੇਜ਼ਾਂ ਨੂੰ ਇਸ ਧਰਤੀ ਤੋਂ ਰੁਖਸਤ ਕਰਕੇ ਸਾਹ ਲਿਆ। ਪਰ ਬਿਪਰਵਾਦ ਸ਼ਹਿ ਲਾ ਕੇ ਬੈਠਾ ਸੀ। ਅਸੀਂ ਗੁਰੂ ਦੀ ਦਿੱਤੀ ਸਿਆਣ ਫਿਰ ਭੁੱਲ ਗਏ ਤੇ 'ਬਿਪਰਨ ਕੀ ਰੀਤ' ਨਾਲ ਹੋ ਤੁਰੇ। ਗੁਰੂ ਪਿਤਾ ਨੇ ਕਦੇ ਅਸੀਂ "ਰਾਜ ਕਰੇਗਾ ਖਾਲਸਾ" ਦੇ ਜੈਕਾਰੇ ਨਾਲ ਵਿਸ਼ਵ ਵਿਆਪੀ ਹਲੇਮੀ ਰਾਜ ਦੇ ਦਾਅਵੇਦਾਰ ਬਣਾਏ ਸੀ। ਖਾਲਸੇ ਦੀ ਆਜ਼ਾਦੀ ਦੀ ਉਸ ਚਿਣਗ ਨੂੰ ਹਮੇਸ਼ਾ ਜਗਾਈ ਰੱਖਣ ਅਤੇ ਕੌਮੀ ਨਿਸ਼ਾਨੇ ਦੀ ਪ੍ਰਾਪਤੀ ਲਈ 'ਬਿਪਰਨ ਕੀ ਰੀਤ' ਨੂੰ ਸਖਤੀ ਨਾਲ ਤਿਆਗਣ ਦੀ ਸ਼ਰਤ ਵਿਚ ਹੀ ਸਿੱਖ ਕੌਮ ਦਾ ਸੁਨਹਿਰਾ ਭਵਿੱਖ ਛੁਪਿਆ ਹੋਇਆ ਹੈ।

ਬਿਪਰਵਾਦੀਆਂ ਨਾਲ ਆਪਣੀ ਹੋਣੀ ਜੋੜਨ ਕਰਕੇ ਸਿੱਖ ਕੌਮ ਵਿਚ ਗੁਰਮਤਿ ਵਿਚਾਰਧਾਰਾ ਦਾ ਖਲਾਅ ਪੈਦਾ ਹੋ ਗਿਆ ਹੈ। ਬਿਪਰ ਦਾ "ਸਾਮ-ਦਾਮ-ਦੰਡ-ਭੇਦ" ਵਾਲਾ ਹਥਿਆਰ ਸਿੱਖ ਆਗੂਆਂ ਨੂੰ ਸੁਆਰਥੀ ਬਣਾ ਗਿਆ ਹੈ। "ਪੰਥ ਵਸੇ ਮੈਂ ਉੱਜੜਾਂ" ਦੀ ਭਾਵਨਾ ਹੌਲੀ-ਹੌਲੀ ਖਤਮ ਹੋ ਗਈ ਅਤੇ ਕੌਮ ਅਡੰਬਰਵਾਦ ਦੀ ਦਲਦਲ 'ਚ ਫਸ ਗਈ। ਸਿੱਖ ਕੌਮ ਨੂੰ ਅੱਜ ਆਪਣੇ ਆਚਰਣ ਵਿਚ ਆਏ ਕਹਿਣੀ ਤੇ ਕਰਨੀ ਦੇ ਫਰਕ ਨੂੰ ਪਛਾਨਣਾ ਹੋਵੇਗਾ। ਸਿੱਖ ਜੀਵਨ-ਜਾਚ ਦੀ ਪਹਿਲ ਤਾਜ਼ਗੀ ਦਾ ਅਹਿਸਾਸ ਮਾਤਰ ਹੀ ਸਾਡੇ ਲਈ "ਸੱਚੀਆਂ ਪਾਤਸ਼ਾਹੀਆਂ" ਦੇ ਬੂਹੇ ਖੋਲ੍ਹ ਦੇਣ ਦੀ ਸਮਰੱਥਾ ਰੱਖਦਾ ਹੈ।

# ਰਹਿਤ ਮਰਯਾਦਾ ਬਨਾਮ ਹੈਲਮਟ



**ਅਖ਼ਬਾਰੀ ਖ਼ਬਰ ਮੁਤਾਬਕ ਬੀਬੀ ਜਗੀਰ ਕੌਰ ਵੱਲੋਂ ਰਹਿਤਮਰਯਾਦਾ ਦਾ ਹਵਾਲਾ ਦਿੱਤਾ ਗਿਆ ਹੈ, ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਸਿੱਖ ਬੀਬੀਆਂ ਨੂੰ ਦੋ ਪਹੀਆ ਵਾਹਨ ਚਲਾਉਣ ਸਮੇਂ ਹੈਲਮਟ ਪਹਿਨਣ ਦਾ ਚੰਡੀਗੜ੍ਹ ਪ੍ਰਸ਼ਾਸਨ ਦਾ ਹੁਕਮ ਸਿੱਖ ਰਹਿਤ ਮਰਯਾਦਾ ਦਾ ਅਪਮਾਨ ਹੈ, ਕਿਉਂਕਿ ਪ੍ਰਵਾਨਤ ਸਿੱਖ ਰਹਿਤ ਮਰਯਾਦਾ 'ਚ ਸਿਰ 'ਤੇ ਟੋਪੀ ਪਾਉਣ ਦੀ ਮਨਾਹੀ ਹੈ ਤੇ ਅਜਿਹਾ ਕਰਨ ਵਾਲੇ ਸਿੱਖ ਨੂੰ ਤਨਖ਼ਾਹੀਆ ਸਮਝਿਆ ਜਾਂਦਾ ਹੈ। ਉਹ ਸਿਰਫ ਅੰਮ੍ਰਿਤ ਛਕਣ ਵੇਲੇ ਟੋਪੀ ਨਾ ਪਾਉਣ ਦੀ ਹਦਾਇਤ ਹੈ ਨਾਕਿ ਦੋ ਪਹੀਆਂ ਵਾਹਣ ਚਲਾਉਣ ਵੇਲੇ ਹੈਲਮਟ ਪਾਉਣ ਦੀ ਮਨਾਹੀ।**

### ਸਰਵਜੀਤ ਸਿੰਘ ਸੈਕਰਾਮੈਂਟੋ

ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਦੋ ਪਹੀਆਂ ਵਾਹਣ ਚਲਾਉਣ ਵਾਲੀਆਂ ਬੀਬੀਆਂ ਲਈ ਸੁਰੱਖਿਆ ਪੱਖੋਂ ਹੈਲਮਟ ਪਾਉਣਾ ਜਰੂਰੀ ਕਰਾਰ ਦਿੱਤੇ ਜਾਣ ਪਿਛੋਂ ਸਿੱਖ ਸਿਆਸਤ ਵਿੱਚ ਇਕ ਭੁਚਾਲ ਜੇਹਾ ਆ ਗਿਆ ਹੈ। ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਜਗੀਰ ਕੌਰ ਦੇ ਇਸ ਬਿਆਨ ਨੇ ਕਿ ਜਦੋਂ ਮੌਤ ਆਉਣੀ ਹੈ ਤਾਂ ਹੈਲਮਟ ਸਾਨੂੰ ਨਹੀਂ ਬਚਾ ਸਕਦਾ ਨੇ ਤਾਂ ਇਸ ਚਰਚਾ ਨੂੰ ਸਿਖਰ ਤੇ ਪਹੁੰਚਾ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਨੇ ਆਪਣੇ ਜਥੇ ਦੀ ਮੀਟਿੰਗ ਕਰਕੇ ਇਕ ਤਰ੍ਹਾਂ ਨਾਲ ਐਲਾਨ ਹੀ ਕਰ ਦਿੱਤਾ ਹੈ ਕਿ ਸਿੱਖ ਬੀਬੀਆਂ ਹੈਲਮਟ ਨਹੀਂ ਪਾਉਣਗੀਆਂ। ਇਸ ਸਬੰਧੀ ਅਕਾਲ ਤਖਤ ਸਾਹਿਬ ਦੇ ਮੁੱਖ ਸੇਵਾਦਾਰ ਨੂੰ ਮੰਗ ਪੱਤਰ ਵੀ ਦਿੱਤਾ ਗਿਆ ਹੈ। ਅਖ਼ਬਾਰੀ ਖ਼ਬਰਾਂ ਮੁਤਾਬਕ ਮੁੱਖ ਸੇਵਾਦਾਰ ਨੇ 23 ਜੁਲਾਈ ਨੂੰ ਹੋਣ ਵਾਲੀ ਮੀਟਿੰਗ ਵਿੱਚ ਇਸ ਸਬੰਧੀ ਵਿਚਾਰ ਕਰਨ ਦਾ ਭਰੋਸਾ ਦਿੱਤਾ ਹੈ। ਦੂਜੇ ਪਾਸੇ ਇਸਤਰੀ ਅਕਾਲੀ ਦਲ ਵੱਲੋਂ ਚੰਡੀਗੜ੍ਹ ਦੇ ਪ੍ਰਸ਼ਾਸਨ ਨੂੰ ਮਿਲਣ ਦਾ ਵੀ ਐਲਾਨ ਕੀਤਾ ਗਿਆ ਹੈ ਤਾਂ ਜੋ ਇਸ ਫੈਸਲੇ ਨੂੰ ਉਲਟਾਇਆ ਜਾ ਸਕੇ।

ਚੰਡੀਗੜ੍ਹ ਪ੍ਰਸ਼ਾਸਨ ਦਾ ਪੱਖ ਇਹ ਹੈ ਕਿ ਜਿਹੜੀਆਂ ਬੀਬੀਆਂ ਦਸਤਾਰ ਸਜਾਉਂਦੀਆਂ ਹਨ, ਉਨ੍ਹਾਂ ਉੱਪਰ ਇਹ ਪਾਬੰਦੀ ਲਾਗੂ ਨਹੀਂ ਹੁੰਦੀ। ਸੁਰੱਖਿਆ ਪੱਖੋਂ ਇਹ ਕਾਨੂੰਨ ਉਨ੍ਹਾਂ ਬੀਬੀਆਂ ਤੇ ਲਾਗੂ ਹੁੰਦਾ ਹੈ ਜੋ ਨੰਗੇ ਸਿਰ, ਦੋ ਪਹੀਆ ਵਾਹਨ ਚਲਾਉਂਦੀਆਂ ਹਨ।ਚਾਹੀਦਾ ਤਾਂ ਇਹ ਸੀ ਕਿ ਬੀਬੀ ਜਗੀਰ ਕੌਰ ਬੀਬੀਆਂ ਨੂੰ ਦਸਤਾਰ ਸਜਾਉਣ ਲਈ ਉਤਸ਼ਾਹਿਤ ਕਰਦੀ, ਪਰ ਉਹ ਤਾਂ ਆਪਣੀ ਸਿਆਸਤ ਚਮਕਾਉਣ ਦੇ ਰਾਹ ਪੈ ਗਈ ਹੈ। ਬੀਬੀ ਜਾਗੀਰ ਕੌਰ ਦਾ ਮੰਨਣਾ ਹੈ ਕਿ ਸਿੱਖ ਰਹਿਤ ਮਰਯਾਦਾ ਵਿੱਚ ਬੀਬੀਆਂ ਨੂੰ ਦਸਤਾਰ ਸਜਾਉਣ ਜਾਂ ਨਾ ਸਜਾਉਣ ਦੀ ਖੁੱਲ ਦਿੱਤੀ ਗਈ ਹੈ। ਇਸ ਲਈ ਦਸਤਾਰ ਦੀ ਬਿਨਾਅ ਤੇ ਦਸਤਾਰ ਨਾ ਸਜਾਉਣ ਵਾਲੀਆਂ ਬੀਬੀਆਂ ਨਾਲ ਵਿਤਕਰਾ ਨਹੀਂ ਕੀਤਾ ਜਾ ਸਕਦਾ। ਇਥੇ ਹੀ ਬਸ ਨਹੀਂ ਬੀਬੀ ਜਗੀਰ ਕੌਰ ਨੇ ਤਾਂ ਚੰਡੀਗੜ੍ਹ ਦੇ ਪ੍ਰਸ਼ਾਸਨ ਨੂੰ ਇਹ ਫੈਸਲਾ ਵਾਪਸ ਨਾ ਲੈਣ ਤੇ ਇਸਤਰੀ ਅਕਾਲੀ ਦਲ ਵੱਲੋਂ ਵਿੱਢੇ ਜਾਣ ਵਾਲੇ ਸੰਘਰਸ਼ਲਈ ਤਿਆਰ ਰਹਿਣ ਦੀ ਚੇਤਾਵਨੀ ਵੀ ਦੇ ਦਿੱਤੀ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ, ਹੈਲਮਟ ਜੋ ਖਾਸ ਕਰਕੇ ਦੋ ਪਹੀਆ ਵਾਹਣ ਚਲਾਉਣ ਵਾਲਿਆਂ ਦੀ ਸੁਰੱਖਿਆ ਲਈ, ਦੁਨੀਆਂ ਭਰ ▾ਚ ਲਾਜ਼ਮੀ ਹੈ, ਦੇ ਵਿਰੋਧ ਦਾ ਕਾਰਨ ਕੀ ਹੈ?

ਸਿੱਖ ਧਰਮ ਵਿੱਚ ਬਹੁਤ ਸਾਰੀਆਂ ਅਜੇਹੀਆਂ ਰਵਾਇਤਾਂ ਹਨ ਜੋ ਸਮੇਂ ਦੇ ਹਾਕਮਾਂ ਦੇ ਖਿਲਾਫ਼ ਕੀਤੀਆਂ ਬਗਾਵਤਾਂ ਦੀ ਉਪਜ ਹਨ।ਮਿਸਾਲ ਵੱਜੋਂ, ਘੋੜੇ ਦੀ ਸਵਾਰੀ ਕਰਨ ਦੀ ਮਨਾਹੀ, ਹਥਿਆਰ ਰੱਖਣ ਦੀ ਮਨਾਹੀ, ਸ਼ਿਕਾਰ ਕਰਨ ਦੀ ਮਨਾਹੀ, ਦਸਤਾਰ ਸਜਾਉਣ ਦੀ ਮਨਾਹੀ ਆਦਿ,ਸਮੇਤ ਦੇਸ਼ ਦੀ ਜਨਤਾ ਤੇ ਅਨੇਕਾਂ ਪਾਬੰਦੀਆਂ ਲਾਈਆਂ ਹੋਈਆਂ ਸਨ। ਗੁਰੂ ਸਾਹਿਬ ਨੇ ਸਮੇਂ-ਸਮੇਂ ਇਨ੍ਹਾਂ ਪਾਬੰਦੀਆਂ ਦੇ ਵਿਰੋਧ ਵਿੱਚ ਬਗਾਵਤੀ ਸੁਰਾਂ ਅਪਨਾਉਂਦਿਆਂ ਸਿੱਖਾਂ ਨੂੰ ਘੋੜੇ ਅਤੇ ਸ਼ਸਤਰ ਰੱਖਣ, ਸ਼ਿਕਾਰ ਕਰਨ ਅਤੇ ਦਸਤਾਰ ਸਜਾਉਣ ਕਰਨ ਦਾ ਹੁਕਮ ਕੀਤਾ।ਸਿੱਖ ਰਹਿਤ ਮਰਯਾਦਾ ਵਿਚ ਦਰਜ ਕੁਰਹਿਤ ਕੁੱਠਾ ਨਹੀਂ ਖਾਣਾ ਦਾ ਕਾਰਨ ਗੁਰਬਾਣੀ ਪਾਠ ਦਰਪਣ ਵਿਚ ਇਸ ਤਰ੍ਹਾਂ ਦਰਜ ਹੈ।

ਕੁੱਠਾ-ਮੁਸਲਮਾਨ ਦੇ ਕਲਮੇ ਵਾਲਾ ਜਿਬ੍ਹਾ ਕੀਤਾ ਮਾਸ ਨਹੀ ਖਾਣਾ ਚਾਹੀਦਾਮੁਸਲਮਾਨਾਂ ਦੀ ਏਨੀ ਪੋਠੋਹਾਰ ਵਿਚ ਸ਼ਰ੍ਹਾ ਸੀ ਜੇ ਕਿਸੇ ਕੁੱਕੜੀ ਮਰਵਾਉਣੀ ਹੋਵੇ, ਬੱਕਰਾ ਮਰਵਾਉਣਾ ਹੋਵੇ ਮੁਸਲਮਾਨ ਹਲਾਲ ਕਰਦੇ ਸਨ ਕਲਮਾਂ ਪੜ੍ਹਕੇ ਤੇ ਫਿਰ ਉਹ ਖਾਂਦੇ ਸੀ। ਸਤਿਗੁਰੂ ਸਾਹਿਬ ਮਹਾਰਾਜ ਸਾਹਿਬ ਜੀ ਨੇ ਇਸ ਗੱਲ ਤੋਂ ਬਿਵਰਤਿਜ ਕੀਤਾ ਹੈ। ਸਿੱਖਾਂ ਨੇ ਉਸ ਦਾ ਉਤਰ ਦੇਣ ਵਾਸਤੇ ਝਟਕਾ ਬਣਾਇਆ ਹੈ।(ਪੰਨਾ 66) ਇਸ ਲਿਖਤ ਤੋਂ ਸਪੱਸ਼ਟ ਹੈ ਕਿ ਝਟਕਾ ਬਗਾਵਤ ਦੀ ਉਪਜ ਹੈ।ਇਸੇ ਤਰ੍ਹਾਂ ਹੀ ਦੂਜੀਆਂ ਕੌਮਾਂ ਵਿਚ ਕੁਲਾਹ ਜਾਂ ਟੋਪੀ ਦਾ ਰਿਵਾਜ ਸੀ। ਪਰ ਸਿੱਖਾਂ ਨੂੰ ਰੋਜ਼ਾਨਾ ਦਸਤਾਰ ਸਜਾਉਣ ਦੀ ਹਦਾਇਤ ਸੀ।

ਸਿੱਖ ਰਹਿਤ ਮਰਯਾਦਾ ਵਿਚ ਪਹਿਰਾਵੇ ਸਬੰਧੀ ਸਿਰਫ ਇਹ ਦਰਜ ਹੈ, ਸਿੱਖ ਲਈ ਕਛਹਿਰੇ ਅਤੇ ਦਸਤਾਰ ਤੋਂ ਛੁਟ ਪੁਸ਼ਾਕ ਸਬੰਧੀ ਬਾਕੀ ਕੋਈ ਪਾਬੰਦੀ ਨਹੀਂ ਹੈ। ਸਿੱਖ ਇਸਤਰੀਦਸਤਾਰ ਸਜਾਏ ਜਾਂ ਨਾ ਸਜਾਏ, ਦੋਵੇਂ ਠੀਕ ਹਨ।

ਅੰਮ੍ਰਿਤ ਸੰਸਕਾਰ ਵਿੱਚ ਸ਼ਾਮਿਲ ਹੋਣ ਵਾਲਿਆਂ ਲਈ ਟੋਪੀ ਨਾ ਪਹਿਨਣ ਦੀ ਹਦਾਇਤ ਜਰੂਰ ਹੈ, ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰਾਂ ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ, ਸਿਰ ਨੰਗਾ ਜਾਂ ਟੋਪੀ ਨਾ ਹੋਵੇ, ਛੇਦਕ ਗਹਿਣੇ ਨਾ ਹੋਣ।

ਅਖ਼ਬਾਰੀ ਖ਼ਬਰ ਮੁਤਾਬਕ ਬੀਬੀ ਜਗੀਰ ਕੌਰ ਵੱਲੋਂ ਰਹਿਤਮਰਯਾਦਾ ਦਾ ਹਵਾਲਾ ਦਿੱਤਾ ਗਿਆ ਹੈ, ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਸਿੱਖ ਬੀਬੀਆਂ ਨੂੰ ਦੋ ਪਹੀਆ ਵਾਹਨ ਚਲਾਉਣ ਸਮੇਂ ਹੈਲਮਟ ਪਹਿਨਣ ਦਾ ਚੰਡੀਗੜ੍ਹ ਪ੍ਰਸ਼ਾਸਨ ਦਾ ਹੁਕਮ ਸਿੱਖ ਰਹਿਤ ਮਰਯਾਦਾ ਦਾ ਅਪਮਾਨ ਹੈ, ਕਿਉਂਕਿ ਪ੍ਰਵਾਨਤ ਸਿੱਖ ਰਹਿਤ ਮਰਯਾਦਾ 'ਚ ਸਿਰ 'ਤੇ ਟੋਪੀ ਪਾਉਣ ਦੀ ਮਨਾਹੀ ਹੈ ਤੇ ਅਜਿਹਾ ਕਰਨ ਵਾਲੇ ਸਿੱਖ ਨੂੰ ਤਨਖ਼ਾਹੀਆ ਸਮਝਿਆ ਜਾਂਦਾ ਹੈ। ਉਹ ਸਿਰਫ ਅੰਮ੍ਰਿਤ ਛਕਣ ਵੇਲੇ ਟੋਪੀ ਨਾ ਪਾਉਣ ਦੀ ਹਦਾਇਤ ਹੈ ਨਾਕਿ ਦੋ ਪਹੀਆਂ ਵਾਹਣ ਚਲਾਉਣ ਵੇਲੇ ਹੈਲਮਟ ਪਾਉਣ ਦੀ ਮਨਾਹੀ।

ਭਾਈ ਪ੍ਰਹਿਲਾਦ ਸਿੰਘ ਦੇ ਨਾਮ ਨਾਲ ਜਾਣੇ ਜਾਂਦੇ ਰਹਿਤਨਾਮੇ ਦੀਆਂ ਕੁਝ ਪੰਗਤੀਆਂ ਜੋ ਅਕਸਰ ਹੀ ਸੁਨਣ ਨੂੰ ਮਿਲਦੀਆਂ ਹਨ, ਅਤੇ ਜਿਨ੍ਹਾਂ ਦਾ ਹਵਾਲਾ ਦੇ ਕੇ ਬੀਬੀ ਜਗੀਰ ਕੌਰ, ਬੀਬੀਆਂ ਨੂੰ ਹੈਲਮਟ ਨਾ ਪਾਉਣ ਲਈ ਉਕਸਾ ਰਹੀ ਹੈ,

ਹੋਇ ਸਿੱਖ ਟੋਪੀ ਧਰੇ,ਸਾਤ ਜਨਮ ਜਨਮ ਕੁਸ਼ਟੀ ਹੋਇ ਮਰੈ।

ਜੋ ਸਿੱਖ ਗਲ ਮਹਿਤਾਗਾਮੇਲੈ,ਚੌਂਪਭ ਬਾਜੀ ਗਨਕਾ ਖੇਲੇ।੪।

ਕੀ ਇਸੇ ਰਹਿਤਨਾਮੇ ਦੀਆਂ ਅਗਲੀਆਂ ਪੰਗਤੀਆਂ ਬੀਬੀ ਜਗੀਰ ਕੌਰ ਨੇ ਨਹੀ ਪੜ੍ਹੀਆਂ?

ਮੀਣਾ ਔਰ ਮਸੰਦੀਆਂ, ਮੋਨਾ ਕੁੜੀ ਜੋ ਮਾਰ।
ਹੋਇ ਸਿੱਖ ਵਰਤਨ ਕਰਹਿ, ਅੰਤ ਕਰੇਗਾ ਖੁਆਰ।੬।

ਕੀ ਇਸੇ ਰਹਿਤਨਾਮੇ ਦੀਆਂ ਅਗਲੀਆਂ ਪੰਗਤੀਆਂ ਸ਼੍ਰੋਮਣੀ ਕਮੇਟੀ ਤੇ ਲਾਗੂ ਨਹੀਂ ਹੁੰਦੀਆਂ?

ਹੁਕਮ ਦੇਖ ਕਾਰ ਨਹੀਂ ਰਾਖੈ, ਗੋਲਕ ਗੋਪ ਮਿਥਿਆ ਮੁਖ ਭਾਖੈ।
ਕਾਰ ਭੇਟ ਸੁੱਖ ਮੰਨਤ ਚੁਰਾਵੈ, ਐਸਾ ਸਿੱਖ ਗੁਰੂ ਨਹੀ ਭਾਵੇ। ੯। (ਰਹਿਤਨਾਮੇ, ਪੰਨਾ 65)

ਇਸੇ ਭਾਵ ਦੀ ਇਕ ਹੋਰ ਪੰਗਤੀ ਹੈ, ਜੋ ਕੇਸਧਾਰੀ ਟੋਪੀ ਰਖੇ ਸੋ ਭੀ ਤਨਖ਼ਾਹੀਆਂ, ਜੋ ਭਾਈ ਚਉਪਾ ਸਿੰਘ ਛਿੱਬਰ ਦੇ ਨਾਮ ਨਾਲ ਜਾਣੇ ਜਾਂਦੇ ਰਹਿਤਨਾਮੇ ਵਿੱਚ ਦਰਜ ਹੈ।(ਪੰਨਾ 96) ਉਹ ਤਾਂ ਬੀਬੀ ਜਗੀਰ ਕੌਰ ਸਮੇਤ ਕਈ ਸਿਆਸਤਦਾਨਾਂ ਨੇ ਆਪਣੀ ਸਿਆਸਤ ਚਮਕਾਉਣ ਲਈ ਵਰਤੀ ਲਈ ਹੈ ਪਰ ਉਸ ਰਹਿਤਨਾਮੇ ਦੀਆਂ ਹੋਰ ਪੰਗਤੀਆਂ ਦਾ ਕੀ ਕੀਤਾ ਜਾਵੇ?

ਜੋ ਸਿੱਖ ਸਹਿਜਧਾਰੀ ਹੋਇਕੈ ਚਹਿਰੇ ਦੇ ਰੋਮ ਲੁਹਾਏ ਸੋ ਭੀ ਤਨਖ਼ਾਹੀਆ

ਕੀ ਹੁਣ ਬੀਬੀ ਜਗੀਰ ਕੌਰ ਆਪਣੇ ਸਮੇਤ, ਆਪਣੇ ਜਥੇ ਦੀਆਂ ਬੀਬੀਆਂ ਨੂੰ, ਇਸ ਪੰਗਤੀ ਤੇ ਅਮਲ ਕਰਦਿਆਂ ਤਨਖ਼ਾਹੀਆ ਕਰਾਰ ਦੇਵੇਗੀ?

ਜੋ ਸਿੱਖ ਦਾ ਅੱਧਾ ਨਾਉ ਸੱਦੇ, ਸੋ ਤਨਖ਼ਾਹੀਆ

ਹੁਣ ਬੀਬੀ ਜਗੀਰ ਕੌਰ ਦੇ ਤਕੀਆ ਕਲਾਮ, ਵੇ ਪੂਰਨਿਆਂ ਦਾ ਕੀ ਕੀਤਾ ਜਾਵੇ?

ਜੋ ਕੰਨਯਾ ਮਾਰੇ ਸੋ ਖ਼ੂਨੀ ਤਨਖਾਈਆ

ਪੰਗਤੀ ਬਾਰੇ ਬੀਬੀ ਜਗੀਰ ਕੌਰ ਦੇ ਕੀ ਵਿਚਾਰਾ ਹਨ?

ਕੜਾਹ ਪ੍ਰਸਾਦ ਕਰਕੇ ਤਕੜੀ ਤੋਲੇ, ਸੋ ਤਨਖ਼ਾਹੀਆ

ਕੀ ਇਹ ਪੰਗਤੀ ਸ਼੍ਰੋਮਣੀ ਕਮੇਟੀ ਉੱਪਰ ਲਾਗੂ ਨਹੀਂ ਹੁੰਦੀ?

ਸਿਖਣੀਹਿਤ ਰਹਿਤ ਵਿਚ ਦਰਜ ਹੈ, ਗੁਰੂ ਕੀ ਸਿਖਣੀ ਸਾਧ ਸੰਗਿਤ ਵਿਚ ਮੱਥਾ ਕਜਿ ਬੈਠੇ ਕੀ ਇਹ ਪੰਗਤੀ ਰਹਿਤ ਮਰਯਾਦਾ ਦੇ ਅਨੁਸਾਰ ਹੈ?ਸਿੱਖ ਰਹਿਤ ਮਰਯਾਦਾ ਵਿਚ ਤਾਂ ਇਹ ਦਰਜ ਹੈ, ਸਿੱਖ ਇਸਤਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕਰਨਾ ਉਚਿਤ ਨਹੀਂ। ਗੁਰੂ ਕਾ ਸਿਖ ਹੋਂਦੇ ਬਲ ਧੌੜੀ ਦੇ ਬੋਕੇ ਦਾ ਪਾਣੀ ਨਾ ਪੀਐ ਸਵਾਲ ਪੈਦਾ ਹੁੰਦਾ ਹੈ,ਕੀ ਭਾਈ ਘਨਈਆ ਜੀ ਦੀ ਮਸ਼ਕ,ਪਲਾਸਟਿਕ ਦੀ ਸੀ?

ਬਾਣੀ ਗੁਰਮੁਖੀ ਪੜ੍ਹੇ, ਅਰਬੀ ਫਾਸੀ ਨਾ ਪੜ੍ਹੇ, ਸਿੰਘ ਹੋ ਕਰ ਸ਼ਾਸਤ੍ਰੀ ਨਾ ਪੜ੍ਹੇ

ਜਦੋਂ ਕਿ ਸਿੱਖ ਰਹਿਤ ਮਰਯਾਦਾ ਵਿਚ ਦਰਜ ਹੈ ਕਿ ਸਿੱਖ ਲਈ ਗੁਰਮੁਖੀ ਵਿੱਦਿਆ ਪੜ੍ਹਨੀ ਜਰੂਰੀ ਹੈ। ਹੋਰ ਵਿੱਦਿਆ ਵੀ ਪੜ੍ਹੇ।

ਅੱਜ ਇਹ ਪ੍ਰਚਾਰ ਕਰਨ ਵਾਲੇ ਕਿ, ਜਿਸ

ਬਾਕੀ ਸਫ਼ਾ 32 'ਤੇ

# ਦੇਸ਼ ਵੰਡ ਦੌਰਾਨ ਜਿਨਾਹ ਅਤੇ ਸਿੱਖ ਲੀਡਰਸ਼ਿਪ ਦੀਆਂ ਮੀਟਿੰਗਾਂ

**ਕ੍ਰਿਸ਼ਨ ਗੋਪਾਲ**

ਬ੍ਰਿਟਿਸ਼ ਪ੍ਰਧਾਨ ਮੰਤਰੀ ਲਾਰਡ ਐਟਲੀ ਨੇ 20 ਫਰਵਰੀ 1947 ਨੂੰ ਐਲਾਨ ਕਰ ਦਿੱਤਾ ਕਿ ਜੂਨ 1948 ਤੋਂ ਪਹਿਲਾਂ ਭਾਰਤ ਦਾ ਇੰਤਜ਼ਾਮ ਦੇਸ਼ ਦੇ ਲੋਕਾਂ ਹੱਥ ਸੌਂਪ ਦਿੱਤਾ ਜਾਵੇਗਾ। ਭਾਰਤ ਦੇ ਨਵੇਂ ਵਾਇਸਰਾਏ ਮਾਊਂਟਬੈਟਨ (ਜਿਸ ਨੇ ਮਾਰਚ 1947 ਵਿਚ ਅਹੁਦਾ ਸੰਭਾਲਿਆ) ਨੇ ਸਪੱਸ਼ਟ ਤੌਰ ਤੇ ਦੇਸ਼ ਨੂੰ ਦੋ ਭਾਗਾਂ ਭਾਰਤ ਅਤੇ ਪਾਕਿਸਤਾਨ ਵਿਚ ਵੰਡਣ ਦਾ ਐਲਾਨ ਕਰ ਦਿੱਤਾ, ਜਿਸ ਅਨੁਸਾਰ ਪੰਜਾਬ ਦੀ ਵੰਡ ਹੋਣੀ ਸੀ। ਇਸ ਫੈਸਲੇ ਨੂੰ ਮੁਸਲਿਮ ਲੀਗ ਨੇ ਪ੍ਰਵਾਨ ਕਰ ਲਿਆ, ਆਖਿਰ ਕਾਂਗਰਸ ਪਾਰਟੀ ਨੇ ਆਪਣੀ 6-8 ਮਾਰਚ ਦੀ ਮੀਟਿੰਗ ਵਿਚ ਵੰਡ ਨੂੰ ਸਵੀਕਾਰ ਕਰ ਲਿਆ। ਪੰਡਤ ਵਲਵ ਪੰਤ ਨੇ ਕਿਹਾ, "ਦੇਸ਼ ਦੀ ਆਜ਼ਾਦੀ ਅਤੇ ਸੁਤੰਤਰਤਾ ਲਈ ਸਿਰਫ ਇਹੀ ਇਕੋ ਇਕ ਰਸਤਾ ਹੈ। ਇਸ ਨਾਲ ਪਾਕਿਸਤਾਨ ਲਈ ਰਸਤਾ ਸਾਫ ਹੋ ਗਿਆ।

ਅਕਾਲੀ ਦਲ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਸਿੱਖਾਂ ਨੂੰ ਇਕੱਠਾ ਰੱਖਿਆ ਜਾਵੇ, ਪਰ ਉਸ ਸਮੇਂ ਸਾਰੇ ਪੰਜਾਬ ਵਿਚ ਸਿੱਖ ਫੈਲੇ ਹੋਏ ਸਨ ਅਤੇ ਕਿਸੇ ਵੀ ਜ਼ਿਲ੍ਹੇ ਵਿਚ ਉਹਨਾਂ ਦਾ ਬਹੁਮਤ ਨਹੀਂ ਸੀ। ਅਕਾਲੀ ਦਲ ਨੇ ਸਿੱਖਾਂ ਦੀ ਜ਼ਮੀਨ ਜਾਇਦਾਦਾਂ, ਧਾਰਮਿਕ ਅਸਥਾਨ ਤੇ ਸਿੱਖਾਂ ਦੇ ਹਿੱਤਾਂ ਨੂੰ ਆਧਾਰ ਬਣਾ ਕੇ ਸਿੱਖਾਂ ਲਈ ਅਲੱਗ ਪ੍ਰਦੇਸ਼ ਦੀ ਮੰਗ ਕੀਤੀ। ਪਰ ਮਾਊਂਟਬੈਟਨ ਨੇ ਸਪੱਸ਼ਟ ਕਰ ਦਿੱਤਾ ਕਿ 'ਸਿਖਿਸਤਾਨ' ਸੰਭਵ ਨਹੀਂ ਹੈ, ਕਿਉਂਕਿ ਵੰਡ ਕਾਰਣ ਅੱਧੀ ਦੇ ਨੇੜੇ ਸਿੱਖ ਜਨਸੰਖਿਆ ਤਾਂ ਪਾਕਿਸਤਾਨ ਵਿਚ ਚਲੀ ਜਾਵੇਗੀ।

ਦੂਸਰੇ ਪਾਸੇ ਜਿਨਾਹ ਇਸ ਗੱਲ ਤੇ ਬਹੁਤ ਨਰਾਜ਼ ਸਨ ਕਿ ਬੰਗਾਲ ਤੇ ਪੰਜਾਬ ਦੀ ਵੰਡ ਕਿਉਂ ਕੀਤੀ ਜਾ ਰਹੀ ਹੈ। ਅੱਧਾ ਪੰਜਾਬ ਕੱਟੇ ਜਾਣ ਦੀ ਕਲਪਨਾ ਕਰਕੇ ਉਸ ਨੇ ਬਾਕੀ ਮਿਲਦੇ ਪਾਕਿਸਤਾਨ ਨੂੰ 'ਟਿੱਡੀਆਂ ਖਾਧਾ ਪਾਕਿਸਤਾਨ' ਆਖਿਆ, ਕਿਉਂਕਿ ਜਿਨਾਹ ਪੂਰੇ ਪੰਜਾਬ ਨੂੰ ਪਾਕਿਸਤਾਨ ਵਿਚ ਸ਼ਾਮਲ ਕਰਨਾ ਚਾਹੁੰਦਾ ਸੀ—ਜਿਨਾਹ ਅਜਿਹਾ ਪਾਕਿਸਤਾਨ ਚਾਹੁੰਦਾ ਸੀ ਜਿਸ ਵਿਚ 65 ਪ੍ਰਤੀਸ਼ਤ ਤੋਂ ਵੱਧ ਮੁਸਲਮਾਨ ਜਨ ਸੰਖਿਆ ਹੋਵੇ। ਉਹ ਇਸ ਲਈ ਸਿੱਖਾਂ ਨੂੰ ਵੀ ਪਾਕਿਸਤਾਨ ਵਿਚ ਸ਼ਾਮਲ ਕਰਨਾ ਚਾਹੁੰਦਾ ਸੀ ਜੋ ਬਗੈਰ ਸਿੱਖਾਂ ਨੂੰ ਸੰਤੁਸ਼ਟ ਕੀਤੇ ਅਜਿਹੇ ਪਾਕਿਸਤਾਨ ਦਾ ਸੁਪਨਾ ਪੂਰਾ ਨਹੀਂ ਹੋ ਸਕਦਾ ਸੀ। ਜਿਨਾਹ ਨੇ ਸਿੱਖਾਂ ਨਾਲ ਇਸ ਵਿਸ਼ੇ 'ਤੇ 1942 ਵਿਚ ਹੀ ਗੱਲ ਬਾਤ ਕਰਨੀ ਸ਼ੁਰੂ ਕਰ ਦਿੱਤੀ ਸੀ। ਮਾਸਟਰ ਤਾਰਾ ਸਿੰਘ ਅਨੁਸਾਰ 1942 ਵਿਚ ਜਦੋਂ ਉਹ ਪੰਜਾਬ ਦੇ ਹਿੰਦੂ ਤੇ ਸਿੱਖ ਨੇਤਾ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਸਰ ਸੈਫੂਦੀਨ ਕਿਚਲੂ ਅਤੇ ਗੋਕਲ ਚੰਦ ਨਰੰਗ ਸਮੇਤ ਦਿੱਲੀ ਵਿਚ ਬਿਰਲਾ ਹਾਊਸ ਵਿਚ ਬੈਠੇ ਸਨ ਤਾਂ ਰਾਜਾ ਮਹੇਸ਼ਵਰ ਦਿਆਲ ਉਹਨਾਂ ਅਤੇ ਜਿਨਾਹ ਵਿਚਕਾਰ ਸਮਝੌਤਾ ਕਰਾਉਣਾ ਦੀ ਪੇਸ਼ ਕਰਦਾ ਹੈ, ਇਸ ਤਜਵੀਜ਼ ਅਨੁਸਾਰ ਨਵੇਂ ਪੂਰਵ ਪੰਜਾਬ ਸਟੇਟ ਵਿਚ ਲਾਹੌਰ, ਗੁਜਰਾਂਵਾਲਾ, ਸ਼ੇਖਪੁਰਾ, ਲਾਇਲਪੁਰ ਅਤੇ ਮਿੰਟਗੁਮਰੀ ਆਦਿ ਇਲਾਕੇ ਸ਼ਾਮਲ ਹੋਣੇ ਸਨ। ਜਿਨਾਹ ਨੇ ਇਸ ਨਾਲ ਸ਼ਰਤ ਰੱਖੀ ਸੀ ਕਿ ਇਸ ਤਜ਼ਵੀਜ਼ ਦਾ ਕਿਸੇ ਹੋਰ ਨੂੰ ਪਤਾ ਨਾ ਲੱਗੇ, ਪਰ ਡਾਕਟਰ ਗੋਕਲ ਚੰਦ ਨਾਰੰਗ 'ਹਿੰਦੂ ਮਹਾਂ ਸਭਾ' ਦੇ ਪ੍ਰਧਾਨ ਗਨੇਸ਼ ਦੱਤ ਨਾਲ ਸਲਾਹ ਕਰਨਾ ਚਾਹੁੰਦੇ ਸਨ। ਗਨੇਸ਼ ਦੱਤ ਆਏ ਤੇ ਇਸ ਤਜ਼ਵੀਜ਼ ਨੂੰ ਠੁਕਾਰ ਦਿੱਤਾ।

ਪੰਜਾਬ ਦੇ ਹਿੰਦੂ ਮਹਿਸੂਸ ਕਰਦੇ ਸਨ ਕਿ ਇਸ ਨਾਲ ਇਕ ਤਰ੍ਹਾਂ ਦਾ ਪਾਕਿਸਤਾਨ ਇਥੇ ਵੀ ਬਣ ਜਾਵੇਗਾ। ਇਸ ਲਈ ਉਹਨਾਂ ਨੇ ਇਸ ਤਜਵੀਜ਼ ਦਾ ਵਿਰੋਧ ਕੀਤਾ। ਇਹ ਯੋਜਨਾ ਅਸਫਲ ਹੋ ਗਈ, ਕਿਉਂਕਿ ਇਸ ਲਈ ਜਿਨਾਹ ਨੇ ਕੋਈ ਸਪੱਸ਼ਟ ਦਿਲਚਸਪੀ ਨਹੀਂ ਦਿਖਾਈ ਸਿਰਫ ਥੋੜਾ ਜਿਹਾ ਦਿਖਾਵਾ ਹੀ ਕੀਤਾ, ਕਿਉਂਕਿ ਉਸ ਦੀ ਇੱਛਾ ਕੁਝ ਦਿੱਤੇ ਬਿਨਾਂ ਹੀ ਸਾਰਾ ਪੰਜਾਬ ਪਾਕਿਸਤਾਨ ਲਈ ਲੈਣਾ ਸੀ। ਫਿਰ 4 ਅਪ੍ਰੈਲ 1946 ਨੂੰ ਮਾਸਟਰ ਤਾਰਾ ਸਿੰਘ ਤੇ ਜਿਨਾਹ ਦਿੱਲੀ ਵਿਚ ਤੇਜ ਸਿੰਘ ਮਲਿਕ ਦੀ ਕੋਠੀ ਤੇ ਇਕੱਠੇ ਹੋਏ। ਉਨ੍ਹਾਂ ਨਾਲ ਮਹਾਰਾਜ ਪਟਿਆਲਾ ਤੇ ਗਿਆਨੀ ਕਰਤਾਰ ਸਿੰਘ ਵੀ



ਹਾਜ਼ਰ ਸਨ। ਲਗਭਗ 90 ਮਿੰਟ ਗੱਲਬਾਤ ਹੋਈ ਪਰ ਕੋਈ ਨਤੀਜਾ ਨਾ ਨਿਕਲਿਆ।

ਡਾ. ਗੋਪਾਲ ਸਿੰਘ (ਲੇਖਕ ਹਿਸਟਰੀ ਆਫ਼ ਸਿੱਖ ਪੀਪਲ) ਜਿਨਾਹ ਨੂੰ ਦੋ ਵਾਰੀ ਮਈ ਅਤੇ ਜੁਲਾਈ 1946 ਵਿਚ ਦਿੱਲੀ ਵਿਖੇ ਮਿਲੇ। ਉਹਨਾਂ ਨੇ ਇਸ ਗੱਲ ਦਾ ਇੰਕਸਾਫ਼ ਕੀਤਾ ਹੈ ਕਿ ਗਿਆਨੀ ਕਰਤਾਰ ਸਿੰਘ ਨੇ ਕੁਝ ਮੰਗਾਂ ਦਾ ਚਾਰਟਰ ਜਿਨਾਹ ਨੂੰ ਦਿੱਤਾ ਸੀ, ਜੋ ਪਾਕਿਸਤਾਨ ਬਣ ਜਾਏ। ਇਹ ਮੰਗਾਂ ਦਾ ਪੱਤਰ ਜੋ ਦੋ ਪੇਜਾਂ ਦਾ ਸੀ ਪਰ ਬਿਨਾਂ ਹਸਤਾਖਰਾਂ ਤੋਂ ਸੀ। ਗੋਪਾਲ ਸਿੰਘ ਨੂੰ ਜਿਨਾਹ ਨੇ ਇਹ ਪੱਤਰ ਮਈ ਵਿਚ ਆਪਣੇ ਸੈਕਟਰੀ ਖ਼ੁਰਸ਼ੀਦ ਅਹਿਮਦ ਦੀ ਹਾਜ਼ਰੀ ਵਿਚ ਦਿੱਤਾ ਸੀ ਜੋ ਮੰਗਾਂ ਇਸ ਪ੍ਰਕਾਰ ਸਨ।

1. ਇਕ ਅਜਿਹਾ ਸਟੇਟ ਜੋ ਚਨਾਬ ਤੋਂ ਸੋਨੀਪਤ ਤੱਕ ਹਿੰਦੂ ਤੇ ਸਿੱਖਾਂ ਦੇ ਇਲਾਕੇ ਅਤੇ ਹੋਰ ਇਲਾਕੇ ਇਕੱਠੇ ਕਰਨ ਦੀ ਪ੍ਰਵਾਨਗੀ ਹੋਵੇ ਤੇ ਪਾਕਿਸਤਾਨ ਤੋਂ ਅਲੱਗ ਹੋਣ ਦਾ ਅਧਿਕਾਰ ਵੀ ਹੋਵੇ।

2. ਪਾਕਿਸਤਾਨ ਦਾ ਸੰਵਿਧਾਨ ਲੋਕਤੰਤਰ ਤੇ ਆਧਾਰਿਤ ਹੋਵੇ, ਜਿਸ ਵਿਚ ਧਰਮ, ਸੱਭਿਆਚਾਰ ਤੇ ਵਿਕਾਸ ਕਰਨ ਦੇ ਪੂਰੇ ਮੌਕੇ ਹੋਣੇ ਚਾਹੀਦੇ ਹਨ।

3. ਹਿੰਦੂ ਤੇ ਸਿੱਖਾਂ ਦੋਵਾਂ ਨੂੰ 25% : 25% ਤੇ ਮੁਸਲਮਾਨਾਂ ਨੂੰ 40% ਅਤੇ ਬਾਕੀ ਘੱਟ ਗਿਣਤੀਆਂ ਨੂੰ 10% ਸੀਟਾਂ ਪਾਕਿਸਤਾਨ ਅਸੈਂਬਲੀ ਵਿਚ ਮਿਲਣੀਆਂ ਚਾਹੀਦੀਆਂ ਹਨ।

4. ਪਾਕਿਸਤਾਨ ਸੈਨਾ ਵਿਚ ਘੱਟੋ ਘੱਟ 30% ਸਿੱਖ ਅਤੇ ਹਿੰਦੂ ਅਤੇ ਹੋਰਾਂ ਨੂੰ 30% ਸੀਟਾਂ ਮਿਲਣੀਆਂ ਚਾਹੀਦੀਆਂ ਹਨ। ਸੈਨਾ ਦਾ ਕਮਾਂਡਰ-ਇਨ-ਚੀਫ ਕਰਮਵਾਰ ਸਿੱਖ ਅਤੇ ਮੁਸਲਮਾਨ ਹੋਣਾ ਚਾਹੀਦਾ ਹੈ।

5. ਜੇ ਪਾਕਿਸਤਾਨ ਦਾ ਰਾਸ਼ਟਰਪਤੀ ਮੁਸਲਮਾਨ ਹੋਵੇ ਤਾਂ ਪ੍ਰਧਾਨ ਮੰਤਰੀ ਹਿੰਦੂ ਜਾਂ ਸਿੱਖ ਹੋਣਾ ਚਾਹੀਦਾ ਹੈ ਜੇ ਰਾਸ਼ਟਰਪਤੀ ਹਿੰਦੂ ਜਾਂ ਸਿੱਖ ਹੋਵੇ ਤਾਂ ਪ੍ਰਧਾਨ ਮੰਤਰੀ ਮੁਸਲਮਾਨ ਹੋਣਾ ਚਾਹੀਦਾ ਹੈ।

6. ਕੋਈ ਕਾਨੂੰਨ ਜੋ ਇਕ ਫਿਰਕੇ ਨਾਲ ਸੰਬੰਧਿਤ ਹੋਵੇ ਜਦ ਤੱਕ ਪਾਸ ਹੋਣਾ ਚਾਹੀਦਾ ਹੈ, ਜਦ ਤੱਕ ਉਸ ਫਿਰਕੇ ਦੇ 3/4 ਅਸੈਂਬਲੀ ਮੈਂਬਰਾਂ ਦੀ ਪ੍ਰਵਾਨਗੀ ਨਾ ਲੈ ਲਈ ਜਾਏ।

ਪਰ ਇਸ ਦੇ ਜਵਾਬ ਵਿਚ ਜਿਨਾਹ ਨੇ ਸਪੱਸ਼ਟ ਪ੍ਰਤੀਕਿਰਿਆ ਨਹੀਂ ਕੀਤੀ, ਕਿਉਂਕਿ ਜਿਨਾਹ ਨੂੰ ਇਹ ਸ਼ਰਤਾਂ ਸਵੀਕਾਰ ਨਹੀਂ ਸਨ। ਖਾਸ ਕਰਕੇ ਇਹ ਸ਼ਰਤ ਕਿ ਜਦੋਂ ਸਿੱਖ ਚਾਹੁਣ ਉਦੋਂ ਹੀ ਅਲੱਗ ਹੋ ਜਾਣ। ਆਖਿਰ ਮਾਊਂਟਬੈਟਨ ਯੋਜਨਾ ਨੂੰ ਜਿਨਾਹ ਨੇ ਪ੍ਰਵਾਨ ਕਰ ਲਿਆ, ਜਿਸ ਅਨੁਸਾਰ ਪੰਜਾਬ ਤੇ ਬੰਗਾਲ ਦੀ ਵੰਡ ਹੋਣੀ ਸੀ। ਇਸ ਯੋਜਨਾ ਅਨੁਸਾਰ 3 ਜੂਨ 1948 ਨੂੰ ਭਾਰਤ ਦੋ ਭਾਗਾਂ ਵਿਚ ਵੰਡਿਆ ਜਾਣਾ ਸੀ। ਪਾਕਿਸਤਾਨ ਦੀ ਸਥਾਪਨਾ ਲਈ ਬਹੁਮਤ ਦਾ ਸਿਧਾਂਤ ਅਪਣਾਇਆ ਗਿਆ, ਪਰ ਸਿੱਖ ਕਿਸੇ ਵੀ ਜ਼ਿਲ੍ਹੇ ਵਿਚ ਬਹੁਮਤ ਨਹੀਂ ਸਨ। ਹੁਣ ਅਕਾਲੀ ਦਲ ਕੋਲ ਮੁਸਲਿਮ ਬਹੁਮਤ ਤੋਂ ਬਚਪਨ ਦਾ ਇਕੋ ਇਕ ਰਸਤਾ ਸੀ ਪੰਜਾਬ ਦਾ ਬਟਵਾਰਾ। ਸ਼੍ਰੋਮਣੀ ਅਕਾਲੀ ਦਲ ਨੇ 16 ਅਪ੍ਰੈਲ 1947 ਵਿਚ ਰੇਜ਼ੂਲੂਸ਼ਨ ਪਾਸ ਕੀਤਾ ਕਿ 'ਸੱਤਾ ਤਬਦੀਲੀ ਕਰਨ ਤੋਂ ਪਹਿਲਾਂ ਪੰਜਾਬ ਨੂੰ ਦੋ ਭਾਗਾਂ ਵਿਚ ਵੰਡਿਆ ਜਾਵੇ ਅਤੇ ਆਬਾਦੀ ਦੀ ਅਦਲਾ ਬਦਲੀ, ਜਾਇਦਾਦ ਦੀ ਤਬਦੀਲੀ ਦਾ ਸਪੈਸ਼ਲ ਪ੍ਰਬੰਧ ਕੀਤਾ ਜਾਵੇ ਅਤੇ ਇਤਿਹਾਸਕ ਧਾਰਮਿਕ ਅਸਥਾਨਾਂ ਨੂੰ ਪਰੋਟੈਕਸ਼ਨ ਦਿੱਤਾ ਜਾਵੇ।

ਅਜਿਹੀ ਸਥਿਤੀ ਵਿਚ ਕੁਝ ਅੰਗਰੇਜ਼ ਅਫ਼ਸਰ ਖਾਸ ਕਰ ਸਰ ਏਡਵਰਡ ਪੈਨਡਰਲ ਮੂਨ ਨੇ ਸਿੱਖਾਂ ਨੂੰ ਦੋ ਸ਼ੁਝਾਅ ਦਿੱਤੇ। ਪਹਿਲਾਂ ਸਿੱਖਾਂ ਨੂੰ ਪੂਰਬੀ ਪੰਜਾਬ ਵਿਚ ਸਿੱਖ ਸਟੇਟ ਬਣਾ ਲੈਣ ਦਾ ਦੂਜਾ ਸੁਝਾਅ ਇਹ ਸੀ ਕਿ ਸਿੱਖਾਂ ਨੂੰ ਪਾਕਿਸਤਾਨ ਨਾਲ ਮਿਲ ਜਾਣਾ ਚਾਹੀਦਾ ਹੈ। ਲਾਰਡ ਇਸਮੇ (ਮਾਊਂਟਬੈਟਨ ਸਟਾਫ਼ ਦਾ ਚੀਫ) ਨੇ ਇਹ ਸੁਝਾਅ ਰੱਖਿਆ ਕਿ ਸਿੱਖਾਂ ਨੂੰ ਪੂਰਬੀ ਪੰਜਾਬ ਵਿਚ ਆਪਣੀ ਬਹੁਮਤ ਵਾਲਾ ਏਰੀਆ ਬਣਾ ਲੈਣਾ ਚਾਹੀਦਾ ਹੈ, ਕਿਉਂਕਿ ਪੱਛਮੀ ਪੰਜਾਬ ਤੋਂ ਸਿੱਖ ਆਬਾਦੀ ਆਉਣ ਨਾਲ ਸਿੱਖਾਂ ਦਾ ਬਹੁਮਤ ਹੋ ਜਾਵੇਗਾ। ਇਸ ਸਟੇਟ ਵਿਚ ਗੁੜਗਾਂਵਾਂ, ਹਿਸਾਰ, ਰੋਹਤਕ ਅਤੇ ਕਰਨਾਲ ਨੂੰ ਸ਼ਾਮਲ ਨਹੀਂ ਕਰਨਾ ਚਾਹੀਦਾ।

ਪੈਡਰਲ ਮੂਨ ਨੇ ਸਲਾਹ ਦਿੱਤੀ ਕਿ "ਸਿੱਖ ਮੁਸਲਿਮ ਸਮਝੌਤਾ" ਹੋਣਾ ਚਾਹੀਦਾ ਹੈ ਉਸ ਨੇ ਲਾਡਰ ਇਸਮੇ ਨੂੰ ਲਿਖਿਆ 'ਬਿਨਾਂ ਸਿੱਖ ਮੁਸਲਿਮ ਪੈਕਟ ਦੇ ਉਤਰੀ ਭਾਰਤ ਵਿਚ ਅਰਾਜਕਤਾ ਹੋਵੇਗੀ। ਮੂਨ ਨੇ ਸਿੱਖਾਂ ਨੂੰ ਪਾਕਿਸਤਾਨ ਵਿਚ ਸ਼ਾਮਲ ਹੋਣ ਲਈ ਪਰੇਰਿਆ।

ਉਸ ਨੇ ਲਾਰਡ ਇਸਮੇ ਨੂੰ ਲਿਖਿਆ : ਬਲਦੇਵ ਸਿੰਘ ਅਤੇ ਮਾਸਟਰ ਤਾਰਾ ਸਿੰਘ ਨਾਲ ਸੰਬੰਧਿਤ ਕੁਝ ਸਿੱਖ ਗ਼ੈਰ ਰਸਮੀ ਅਤੇ ਬਿਲਕੁਲ ਪ੍ਰਾਈਵੇਟ ਤੌਰ ਤੇ ਪਾਕਿਸਤਾਨ ਨਾਲ ਮਿਲਣ ਲਈ ਤਿਆਰ ਸਨ। ਮੇਰਾ ਵਿਸ਼ਵਾਸ ਹੈ ਕਿ ਜੇ ਕੁਝ ਮੁਸਲਿਮ ਲੀਗ ਦੇ ਨੇਤਾ ਉਨ੍ਹਾਂ ਤੱਕ ਪਹੁੰਚ ਕਰਦੇ ਤਾਂ ਸਮਝੌਤਾ ਜ਼ਰੂਰੀ ਹੋ ਜਾਂਦਾ।

ਜਦੋਂ ਵਾਇਸਰਾਏ ਨੇ 3 ਜੂਨ ਦੀ ਯੋਜਨਾ ਦੀਆਂ ਕਾਪੀਆਂ ਅਲੱਗ ਅਲੱਗ ਗਵਰਨਰਾਂ ਨੂੰ ਭੇਜੀਆਂ ਤਾਂ ਪੰਜਾਬ ਦੇ ਗਵਰਨਰ ਨੇ ਵਾਇਸਰਾਏ ਨੂੰ ਕਿਹਾ ਇਸ ਯੋਜਨਾ ਦਾ ਸਭ

# ਸਿੱਖ ਮੋਰਚੇ ਅਤੇ ਬਰਗਾੜੀ ਮੋਰਚਾ

**ਸ. ਦਲਵਿੰਦਰ ਸਿੰਘ ਘੁੰਮਣ**
(ਫੋਨ : 0033630073111)

ਸਿੱਖ ਇਤਿਹਾਸ ਵਿੱਚ ਮੋਰਚਿਆਂ ਨੇ ਦੁਨੀਆ ਨੂੰ ਸ਼ਾਤਮਈ ਤਰੀਕੇ ਨਾਲ, ਲੋਕਤੰਤਰੀ ਢੰਗ ਦੀ ਜਾਚ ਦੇ ਕੇ ਜਿੱਥੇ ਸਫਲਤਾਵਾਂ ਹਾਸਲ ਕੀਤੀਆਂ ਉਥੇ ਏਕਤਾ, ਇਕਮੁੱਠਤਾ ਦਾ ਮੁਜਾਹਰਾ ਕਰਕੇ ਆਪਣੇ ਹੱਕ ਲਏ ਅਤੇ ਕਾਨੂੰਨ ਬਣਵਾਏ। ਬਰਗਾੜੀ ਵਿਖੇ ਹੋਈ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਘਟਨਾ ਨੂੰ ਸਰਕਾਰਾਂ ਨੇ ਸੁਹਿਰਦਤਾ ਨਾਲ ਹੱਲ ਕਰਨ ਦੀ ਕਦੇ ਕੋਸਿਸ਼ ਨਹੀਂ ਕੀਤੀ। ਕਿਸੇ ਨੇ ਪੰਥ ਨੂੰ ਮੋਹਰਾ ਬਣਾ ਰਾਜ ਭਾਗ ਦੇ ਸੁੱਖ ਮਾਣੇ ਤੇ ਦੂਜੇ ਨੇ ਗੁਰਬਾਣੀ ਨੂੰ ਹੱਥ ਲਾ ਕੇ ਕੌਮ ਨੂੰ ਇਨਸਾਫ ਦੇਣ ਦੀ ਗੱਲ ਕੀਤੀ। ਇਹ ਸਰਾਸਰ ਧੋਖੇ ਕੀਤੇ ਗਏ ਹਨ ਸਿੱਖ ਕੌਮ ਨਾਲ। ਅੱਜ ਬਰਗਾੜੀ ਵਿਖੇ ਲੱਗਾ ਮੋਰਚਾ ਕਿਸੇ ਸਿਆਸਤ ਤੋ ਪ੍ਰੇਰਤ ਨਹੀਂ ਸਗੋਂ ਇਨਸਾਫ ਲਈ ਹੈ। ਸਿੱਖਾਂ ਦੇ ਇਸ਼ਟ ਗੁਰੂ ਦੇ ਅੰਗਾਂ ਦੀ ਬੇਅਦਬੀ ਕਰਕੇ ਗਲੀਆਂ, ਨਾਲਿਆਂ ਵਿਚ ਸੁੱਟਿਆ ਗਿਆ, ਜੋ ਸਿੱਖਾਂ ਦੇ ਸਬਰ ਦੀ ਇੰਤਹਾ ਸੀ। ਤਿੰਨ ਸਾਲ ਪਹਿਲਾਂ ਰੋਸ ਵਜੋਂ ਧਰਨੇ ਉਪਰ ਬੈਠੀਆਂ ਸ਼ਾਤਮਈ ਸੰਗਤਾਂ ਉਪਰ ਸਰਕਾਰੀ ਕਹਿਰ ਵਿਚ ਦੋ ਸਿੱਖਾਂ ਦੀ ਸ਼ਹੀਦੀ ਨੇ ਹਾਲਾਤ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ। ਪਿਛਲੇ ਤਿੰਨ ਸਾਲਾਂ ਵਿਚ ਲਗਾਤਾਰ ਹੋ ਰਹੀਆਂ ਬੇਅਦਬੀਆਂ ਲਈ ਸਿੱਖ ਪੰਥ ਵਲੋਂ ਸੰਘਰਸ਼, ਅਪੀਲਾਂ, ਜਾਂਚ ਕਮੇਟੀਆਂ, ਕੋਰਟ ਕਚਹਿਰੀ ਹਰ ਰਸਤਾ ਅਪਣਾਇਆ ਗਿਆ ਪਰ ਸਰਕਾਰਾਂ ਦੇ ਕੰਨਾਂ 'ਤੇ ਜੂੰ ਤਕ ਨਹੀਂ ਸਰਕੀ। ਦੋ ਸਰਬੱਤ ਖਾਲਸਿਆਂ ਵਿਚ ਕੌਮ ਨੇ ਆਪਣੀ ਹੋਣੀ ਨੂੰ ਤੈਅ ਕਰਨ ਲਈ ਮਤੇ ਪਾਸ ਕੀਤੇ। ਗੁਰੂ ਦੀਆਂ ਬੇਅਦਬੀਆਂ ਦੇ ਕਾਤਲ ਲੱਭਣ ਤੋਂ ਇਲਾਵਾ ਹੋਰ ਸਿੱਖਾਂ ਦੀਆਂ ਮੰਗਾਂ ਦੇ ਨਾਲ, ਕੌਮੀ ਘਰ ਖਾਲਿਸਤਾਨ ਦੇ ਐਲਾਨਨਾਮੇ ਹੋਏ। ਵਕਤੀ ਹਕੂਮਤ ਨੇ ਆਪਣੇ ਰਾਜ ਭਾਗ ਦੀ ਸਲਾਮਤੀ ਲਈ ਕੇਂਦਰੀ ਸਰਕਾਰ ਦੇ ਇਸ਼ਾਰੇ ਉਤੇ ਜਿਥੇ ਦੜ ਵੱਟਣਾ ਠੀਕ ਸਮਝਿਆ ਉੱਥੇ ਇਨਸਾਫ ਲਈ ਸ਼ੰਘਰਸ਼ ਕਰਦੀਆਂ ਧਿਰਾਂ ਉਪਰ ਮੁਕੱਦਮੇ ਕਰਕੇ ਅਸਲ ਲੜਾਈ ਵਲੋਂ ਧਿਆਨ ਹਟਾਉਣ ਦੀਆਂ ਚਾਲਾਂ ਚੱਲੀਆਂ।

ਅੱਜ ਸਮਾਂ ਬੀਤਣ 'ਤੇ ਵੀ ਇਨਸਾਫ ਨਾ ਮਿਲਣ ਕਰਕੇ ਸਿੰਘ ਸਾਹਿਬ ਭਾਈ ਧਿਆਨ ਸਿੰਘ ਮੰਡ ਵੱਲੋਂ ਲਾਏ ਮੋਰਚੇ ਨੇ ਗੂੰਗੀ ਬਹਿਰੀ



ਸਰਕਾਰ ਦੇ ਕੰਨਾਂ ਤਕ ਆਵਾਜ਼ ਪਹੁੰਚਾ ਕੇ ਸਿੱਖਾਂ ਦੇ ਵਲੂੰਧਰੇ ਹਿਰਦਿਆਂ ਲਈ ਇਨਸਾਫ ਦੀ ਮੰਗ ਰੱਖੀ ਹੈ। ਉਹਨਾਂ ਦੇ ਕਹੇ ਅਨੁਸਾਰ ਕਿ ਇਨਸਾਫ ਲੈਣ ਤੱਕ ਮੋਰਚਾ ਲੱਗਿਆ ਰਹੇਗਾ ਅਤੇ ਪਹਿਲਾਂ ਲੱਗਦੇ ਰਹੇ ਮੋਰਚਿਆਂ ਵਾਂਗ ਅੱਧ ਵਿਚਕਾਰੋਂ ਟੁੱਟਣ ਵਾਲਾ ਨਹੀਂ। ਮੋਰਚੇ ਵਿੱਚ ਹਰ ਪਾਰਟੀ, ਜਥੇਬੰਦੀਆਂ, ਸੰਸਥਾਵਾਂ ਅਤੇ ਹਰ ਇਕ ਉਹ ਇੰਨਸਾਨ, ਜੋ ਸੋਚਦਾ ਹੈ ਕਿ ਸਿੱਖਾਂ ਨਾਲ ਬੇਇਨਸਾਫੀ ਹੋਈ ਹੈ, ਆਪਣੀ ਹਮਾਇਤ ਦੇਣ ਲਈ ਭਾਰੀ ਗਿਣਤੀ ਵਿਚ ਪਹੁੰਚ ਰਹੇ ਹਨ। ਸਰਬੱਤ ਖਾਲਸਾ ਨੇ ਸਰਕਾਰੀ ਜਥੇਦਾਰਾਂ ਨੂੰ ਨਕਾਰ ਕੇ ਨਵੇਂ ਜਥੇਦਾਰਾਂ ਦੀ ਨਿਯੁਕਤੀ ਕੀਤੀ। ਲਗਾਤਾਰ ਹੋ ਰਹੀਆਂ ਬੇਅਦਬੀਆਂ ਨੂੰ ਰੋਕਣਾ, ਸ਼ਹੀਦ ਕੀਤੇ ਸਿੱਖਾਂ ਦੇ ਕਾਤਲਾਂ ਨੂੰ ਫੜਨਾ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਲੱਗੇ ਮੋਰਚੇ ਨੇ ਇਨਸਾਫ ਦੀ ਕਿਰਨ ਪੈਦਾ ਕੀਤੀ ਹੈ। ਸੰਗਤਾਂ ਦੇ ਭਾਰੀ ਸਹਿਯੋਗ ਨੇ ਜੈਤੋ ਦੇ ਇਤਿਹਾਸਕ ਮੋਰਚੇ ਦੀ ਯਾਦ ਤਾਜ਼ਾ ਕਰਵਾਈ ਹੈ। ਜੈਤੋ ਮੋਰਚਾ ਅਕਾਲੀ ਲਹਿਰ ਦਾ ਸਭ ਤੋਂ ਵੱਡਾ ਮੋਰਚਾ ਸੀ। ਇਸ ਮੋਰਚੇ ਵਿੱਚ ਸਿੱਖ ਪੰਥ ਨੇ ਪੰਥਕ ਏਕਤਾ, ਕੁਰਬਾਨੀ, ਪੰਥਕ ਜੋਸ਼ ਦੇ ਅਦੁੱਤੀ ਨਜ਼ਾਰੇ ਪੇਸ਼ ਕੀਤੇ ਸਨ। ਜਬਰ, ਜ਼ੁਲਮ ਦੇ ਵਿਰੁੱਧ ਜਹਾਦ ਦਾ ਜੋ ਸੰਕਲਪ ਸਿੱਖ ਪੰਥ ਨੇ ਲਿਆ ਸੀ, ਉਸੇ ਹੀ ਕੜੀ ਵਿਚ ਪਿਛਲੀ ਸਦੀ ਦੇ ਤੀਸਰੇ ਦਹਾਕੇ ਵਿਚ ਗੰਗਸਰ ਜੈਤੋ ਦਾ ਸਾਕਾ ਵਾਪਰਿਆ, ਜਿਸ ਵਿੱਚ ਅਨੇਕ ਸਿੰਘਾਂ-ਸਿੰਘਣੀਆਂ ਨੇ ਸ਼ਹਾਦਤ ਦਾ ਜਾਮ ਪੀਤਾ। ਅਗਸਤ 1925 ਵਿਚ ਸਰਕਾਰ ਨੂੰ ਝੁਕਣਾ ਪਿਆ ਅਤੇ ਮੋਰਚੇ ਦੀ ਫਤਹਿ ਹੋਈ। ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀ ਅਰੰਭਤਾ ਵੀ ਇਸੇ ਮੋਰਚੇ ਦੀ ਦੇਣ ਵਿਚੋ ਹੈ। ਗੁਲਾਮ ਭਾਰਤ ਵਿੱਚ ਸਿੱਖਾਂ ਦੀ ਸਿੱਖ ਪਾਰਲੀਮੈਂਟ ਦਾ ਬਣਨਾ ਭਾਰਤ ਦੀ ਆਜ਼ਾਦੀ ਦਾ ਸਿੱਖਾਂ ਵਲੋਂ ਖੋਲਿਆ ਪਹਿਲਾਂ ਦਰਵਾਜ਼ਾ ਸੀ। ਜੈਤੋ ਮੋਰਚਾ ਪੰਥ ਦੇ ਇਤਿਹਾਸ ਦਾ ਸਦੀਵੀ ਅੰਗ ਬਣ ਚੁੱਕਾ ਹੈ। ਇਸ ਵਿੱਚ ਉਸ ਵੇਲੇ ਵੈਨਕੂਵਰ (ਕਨੇਡਾ) ਤੋਂ ਵੀ ਜਥਾ ਸ਼ਾਮਲ ਹੋਇਆ ਸੀ, ਜਿਸ ਨਾਲ ਮੋਰਚੇ ਨੂੰ ਅੰਤਰਰਾਸ਼ਟਰੀ ਪ੍ਰਸਿੱਧੀ ਮਿਲੀ। ਇਸ ਵਿੱਚ ਕੋਈ ਸ਼ੱਕ ਨਹੀ ਕਿ ਅਗਰ ਬਰਗਾੜੀ ਮੋਰਚੇ ਨੂੰ ਸਰਕਾਰਾਂ ਵਲੋਂ ਅੱਖੋਂ ਪਰੋਖੇ ਕੀਤਾ ਜਾਂਦਾ ਹੈ ਤਾਂ ਵਿਦੇਸ਼ਾਂ ਵਿੱਚ ਵਸਦੇ ਸਿੱਖ ਅਤੇ ਪੰਜਾਬੀ ਇਸ ਵਿੱਚ ਸ਼ਾਮਲ ਹੋ ਕੇ ਮੋਰਚੇ ਨੂੰ ਅੰਤਰਰਾਸ਼ਟਰੀ ਮੰਚ 'ਤੇ ਲਿਜਾਣ ਲਈ ਮਜਬੂਰ ਹੋਣਗੇ। ਵੱਖ ਵੱਖ ਸਮਿਆਂ ਅਤੇ ਵੱਖ ਵੱਖ ਥਾਵਾਂ ਉਪਰ ਅਨੇਕਾਂ ਵਾਰ ਮੋਰਚੇ ਲੱਗੇ। ਨਨਕਾਣਾ ਸਾਹਿਬ ਮੋਰਚਾ, ਗੁਰੂ ਕੇ ਬਾਗ ਦਾ ਮੋਰਚਾ, ਪੰਜਾਬੀ ਸੂਬਾ ਮੋਰਚਾ, ਕਪੂਰੀ ਮੋਰਚਾ, ਧਰਮ ਯੁੱਧ ਮੋਰਚਾ ਆਦਿ ਮੋਰਚਿਆਂ ਨਾਲ ਸਿੱਖਾਂ ਨੇ ਆਪਣੇ ਹੱਕਾਂ ਲਈ ਸ਼ੰਘਰਸ਼ ਕੀਤਾ। ਹਰ ਮੋਰਚੇ ਨੇ ਆਪਣੀ ਸਫਲਤਾ ਨੂੰ ਛੋਹਿਆ।

ਅਜ ਸ਼੍ਰੋਮਣੀ ਕਮੇਟੀ ਆਪਣੇ ਫਰਜਾਂ ਨੂੰ ਨਿਭਾਉਣ ਵਿੱਚ ਅਸਫਲ ਰਹੀ ਹੈ। ਸ਼੍ਰੋਮਣੀ ਗੁਰੂਦਆਰਾ ਪ੍ਰਬੰਧਕ ਕਮੇਟੀ ਅਤੇ ਬਾਦਲ ਪਰਿਵਾਰ ਵਲੋਂ ਥਾਪੇ ਜਥੇਦਾਰਾਂ ਵਲੋਂ ਜਿੰਮੇਵਾਰੀਆਂ ਨਾ ਨਿਭਾਉਣ ਵਿੱਚ ਇੰਨੀ ਵੱਡੀ ਗਿਰਾਵਟ ਪਹਿਲਾਂ ਕਦੇ ਨਹੀਂ ਵੇਖੀ ਗਈ। ਅੱਜ ਕਾਂਗਰਸ, ਬਾਦਲ, ਬੀਜੇਪੀ ਆਦਿ ਸਰਕਾਰਾਂ ਕਿਸੇ ਨੇ ਵੀ ਪੰਜਾਬ ਅਤੇ ਸਿੱਖਾਂ ਦੀਆਂ ਹੱਕੀ ਮੰਗਾਂ ਨੂੰ ਨਹੀਂ

ਬਾਕੀ ਸਫ਼ਾ 32 'ਤੇ

# ਸਿੱਖਾਂ ਨੂੰ ਚਮਤਕਾਰਾਂ ਦੇ ਨਾਂ ਹੇਠ ਕਿਉਂ ਗੁੰਮਰਾਹ ਕੀਤਾ ਜਾਂਦਾ ਹੈ

**ਗੁਰਸ਼ਰਨ ਸਿੰਘ ਕਸੇਲ**

ਜਿਵੇਂ ਸਾਰੇ ਜਾਣਦੇ ਹਨ ਕਿ ਜਦੋਂ ਕੋਈ ਵਿਅਕਤੀ ਡਰਿਆ ਹੋਵੇ ਤਾਂ ਜਿਥੇ ਉਸ ਦੀ ਸੋਚਣ ਸ਼ਕਤੀ ਬਹੁਤ ਘਟ ਜਾਂਦੀ ਹੈ, ਉਥੇ ਉਸਦੀ ਸਰੀਰ ਦੀ ਤਾਕਤ ਵੀ ਸਾਥ ਨਹੀਂ ਦਿੰਦੀ । ਇਸ ਹਾਲਤ ਦਾ ਫਾਇਦਾ ਉਸਦਾ ਦੁਸ਼ਮਣ ਖੂਬ ਲੈਂਦਾ ਹੈ । ਇਵੇਂ ਹੀ ਜਦੋਂ ਕੋਈ ਆਦਮੀ ਜਾਂ ਔਰਤ ਕੁਦਰਤ ਦੇ ਨਿਯਮਾਂ ਉਲਟ ਕਿਸੇ ਬਾਬੇ,ਅਸਥਾਨ ਜਾਂ ਰੁੱਖ ਆਦਿ ਤੋਂ ਕੋਈ ਕਰਾਮਾਤ ਹੋਣ ਦੀ ਆਸ ਰੱਖਦਾ ਹੈ ਤਾਂ ਉਹ ਆਪਣੀ ਸਮਝ ਅਤੇ ਸੱਚੇ ਗੁਰੂ ਦੇ ਦੱਸੇ ਸਦੀਵੀ ਸੱਚ ਵਾਲੇ ਗਿਆਨ ਨਾਲੋਂ ਟੁੱਟ ਜਾਂਦਾ ਹੈ ।

ਬਹੁਤ ਚਿਰ ਪਹਿਲਾਂ ਤੋਂ ਹੀ ਜਦੋਂ ਕੋਈ ਗੈਰ ਸਿੱਖ, ਸਿੱਖਾਂ ਦੇ ਗੁਰਧਾਮਾਂ ਨਾਲ ਜੋੜ ਕੇ ਕੋਈ ਚਮਤਕਾਰ ਹੋਣ ਦਾ ਪ੍ਰਚਾਰ ਕਰਦਾ ਸੀ ਤਾਂ ਮਨ ਵਿਚ ਇਹ ਸਵਾਲ ਉਠਦਾ ਸੀ, ਕਿ ਇਹ ਗੈਰ-ਸਿੱਖ ਇਸ ਅਸਥਾਨ ਦੀ ਮਸ਼ਹੂਰੀ ਕਿਉਂ ਕਰ ਰਿਹਾ ਹੈ; ਪਰ ਅਸਲ ਸਮਝ ਨਹੀਂ ਸੀ ਆਉਂਦੀ । ਸੋਚਦਾ ਕਿ ਜੇਕਰ ਵਾਕਿਆ ਹੀ ਉਸ ਨੂੰ ਸਿੱਖ ਗੁਰੂਆਂ ਜਾਂ ਸਰੋਵਰਾਂ ਨਾਲ ਏਨਾ ਹੀ ਪਿਆਰ ਜਾਂ ਯਕੀਨ ਹੈ ਤਾਂ ਫਿਰ ਉਹ ਸਿੱਖ ਕਿਉਂ ਨਹੀਂ ਬਣ ਜਾਂਦਾ ਕਿਉਂਕਿ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ "ਸ਼ਬਦ ਗੁਰੂ" 'ਤੇ ਯਕੀਨ ਹੈ, ਉਹ ਫਿਰ ਮੂਰਤੀ ਪੂਜਾ ਅਤੇ ਹੋਰ ਅੰਧਵਿਸਵਾਸਾਂ ਵਿਚ ਨਹੀਂ ਪਵੇਗਾ । ਸਾਡੇ ਸਿੱਖ ਭਾਈਚਾਰੇ ਦੇ ਲੋਕ ਤਾਂ ਆਪਣੇ ਧਾਰਮਿਕ ਅਸਥਾਨ ਨਾਲ ਜੁੜੇ ਹੋਏ ਕਿਸੇ ਕਰਾਮਾਤੀ ਕਾਰੇ ਦੀ ਕਹਾਣੀ ਨੂੰ ਸੁਣ ਕੇ ਬਹੁਤ ਮਾਣ ਮਹਿਸੂਸ ਕਰਦੇ ਹਨ, ਖਾਸ ਕਰਕੇ ਕਿਸੇ ਗੈਰ-ਸਿੱਖ ਦੇ ਮੂੰਹੋਂ । ਪਰ ਇਸ ਦੇ ਪਿੱਛੇ ਸਿੱਖ ਕੌਮ ਨੂੰ ਢਾਹ ਲਾਉਣ ਲਈ ਕੀ ਕੰਮ ਹੋ ਰਿਹਾ ਹੈ ਅਤੇ ਇਸ ਨਾਲ ਗੁਰਮਤਿ ਦੀ ਵਿਚਾਰਧਾਰਾ 'ਤੇ ਕੀ ਅਸਰ ਪੈ ਰਿਹਾ ਹੈ, ਉਦੋਂ ਸਾਨੂੰ ਇਸ ਦੀ ਸਾਫ਼ ਸਮਝ ਨਹੀਂ ਆਉਂਦੀ ।

ਜਦੋਂ ਇਕ ਬਾਸੂ ਭਾਰਦਵਾਜ ਨੇ ਖੁਦ ਨੂੰ ਕੈਂਸਰ ਹੋਣ ਕਰਕੇ ਸ੍ਰੀ ਦਰਬਾਰ ਸਾਹਿਬ ਆ ਕੇ ਅਖੰਡ ਪਾਠ ਕਰਵਾਇਆ ਸੀ ਤੇ ਉਸ ਸਮੇਂ ਦੀਆਂ ਸੀ. ਡੀਜ਼. ਵੰਡੀਆਂ ਸਨ, ਉਦੋਂ ਇਨ੍ਹਾਂ ਵਿਚ ਇਕ ਬਲਦੀ ਜੋਤ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਨਿਕਲਦੀ ਦਿਖਾਈ ਗਈ ਸੀ, ਜਿਵੇਂ ਇਕ ਫਿਲਮ 'ਨਾਨਕ ਨਾਮ ਜਹਾਜ' ਵਿਚ ਵੀ ਵਿਖਾਈ ਗਈ ਸੀ, ਉਸੇ ਦੀ ਨਕਲ ਕੀਤੀ ਸੀ । ਬਹੁਤ ਸਾਰੇ ਸਿੱਖ ਉਸ ਬਾਸੂ ਭਾਰਦਵਾਜ 'ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹੋਏ ਚਮਤਕਾਰ ਦਾ ਬੜੇ ਮਾਣ ਨਾਲ ਪ੍ਰਚਾਰ ਕਰਦੇ ਸਨ । ਸਿੱਖ ਤਾਂ ਉਸਦਾ ਪ੍ਰਚਾਰ ਕਰਦੇ ਸਮੇਂ ਇਹ ਵੀ ਨਹੀਂ ਸਨ ਸੋਚਦੇ ਕਿ ਇਸ ਦਾ ਗੁਰਮਤਿ ਵਿਚਾਰਧਾਰਾ 'ਤੇ ਕੀ ਅਸਰ ਪਵੇਗਾ। ਇਸ ਸਮੇਂ ਦਾ ਇਕ ਮਸ਼ਹੂਰ ਕਥਾਵਾਚਕ ਉਸ ਵਾਕਿਆ ਤੋਂ ਕੁਝ ਸਾਲ ਬਾਅਦ ਮਿਲਿਆ ਤਾਂ ਗੱਲਾਂ ਕਰਦਿਆ ਬਾਸੂ ਭਾਰਦਵਾਜ ਦੀ ਕਰਾਮਾਤ ਨਾਲ ਕੈਂਸਰ ਠੀਕ ਹੋਣ ਦੀ ਗੱਲ ਕਰਨ ਲੱਗ ਪਿਆ । ਮੈਂ ਉਸ ਨੂੰ ਕਿਹਾ, ਕਿ ਭਾਈ ਸਾਹਿਬ, ਜਿਸ ਤਰ੍ਹਾਂ ਤੁਸੀਂ ਉਸ ਦਾ ਪ੍ਰਚਾਰ ਕਰ ਰਹੇ ਹੋ ਅਤੇ ਦੂਸਰੇ ਪਾਸੇ ਸਿੱਖਾਂ ਨੂੰ ਸਟੇਜਾਂ ਤੋਂ ਆਖਦੇ ਹੋ ਕਿ ਸਵੇਰੇ ਉਠ ਕੇ ਨਾਮ ਜਪਿਆ ਕਰੋ, ਕੇਸ ਰੱਖੋ, ਖੰਡੇ ਬਾਟੇ ਦੀ ਪਾਹੁਲ ਲਵੋ, ਤਾਂ ਜੋ ਤੁਸੀਂ ਗੁਰੂ ਵਾਲੇ ਬਣ ਸਕੋ, ਫਿਰ ਤੁਹਾਡੇ 'ਤੇ ਗੁਰੂ ਦੀ ਮੇਹਰ ਹੋਵੇਗੀ ਪਰ ਦੂਜੇ ਪਾਸੇ ਜੇਕਰ ਅੱਗੋਂ ਕਿਸੇ ਨੇ ਆਖਿਆ ਕਿ 'ਬਾਸੂ ਭਾਰਦਵਾਜ' ਨੇ ਕਿਹੜੇ ਕੇਸ ਰੱਖੇ ਸੀ ਜਾਂ ਖੰਡੇ ਬਾਟੇ ਦੀ ਪਾਹੁਲ ਲਈ ਸੀ, ਜੇਕਰ ਉਸ 'ਤੇ ਮੇਹਰ ਹੋ ਸਕਦੀ ਹੈ ਤਾਂ ਮੇਰੇ 'ਤੇ ਵੀ ਹੋ ਜਾਵੇਗੀ; ਤਾਂ ਫਿਰ ਕੀ ਕਹੋਗੇ ? ਅੱਗੋਂ ਭਾਈ ਸਾਹਿਬ ਕਹਿੰਦੇ, 'ਇਸ ਪਾਸੇ ਤਾਂ ਮੈਂ ਸੋਚਿਆ ਹੀ ਨਹੀਂ।'

ਪਤਾ ਲੱਗਾ ਹੈ ਕਿ ਪ੍ਰਚਾਰੇ ਗਏ ਇਸ ਚਮਤਕਾਰ ਦੇ ਕੋਈ ਚਾਰ-ਪੰਜ ਸਾਲ ਬਾਅਦ ਉਸ ਦੀ ਮੌਤ ਕੈਂਸਰ ਨਾਲ ਹੀ ਹੋਈ ਸੀ ।

ਦੂਸਰੀ ਗੱਲ ਇਸ ਵਾਕਿਆ ਤੋਂ ਕੁਝ ਸਾਲ ਪਹਿਲਾਂ ਦੀ ਹੈ । ਸਾਡੇ ਇਕ ਵਾਕਿਫ਼ਕਾਰ ਗੱਲ ਸੁਣਾ ਰਹੇ ਸਨ ਕਿ ਇਕ ਹਿੰਦੂ ਵੀਰ ਮੰਡੀ ਵਿਚ ਆੜ੍ਹਤ ਦਾ ਕੰਮ ਕਰਨ ਵਾਲਾ ਗੱਲ ਸੁਣਾ ਰਿਹਾ ਸੀ ਕਿ ਮੇਰੀ ਨੂੰਹ ਸ੍ਰੀ ਦਰਬਾਰ ਸਾਹਿਬ ਗਈ ਤਾਂ ਉਸ ਤੋਂ ਬਾਅਦ ਉਹ ਮੂੰਹੋਂ ਜਿਹੜੀ ਗੱਲ ਕੱਢਦੀ ਸੀ ਉਹ ਹੀ ਪੂਰੀ ਹੋ ਜਾਂਦੀ ਸੀ । ਸਾਡੇ ਘਰ ਲੋਕਾਂ ਦਾ ਮੇਲਾ ਜਿਹਾ ਲੱਗਣ ਲੱਗ ਗਿਆ। ਅਸੀਂ ਬਹੁਤ ਪਰੇਸ਼ਾਨ ਹੋ ਗਏ । ਫਿਰ ਅਸੀਂ ਉਸ ਨੂੰ ਸ੍ਰੀ ਦਰਬਾਰ ਸਾਹਿਬ ਲੈ ਗਏ ਅਤੇ ਉਸ ਨੇ ਅਰਦਾਸ ਕੀਤੀ ਤੇ ਉਹ ਫਿਰ ਪਹਿਲੀ ਹਾਲਤ ਵਿਚ ਆ ਗਈ ।

ਏਵੇਂ ਹੀ ਦਰਬਾਰ ਸਾਹਿਬ ਵਾਲੀ ਬੇਰੀ ਹੈ, ਜਿਸ ਨੂੰ ਦੁੱਖ ਭੰਜਨੀ ਬੇਰੀ ਆਖਦੇ ਹਨ । ਜਿਹੜੇ ਸਿੱਖ ਸਿਰਫ ਉਸ ਬੇਰੀ ਥੱਲੇ ਇਸ਼ਨਾਨ ਕਰਨ ਹੀ ਜਾਂਦੇ ਹਨ, ਉਹਨਾਂ ਦਾ ਉਥੇ ਹੋ ਰਹੇ 'ਸ਼ਬਦ ਗੁਰੂ' ਦੇ ਕੀਰਤਨ ਨੂੰ ਸੁਣ ਕੇ ਉਸ 'ਤੇ ਅਮਲ ਕਰਨ ਵਿਚ ਕੋਈ ਯਕੀਨ ਨਹੀਂ ਹੁੰਦਾ, ਇਹ ਮੇਰਾ ਜਾਤੀ ਤਜਰਬਾ ਹੈ । ਉਹ ਲੋਕ ਗੁਰੂ ਦਾ ਗਿਆਨ ਲੈ ਕੇ ਆਪਣੀ ਜੀਵਨ ਜਾਚ ਵਿਚ ਕਰਾਮਾਤ ਲਿਆਉਣ ਨਾਲੋਂ ਬੇਰੀ ਥੱਲੇ ਇਸ਼ਨਾਨ ਕਰਕੇ ਸਰੀਰਕ ਰੋਗ ਠੀਕ ਹੋਣ ਦੀ ਕਰਾਮਾਤ ਵਿਚ ਵਿਸ਼ਵਾਸ ਰੱਖਦੇ ਹਨ । ਉਂਝ ਵੀ ਸਾਡੇ ਪੁਜਾਰੀਆਂ ਵੱਲੋਂ ਜਿਹੜਾ ਪਿੰਗਲੇ ਵਾਲਾ ਵਾਕਿਆ ਪ੍ਰਚਾਰਿਆ ਜਾਂਦਾ ਹੈ, ਉਸ ਹਿਸਾਬ ਨਾਲ ਤਾਂ ਫਿਰ ਇਹ ਅਸਥਾਨ ਹਿੰਦੂ ਧਰਮ ਵਾਲਿਆਂ ਦਾ ਹੋਇਆ । ਗੁਰੂ ਸਾਹਿਬਾਨ ਨੇ ਤਾਂ ਨਾ ਹੀ ਬੇਰੀ ਲਾਈ ਹੈ ਤੇ ਨਾ ਹੀ ਛੱਪੜੀ ਪਰ ਇਹ ਗੱਲ ਸਾਡੀ ਮਾਇਆਧਾਰੀ ਪੁਜਾਰੀ ਜਮਾਤ ਕਦੋਂ ਸੋਚਦੀ ਹੈ । ਉਹਨਾਂ ਨੂੰ ਤਾਂ ਅੱਜ ਦੀ ਕਮਾਈ ਨਾਲ ਮਤਲਬ ਹੈ, ਆਉਣ ਵਾਲੇ ਸਮੇਂ ਸਿੱਖ ਕੌਮ ਦਾ ਅੰਧਵਿਸ਼ਵਾਸਾਂ, ਵਹਿਮ ਭਰਮਾਂ ਨਾਲ ਕੀ ਨੁਕਸਾਨ ਹੋਵੇਗਾ, ਉਸ ਨਾਲ ਕੀ ਗਰਜ਼ ਹੈ । ਕਾਲੇ ਕਾਂ ਚਿੱਟੇ ਹੋਣ ਬਾਰੇ ਗੁਰਬਾਣੀ ਦਾ ਫੁਰਮਾਣ ਹੈ : ਸਲੋਕੁ :-ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥(ਮ:3,ਪੰਨਾ 1089), ਵੇਖਿਆ ਜਾਵੇ ਤਾਂ ਅੱਜ ਵੀ ਸਾਡੇ ਕਈ ਰਾਗੀ ਜਾਂ ਹੋਰ ਪ੍ਰਚਾਰਕ ਹੋਣਗੇ ਜਿਹੜੇ ਸ੍ਰੀ ਦਰਬਾਰ ਸਾਹਿਬ ਕਈ-ਕਈ ਸਾਲ ਸੇਵਾ ਕਰਦੇ ਰਹੇ ਹੋਣਗੇ ਜਾਂ ਕਰ ਰਹੇ ਹਨ ਅਤੇ ਇਸ਼ਨਾਨ ਵੀ ਬੇਰੀ ਹੇਠ ਕਰਦੇ ਹੋਣਗੇ, ਉਹਨਾਂ ਵਿਚੋਂ ਕਿੰਨਿਆਂ ਕੁ ਦੀਆਂ ਅੱਖਾਂ ਜਾਂ ਹੋਰ ਬੀਮਾਰੀਆਂ ਠੀਕ ਹੋਈਆਂ ਹਨ, ਕਿਸੇ ਨੂੰ ਪਤਾ ਹੈ । ਭਗਤ ਪੂਰਨ ਸਿੰਘ ਜੀ ਵੀ ਕਿੰਨੇ ਸਾਲ ਦਰਬਾਰ ਸਾਹਿਬ ਦੇ ਬਾਹਰ ਆਪਣਾ ਪਿੰਗਲਾ ਸਾਥੀ ਲੈਕੇ ਬੈਠੇ ਰਹੇ ਸਨ ।

ਜਦੋਂ ਅਸੀਂ ਕਰਾਮਾਤ ਦੀ ਝਾਕ ਵਿਚ ਹੋਵਾਂਗੇ ਤਾਂ ਗੁਰਮਤਿ ਦੀ ਵਿਚਾਰਧਾਰਾ ਨਾਲੋਂ ਟੁੱਟ ਜਾਵਾਂਗੇ । ਫਿਰ ਅਸੀਂ ਦੇਹਧਾਰੀ ਬਾਬਿਆਂ, ਮੜ੍ਹੀਆਂ-ਮਸਾਣਾਂ, ਰੁੱਖਾਂ, ਜਾਨਵਰਾਂ,ਪਾਣੀਆਂ, ਥੜ੍ਹਿਆਂ ਆਦਿ ਦੀ ਪੂਜਾ ਕਰਨ ਲੱਗ ਜਾਵਾਂਗੇ । ਜੋ ਸਾਡੇ ਕੋਲ ਸ਼ਬਦ ਗੁਰੂ ਦਾ ਅਨਮੋਲ ਭੰਡਾਰਾ ਹੈ, ਉਸ ਨਾਲੋਂ ਟੁੱਟ ਜਾਵਾਂਗੇ । ਬਸ, ਇਹ ਹੀ ਸਿੱਖ ਕੌਮ ਦੇ ਦੁਸ਼ਮਣ ਚਾਹੁੰਦੇ ਹਨ । ਹੋਰ ਉਹਨਾਂ ਦਾ ਸਿੱਖ ਗੁਰਧਾਮਾਂ ਦਾ ਅਖੌਤੀ ਕਰਾਮਾਤ ਦੇ ਨਾਂਅ ਹੇਠ ਪ੍ਰਚਾਰ ਕਰਨ ਦਾ ਕੋਈ ਮਕਸਦ ਨਹੀਂ ਹੈ। ਜਦੋਂ ਅਸੀਂ ਸ਼ਬਦ ਗੁਰੂ ਦੇ ਗਿਆਨ ਨਾਲੋਂ ਟੁੱਟ ਗਏ, ਫਿਰ ਭਾਵੇਂ ਹਿੰਦੂਆਂ ਦੀਆਂ ਮੂਰਤੀਆਂ ਹੋਣ ਅਤੇ ਭਾਵੇਂ ਸਿੱਖੀ ਪਹਿਰਾਵੇ ਵਾਲੇ ਸਾਧ ਹੋਣ ਜਾਂ ਹੋਰ ਆਪੇ ਬਣੇ ਦੇਹਧਾਰੀ ਗੁਰੂ ਡੇਰੇਦਾਰ ਹੋਣ, ਉਹਨਾਂ ਦੇ ਪੈਰੀਂ ਡਿੱਗਣ ਵਿਚ ਸਾਨੂੰ ਜ਼ਰਾ ਵੀ ਸ਼ਰਮ ਨਹੀਂ ਆਵੇਗੀ । ਇਹ ਜੋ ਅਸੀਂ ਥਾਂ-ਥਾਂ 'ਤੇ ਮੱਥੇ ਰਗੜਦੇ ਫਿਰਦੇ ਹਾਂ, ਇਹ ਸਭ ਅਗਿਆਨਤਾ ਦਾ ਹੀ ਕਾਰਨ ਹੈ; ਉਂਝ ਆਪਣੇ ਮਨ ਨੂੰ ਝੂਠਾ ਦਿਲਾਸਾ ਦੇਣ ਲਈ ਭਾਵੇਂ ਆਖੀ ਜਾਈਏ ਕਿ ਜੀ ਆਪਣੀ-ਆਪਣੀ ਸ਼ਰਧਾ ਹੈ। ਜਦੋਂ ਬੱਚਾ ਭੀੜ ਵਿਚ ਮਾਂ-ਪਿਉ ਦੀ ਉਂਗਲ ਛੱਡ ਦੇਂਦਾ ਹੈ ਤਾਂ ਉਸਦੇ ਗੁਆਚਣ ਦਾ ਖ਼ਤਰਾ ਵੀ ਉਦੋਂ ਹੀ ਬਣ ਜਾਂਦਾ ਹੈ । ਏਵੇਂ ਹੀ ਜਦੋਂ ਅਸੀਂ ਗਿਆਨ ਲੈਣ ਦੀ ਬਜਾਏ ਕਿਸੇ ਧਾਰਮਿਕ ਅਸਥਾਨ ਤੋਂ ਜਾਂ ਕਿਸੇ ਠੱਗ ਪੁਜਾਰੀ ਵੱਲੋਂ ਰੁੱਖ ਜਾਂ ਤਲਾਬ, ਮੜ੍ਹੀ, ਬੁੱਤ ਜਾਂ ਫੋਟੋ ਆਦਿ ਤੋਂ ਚਮਤਕਾਰ ਦਾ ਭਰਮ ਪਾਲ ਲੈਂਦੇ ਹਾਂ ਤਾਂ ਗੁਰਮਤਿ ਦੀ ਵਿਚਾਰਧਾਰਾ ਨਾਲੋਂ ਸਾਡਾ ਟੁੱਟਣਾ ਯਕੀਨੀ ਹੋ ਜਾਂਦਾ ਹੈ । ਆਹ ਜੋ ਅੱਜ ਆਪਾਂ ਸਾਧਾਂ ਦੇ ਡੇਰਿਆਂ ਵਿੱਚ ਸਿੱਖੀ ਸਰੂਪ ਵਾਲਿਆਂ ਦੀਆਂ ਭੀੜਾਂ ਵੇਖ ਰਹੇ ਹਾਂ, ਇਹ ਸਭ ਸ਼ਬਦ ਗੁਰੂ ਨਾਲੋਂ ਟੁੱਟੇ ਹੋਣ ਦਾ ਸਬੂਤ ਹੈ ।

ਸੋ, ਵੇਖਦੇ ਹਾਂ ਸਾਡੇ ਆਤਮਿਕ ਗਿਆਨ ਦੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜਿਹਨਾਂ ਕੋਲ ਗੁਣਾਂ ਦਾ ਬਹੁਤ ਵੱਡਾ ਭੰਡਾਰਾ ਹੈ । ਉਸ ਵਿੱਚੋਂ ਕੁਝ ਕੁ ਸ਼ਬਦ ਆਪ ਨਾਲ ਸਾਂਝੇ ਕਰਨ ਦੀ ਕੋਸ਼ਿਸ ਕਰਦਾ ਹਾਂ । ਜੋ ਸਾਡੇ ਜੀਵਨ ਜਾਚ ਲਈ ਹਮੇਸ਼ਾ ਹੀ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ ਗੁਰੂ ਸਾਨੂੰ ਸੋਝੀ ਦੇਂਦੇ ਹਨ ਕਿ ਤੀਰਥ ਅਸਥਾਨ, ਰੁੱਖ ਜਾਂ ਕਿਸੇ ਕਿਸਮ ਦੇ ਸਰੀਰਕ ਰੂਪ ਵਿਚ ਕੋਈ ਵੀ ਵਸਤੂ ਹਮੇਸ਼ਾ ਸਾਥ ਨਹੀ ਹੁੰਦੀ ਸਿਰਫ ਸੱਚਾ ਗਿਆਨ ਹੀ ਸਾਥ ਦੇਂਦਾ ਹੈ : ਗੁਰ ਕਾ ਬਚਨੁ ਬਸੈ ਜੀਅ ਨਾਲੇ ॥ ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥੧॥ ਰਹਾਉ ॥(ਮ:5,ਪੰਨਾ 679)

ਜਿਵੇਂ ਮੂਰਤੀ ਜਾਂ ਸਮੇਂ ਦੀਆਂ ਫੋਟੋਆਂ ਨੂੰ ਪੂਜਣ ਵਾਲਿਆਂ ਨੂੰ ਸੁਚੇਤ ਕੀਤਾ ਹੈ ਕਿ ਜੇ ਇਸ ਵਿੱਚ ਜਾਨ ਹੁੰਦੀ ਤਾਂ ਇਹ ਪਹਿਲਾਂ ਬਣਾਉਣ ਵਾਲੇ ਨੂੰ ਹੀ ਖਾਂਦੀ : ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ ॥ ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥(ਮ:1,ਪੰਨਾ 479)

ਗੁਰੂ ਜੀ ਨੇ ਲੋਕਾਈ ਨੂੰ ਸੁਚੇਤ ਕੀਤਾ ਹੈ ਕਿ ਐਵੇ ਧਰਮੀ ਭੇਸ ਵੇਖ ਕੇ ਧੋਖਾ ਨਾ ਖਾ ਜਾਣਾ :-ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ ॥ਮ:੧, ਪੰਨਾ ੮੩੨)

ਹਿਰਦੈ ਜਿਨ੍ਹ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥(ਮ:3,ਪੰਨਾ 491)

ਕਿਸੇ ਨੂੰ ਮਾੜੇ ਬੋਲ ਨਾ ਬੋਲਣ ਬਾਰੇ ਆਖਦੇ ਹਨ : ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥ ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥(ਮ:1,ਪੰਨਾ 473)

ਜਦ ਗੁਰੂ ਜੀ ਸਭ ਤੋਂ ਚੰਗੇ ਗੁਣ ਦੀ ਗੱਲ ਕਰਦੇ ਹਨ ਤਾਂ ਦੱਸਦੇ ਹਨ ਕਿ : ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ (ਮ: 1,ਪੰਨਾ 470)

ਪਰ ਵੇਖੋ ਗੁਰੂ ਜੀ ਨਾਲ ਇਹ ਵੀ ਸੰਕੇਤ ਕਰਦੇ ਹਨ ਕਿ ਆਪਣੀ ਸੋਚ ਸਮਝ ਵੀ ਰੱਖੋ, ਕਿਤੇ ਇਹ ਨਾ ਹੋਵੇ ਕਿ ਕੋਈ ਭੇਖੀ ਤੁਹਾਨੂੰ ਮਿੱਠਾ ਬੋਲ ਕੇ ਮੂਰਖ ਬਣਾ ਜਾਵੇ । ਇਸ ਲਈ ਅੱਗੇ ਆਖਦੇ ਹਨ : ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥ ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥(ਮ: 1, ਪੰਨਾ 470)

ਜਦ ਗੁਰੂ ਜੀ ਨਸ਼ਿਆਂ ਬਾਰੇ ਗੱਲ ਕਰਦੇ ਹਨ ਤਾਂ ਆਖਦੇ ਹਨ : ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥ ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥ (ਮ:3,ਪੰਨਾ ੫੫੪)

ਜਿਹੜੇ ਲੋਕ ਤੀਰਥਾਂ 'ਤੇ ਜਾ ਕੇ ਆਪਣੇ ਆਪ ਨੂੰ ਬਹੁਤ ਸੁੱਚਾ ਸਮਝਦੇ ਹਨ ਪਰ ਆਤਮਿਕ ਤੌਰ 'ਤੇ ਮੈਲ ਰੱਖੀ ਬੈਠੇ ਹੁੰਦੇ ਹਨ, ਉਹਨਾਂ ਬਾਰੇ ਆਖਦੇ ਹਨ : ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥ ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥(ਮ:1,ਪੰਨਾ 473) ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥ (ਮ:1,ਪੰਨਾ 789)

ਗੁਰਬਾਣੀ ਤੀਰਥ ਤੇ ਜਾਣਾ ਚੰਗੇ ਗੁਣਾਂ ਨੂੰ ਅਪਨਾਉਣ ਨੂੰ ਆਖਦੀ ਹੈ : ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥(ਮ:1,ਪੰਨਾ 687)

ਭਗਤ ਫਰੀਦ ਜੀ, ਹਰ ਇਨਸਾਨ ਨੂੰ ਆਪਣੇ ਅੰਦਰ ਦੇ ਚਲ ਰਹੇ ਵਿਚਾਰਾਂ ਵੱਲ ਧਿਆਨ ਦੇਣ ਵਾਸਤੇ ਆਖਦੇ ਹਨ :

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥(ਪੰਨਾ 1378)

ਸਾਨੂੰ ਝੂਠ ਬੋਲਣ ਅਤੇ ਕਿਸੇ ਹੋਰ ਦਾ ਹੱਕ ਖਾਣ ਤੋਂ ਗਰੇਜ਼ ਕਰਨ ਤੋਂ ਰੋਕਣ ਲਈ, ਇਸ ਭੈੜੀ ਆਦਤ ਨੂੰ ਮੁਰਦਾਰ (ਹੱਡਾਰੋੜੀ 'ਤੇ ਮਰਿਆ ਹੋਇਆ ਪਸ਼ੂ) ਖਾਣ ਦੇ ਬਰਾਬਰ ਆਖਦੇ ਹਨ : ਕੂੜੁ ਬੋਲਿ ਮੁਰਦਾਰੁ ਖਾਇ ॥ (ਮ:1,ਪੰਨਾ 140)

ਸ਼ਬਦ ਗੁਰੂਵਿਚ ਕਿਸੇ ਦਿਨ ਨੂੰ ਚੰਗਾ ਅਤੇ ਕਿਸੇ ਨੂੰ ਮਾੜਾ ਆਖਣ ਵਾਲਿਆਂ ਨੂੰ ਸਮਝਾਇਆ ਹੈ : ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥(ਮ:3,ਪੰਨਾ 842)

ਹੋਰਨਾਂ ਧਰਮਾਂ ਵਾਂਗੂ ਲੋਕਾਈ ਨੂੰ ਜੋ ਸੁਰਗ ਨਰਕ ਦਾ ਡਰਾਵਾ ਦਿਤਾ ਜਾਂਦਾ ਹੈ ਪਰ ਸ਼ਬਦ ਗੁਰੂ ਤੋਂ ਸਾਨੂੰ ਇਹ ਗਿਆਨ ਮਿਲਦਾ ਹੈ ਕਿ ਸਵਰਗ ਜਾਂ ਮੁਕਤੀ ਇਸੇ ਜੀਵਨ ਵਿਚ ਹੀ ਲੈਣੀ ਹੈ; ਮਰਨ ਤੋਂ ਪਿੱਛੋਂ ਕੌਣ ਵੇਖਦਾ ਹੈ: ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥ (ਭਗਤ ਨਾਮਦੇਵ ਪੰਨਾ 1292)

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥(ਮ:5,ਪੰਨਾ 522)

ਅੱਗੇ ਇਹ ਹਰੇਕ ਦੀ ਆਪਣੀ ਮਰਜੀ ਹੈ, ਕਿ ਉਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਸਾਡੇ ਸ਼ਬਦ ਗੁਰੂ ਗਿਆਨ ਦੇਣ ਵਾਲੇ ਹਨ, ਉਹਨਾਂ ਵਿਚ ਲਿਖੇ ਸ਼ਬਦਾਂ 'ਤੇ ਅਮਲ ਕਰਕੇ ਆਪਣੇ ਜੀਵਨ ਦੌਰਾਨ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸਾਂ ਵਿਚੋਂ ਨਿਕਲ ਕੇ ਡਰ ਰਹਿਤ ਜੀਵਨ ਜਿਉਣ ਦੀ ਕੋਸ਼ਿਸ਼ ਕਰਨੀ ਹੈ; ਜਾਂ ਸਿੱਖ ਕੌਮ ਦੇ ਦੁਸ਼ਮਣਾਂ ਅਤੇ ਸਿੱਖਾਂ ਦੀ ਲਹੂ ਪਸੀਨੇ ਦੀ ਕਮਾਈ 'ਤੇ ਅੱਖ ਰੱਖੀ ਬੈਠੇ ਪੁਜਾਰੀਆਂ ਦੇ ਕਰਾਮਾਤ ਹੋਣ ਦੇ ਝੂਠੇ ਪ੍ਰਚਾਰ ਦੀ ਆਸ ਦੇ ਸੁਪਨੇ ਵੇਖਣ ਵਿਚ ਹੀ ਆਪਣਾ ਸਾਰਾ ਜੀਵਨ ਡਰ-ਡਰ ਕੇ ਗੁਜ਼ਾਰਨਾ ਹੈ ।

ਗੁਰਵਾਕ ਹੈ: ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥(ਮ:5,ਪੰਨਾ 680)



## ਭਾਰਤੀ ਸਿਆਸਤਦਾਨ ਵਹਿਮਾਂ ਭਰਮਾਂ 'ਚ ਉਲਝੇ

**ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਸਿੱਧਰਮੱਈਆ ਦੀ ਕਾਰ 'ਤੇ ਇਕ ਕਾਂ ਬੈਠਿਆ ਤਾਂ ਕਾਰ ਹੀ ਬਦਲ ਲਈ · ਭਾਜਪਾ ਨੇਤਾ ਅੰਬੇਸ਼ ਜਾਗੜੇ ਨੇ ਛੱਤੀਸਗੜ੍ਹ ਵਿਧਾਨ ਸਭਾ 'ਚ ਬਾਬਾ ਬੁਲਾਇਆ**

ਅੱਜ ਦੇ ਵਿਗਿਆਨਿਕ ਯੁੱਗ ਵਿਚ ਵੀ ਵੱਡੀ ਗਿਣਤੀ ਵਿਚ ਲੋਕ ਤੰਤਰ-ਮੰਤਰ, ਵਹਿਮਾਂ-ਭਰਮਾਂ ਅਤੇ ਟੂਣੇ-ਟੋਟਕਿਆਂ ਦੇ ਜਾਲ ਵਿਚ ਉਲਝੇ ਹੋਏ ਹਨ। ਇਥੋਂ ਤੱਕ ਕਿ ਭਾਰਤ ਦੇ ਸਿਆਸਤਦਾਨ ਵੀ ਇਸ ਚੱਕਰਵਿਊ ਵਿਚ ਫਸੇ ਹੋਏ ਹਨ। ਆਪਣੇ ਭਾਸ਼ਣਾਂ ਵਿਚ ਹਰੇਕ ਨੇਤਾ ਜ਼ੋਰ-ਸ਼ੋਰ ਨਾਲ ਵਿਕਾਸ, ਤਕਨੀਕ ਅਤੇ ਦੇਸ਼ ਨੂੰ ਇਕ ਮਹਾਸ਼ਕਤੀ ਬਣਾਉਣ ਦੀ ਗੱਲ ਕਰਦਾ ਹੈ ਪਰ ਇਨ੍ਹਾਂ ਵਿਚੋਂ ਹੀ ਕਈ ਨੇਤਾ ਤੰਤਰ-ਮੰਤਰ ਤੇ ਟੂਣੇ-ਟੋਟਕਿਆਂ ਦੇ ਚੱਕਰ ਵਿਚ ਪਤਾ ਨਹੀਂ ਕੀ-ਕੀ ਕਰ ਬੈਠਦੇ ਹਨ।

ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਸਿੱਧਰਮੱਈਆ ਦੀ ਕਾਰ 'ਤੇ ਜੂਨ 2016 ਵਿਚ ਇਕ ਕਾਂ ਆ ਕੇ ਬੈਠ ਗਿਆ ਤਾਂ ਉਨ੍ਹਾਂ ਨੇ ਆਪਣੀ ਕਾਰ ਹੀ ਬਦਲ ਲਈ।

ਇਸੇ ਤਰ੍ਹਾਂ ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਬੀ. ਐੱਸ. ਯੇਦੀਯੁਰੱਪਾ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਵਿਰੋਧੀ ਕਾਲੇ ਜਾਦੂ ਦੀ ਮਦਦ ਨਾਲ ਉਨ੍ਹਾਂ ਨੂੰ ਮਾਰਨ ਦੀ ਸਾਜ਼ਿਸ਼ ਰਚ ਰਹੇ ਹਨ ਅਤੇ ਉਨ੍ਹਾਂ ਤੋਂ ਸੱਤਾ ਖੋਹਣਾ ਚਾਹੁੰਦੇ ਹਨ, ਇਸ ਲਈ ਆਪਣੇ ਵਿਰੋਧੀਆਂ ਦੇ ਕਾਲੇ ਜਾਦੂ ਦਾ ਤੋੜ ਕੱਢਣ ਵਾਸਤੇ ਤਿੰਨ ਰਾਤਾਂ ਤਕ ਸਰੀਰ 'ਤੇ ਬਿਨਾਂ ਕੁਝ ਪਹਿਨੇ ਸੁੱਤੇ ਅਤੇ ਉਸੇ ਹਾਲਤ ਵਿਚ ਨਦੀ ਵਿਚ ਵੀ ਖੜ੍ਹੇ ਹੋਏ ਸਨ।

ਕਰਨਾਟਕ ਦੇ ਲੋਕ ਨਿਰਮਾਣ ਮੰਤਰੀ ਐੱਚ. ਡੀ. ਰੇਵੰਨਾ ਵੀ ਅੰਧ-ਵਿਸ਼ਵਾਸੀਆਂ ਵਿਚ ਸ਼ਾਮਲ ਹਨ ਅਤੇ ਇਸੇ ਕਾਰਨ ਉਹ ਰੋਜ਼ ਆਪਣੀ ਰਿਹਾਇਸ਼ ਤੋਂ ਆਪਣੇ ਦਫਤਰ ਆਉਣ-ਜਾਣ ਲਈ 340 ਕਿਲੋਮੀਟਰ ਦੀ ਦੂਰੀ ਤਹਿ ਕਰਦੇ ਹਨ। ਉਹ ਬੈਂਗਲੁਰੂ ਦੇ ਕੁਮਾਰਕ੍ਰਿਪਾ ਪਾਰਕ ਵਿਚ ਸਥਿਤ ਜਿਸ ਬੰਗਲੇ ਨੂੰ ਆਪਣੇ ਲਈ ਖੁਸ਼ਕਿਸਮਤ ਮੰਨਦੇ ਹਨ, ਉਹ ਉਨ੍ਹਾਂ ਨੂੰ ਅਜੇ ਤਕ ਨਹੀਂ ਮਿਲਿਆ ਹੈ। ਇਸ ਲਈ ਉਨ੍ਹਾਂ ਨੇ ਇਸ ਸਮੇਂ ਇਕ ਜੋਤਿਸ਼ੀ ਦੀ ਸਲਾਹ 'ਤੇ ਬੈਂਗਲੁਰੂ ਤੋਂ 170 ਕਿਲੋਮੀਟਰ ਦੂਰ 'ਹੋਲ ਨਰਸੀਪੁਰਾ' ਵਿਚ ਮਕਾਨ ਲਿਆ ਹੋਇਆ ਹੈ। ਇਥੋਂ ਉਹ ਰੋਜ਼ ਸਵੇਰੇ 8 ਵਜੇ ਬੈਂਗਲੁਰੂ ਲਈ ਨਿਕਲਦੇ ਹਨ ਅਤੇ ਸਵੇਰੇ 11 ਵਜੇ ਵਿਧਾਨਸੌਧਾ ਪਹੁੰਚ ਜਾਂਦੇ ਹਨ। ਉਥੇ ਦਿਨ ਭਰ ਕੰਮ ਕਰਨ ਤੋਂ ਬਾਅਦ ਰਾਤ ਨੂੰ ਲਗਭਗ 8:30 ਵਜੇ ਉਹ 'ਹੋਲ ਨਰਸੀਪੁਰਾ' ਲਈ ਰਵਾਨਾ ਹੁੰਦੇ ਹਨ ਅਤੇ ਇਕ ਵਾਰ ਫਿਰ 170 ਕਿਲੋਮੀਟਰ ਸਫਰ ਕਰ ਕੇ ਰਾਤ ਨੂੰ ਲਗਭਗ 11.00 ਵਜੇ ਘਰ ਪਰਤ ਆਉਂਦੇ ਹਨ।

ਅੰਧ-ਵਿਸ਼ਵਾਸ ਦੀ ਮਿਸਾਲ ਪੇਸ਼ ਕਰਦਿਆਂ ਇਕ ਭਾਜਪਾ ਨੇਤਾ ਦੇ ਬੁਲਾਉਣ 'ਤੇ 5 ਜੁਲਾਈ ਨੂੰ ਛੱਤੀਸਗੜ੍ਹ ਵਿਧਾਨ ਸਭਾ 'ਚ ਇਕ 'ਬਾਬੇ' ਨੇ ਤੰਤਰ-ਮੰਤਰ ਕੀਤੇ। ਭਾਜਪਾ ਨੇਤਾ ਅੰਬੇਸ਼ ਜਾਗੜੇ ਨੇ ਵਿਧਾਨ ਸਭਾ ਵਿਚ ਦਾਖਲੇ ਲਈ ਉਸ ਦਾ ਪਾਸ ਵੀ ਬਣਵਾਇਆ ਅਤੇ ਇਸ ਨੂੰ ਲੈ ਕੇ ਵਿਧਾਨ ਸਭਾ ਵਿਚ ਹੰਗਾਮਾ ਵੀ ਹੋਇਆ। ਮੱਥੇ 'ਤੇ ਵਿਭੂਤੀ ਲਾਈ ਤੇ ਲਗਭਗ ਸਾਢੇ ਦਸ ਕਿਲੋ ਭਾਰੀਆਂ ਢੇਰ ਸਾਰੀਆਂ ਮਾਲਾਵਾਂ ਤੇ ਮੁੰਦਰੀਆਂ ਪਹਿਨੀ ਇਸ ਬਾਬੇ ਨੇ ਜਦੋਂ ਆਪਣਾ ਉਥੇ ਆਉਣ ਦਾ ਉਦੇਸ਼ ਦੱਸਿਆ ਤਾਂ ਉਦੋਂ ਲੋਕਾਂ ਦੀ ਹੈਰਾਨੀ ਹੋਰ ਵੀ ਵਧ ਗਈ।

ਬਾਕੀ ਸਫ਼ਾ 32 'ਤੇ


ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
XBOX
FANDANGONOW

ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ ਹੋਲਸੇਲਰ 1




ਅਸੀਂ ਇੰਡੀਅਨ ਸਟੋਰਸ, ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਨੂੰ ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ, ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ

Kulwant Singh (Shah)

**Punjab Trading Inc**

4710 B ST NW #103 Auburn, WA 98001

Phone:206-778-1823

shahbrands@gmail.com



ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਸਾਹਿਬ ਪੈਲਾਟਾਈਨ

1280 WINNETKA ST. PALATINE IL 60067, Contact : (847) 358-1117

ਮਹਾਨ ਧਾਰਮਿਕ ਸਮਾਗਮ

23 ਤੋਂ 26 ਜੁਲਾਈ, 2018

ਸਿੱਖ ਰਿਲੀਜ਼ੀਅਸ ਸੁਸਾਇਟੀ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ 23 ਤੋਂ 26 ਜੁਲਾਈ 2018 ਤੱਕ ਹਰ ਰੋਜ਼ ਸ਼ਾਮ ਨੂੰ ਧਾਰਮਿਕ ਦੀਵਾਨ ਸਜਾਏ ਜਾਣਗੇ। ਪੰਥ ਦੇ ਮਹਾਨ ਕਥਾਵਾਚਕ

ਭਾਈ ਪਰਮਜੀਤ ਸਿੰਘ ਖਾਲਸਾ

ਇਸ ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।

*ਸਿੱਖ ਰਿਲੀਜ਼ੀਅਸ ਸੁਸਾਇਟੀ ਪੈਲਾਟਾਇਨ ਵੱਲੋਂ ਸਮੂਹ ਸਿੱਖ ਸੰਗਤਾਂ ਨੂੰ ਪਰਿਵਾਰਾਂ ਸਮੇਤ ਆਉਣ ਦੀ ਬੇਨਤੀ ਕੀਤੀ ਜਾਂਦੀ ਹੈ।*



ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰਦੁਆਰਾ ਸਾਹਿਬ ਫੋਨ:
1-847-358-1117

ਮੱਖਣ ਸਿੰਘ ਕਲੇਰ ਫੋਨ:
1-630-827-9752



Serving Around the World Community Since 1994

We Specialize to Asia, Europe, Middle East, Africa, Australia & etc.

Special fares to :

SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345



SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

SYMBOL OF PURITY
APNA BAZAR
FARMERS MARKET

# Apna Bazar Farmers Market

1111 W El Camino Real • Sunnyvale, CA 94087 • For info, call: (408) 746-5966 • Call/ Text: (408) 513-4300 • www.ApnaBazar.com

- *Fisrt 24-Hour Ethnic Grocery & Kitchen in California*
- *Largest Selection & Variety of Produce all Around*
- *Unbeatable Prices with the Best Service in Town*
- *Introducing Our In-house Bakery & Indian Sweets*

## JOURNEY FROM EAST TO WEST COAST



**OPENING NOW:**
**Opening July 19, 2018**
1111 W El Camino Real, Sunnyvale, CA
**Opening July 26, 2018**
114-15 Atlantic Ave, Richmond Hill, NY

**OUR LOCATIONS:**
72-20 37th Ave, Jackson Heights, NY
113-18 Liberty Ave, Richmond Hill, NY
260-04 Hillside Ave, Floral Park, NY
217 Bethpage Rd, Hicksville, NY
124-16 Liberty Ave, Richmond Hill, NY
56-28 56th St, Maspeth, NY
2046 Lakeville Rd, New Hyde Park, NY
989 Boston Providence Hwy, Norwood, MA
1700 Sugar TYree Plaza, Oak Tree Rd, Edison, NJ
485 Georges Rd, Dayton, NJ
2610 Street Rd, Bensalem, PA
2975 John F Kennedy Blvd, Jersey Cityt, NJ
4 Tabas Lane, Unit 8, Exton, PA
3146 Maple Leaf Dr, Lexington, KY

**COMING SOON:**
Pleasanton, CA
Fremont, CA
San Jose, CA

**APNA BAZAR LEGACY:**

It all started in Jackson Heights, New York in 1995, when **Jaswinder Singh Johal & Deepak Bhardhwaj** opened their first outlet. With their dedication and overwhelming customer support, Apna Bazar began to grow. After serving the east coast for 23 years at 12 locations, Apna Bazar is excited to offer it's superior quality groceries, produce and more to the west coast. The new journey starts here in Sunnyvale, California!

Raffle drawing to be held each evening during grand opening event. Limited time offer. Sale prices are subject to change at any time. Some restrictions apply. See a store representative for details.

APNA BAZAR FARMERS MARKET

# Apna Bazar Farmers Market

1111 W El Camino Real • Sunnyvale, CA 94087 • For info, call: (408) 746-5966 • Call/ Text: (408) 513-4300 • www.ApnaBazar.com

| Product | Price |
|---|---|
| Frooti 200 ml x 27 pcs | $6.99 |
| Parle-G 8 pcs | $1.00 |
| Kitchen King Basmati 10 lbs | $8.99 |
| Tilda Basmati Rice 10 lbs | $9.99 |
| Decan Sona Masoori 20 lbs | $11.99 |
| Aashirvaad Atta 20 lbs | $6.99 |
| Swarna Atta 20 lbs | $7.99 |
| Elite Chakki Atta 20 lbs | $5.99 |
| Shrinath Chakki Fresh Atta 20 lbs | $5.99 |
| Olio Villa Gallon | $6.99 |
| Laxmi Moong Dal 4 lbs | $2.99 |
| Laxmi Masoor Dal 4 lbs | $2.99 |
| Laxmi Chana Dal 4 lbs | $2.99 |
| Laxmi Kala Dal 4 lbs | $2.99 |
| Laxmi Toor Dal 4 lbs | $2.99 |
| Tamarind Slab Seedless Paste 1 lb | $2.99 |
| Cinnamon Sticks 1 lb | $3.99 |
| Laxmi Besan 4 lbs | $3.99 |
| Laxmi Chapati Flour 20 lbs | $9.99 |
| Laxmi Urad Dal 4 lbs | $2.99 |
| Maggie Hot & Sweet Sauce 1 kg | $3.99 |
| Paras Vegetable Oil 32.5 lbs | $19.99 |
| Paras Canola Oil 32.5 lbs | $19.99 |
| Wagh Bakri 3 lbs | $9.99 |
| Laxmi Poha 2 lbs | $1.99 |
| Elite Sona Masuri 20 lbs | $8.99 |
| Pachranga Mix Pickle 850 g | $0.99 |
| Shrinath Mango Pump 850 g x 6 pcs | $8.99 |
| Sukhiana All Organic Dals 4 lbs | $4.99 |
| Meera Besan 4 lbs | $2.99 |
| Indus Valley Sona Masoori 20 lb | $12.99 |
| Almonds 3 lbs | $11.99 |
| Golden Raisin Loose 1 lb | $1.99 |
| Black Pepper Whole 0.5 lb | $2.49 |
| Black Pepper Whole 1 lb | $3.99 |
| Black Pepper Ground 0.5 lb | $2.99 |
| Black Pepper Ground 1 lb | $4.99 |
| Corriander Seed 1 lb | $3.99 |
| Cloves 1 lb | $6.99 |
| Fennel Seeds 1 lb | $2.49 |
| Almond Natural Sliced 1 lb | $4.99 |
| Tea India 2 lbs | $5.99 |
| Royal Basmati Rice 20 lbs | $16.99 |
| Milo Chocolate Drink 400 g | $3.99 |
| Milo Chocolate Drink 1.9 kg | $12.99 |
| Love Organics Urad Dal Whole 4 lbs | $3.99 |
| Love Organics Moong Dal 4 lbs | $3.99 |
| Love Organics Toor Dal 4 lbs | $3.99 |
| Royal Sona Masoori Rice 20 lbs | $10.99 |


APNA BAZAR
APNA BAZAR
FARMER'S MARKET
Nature Mills Sesame Oil 1 ltr
$8.99
Nature Mills Sesame Oil 2 ltr
$16.99
Nature Mills Peanut Oil 1 ltr
$7.99
Nature Mills Peanut Oil 2 ltr
$15.99
India's Nature Mustard Oil 1 ltr
$2.99
Shrinath Panipuri Paste 10 oz
$1.99
Verka Ghee 7 oz
$3.99
Verka Ghee 14 oz
$4.99
Verka Ghee 28 oz
$9.99
Verka Ghee 56 oz
$19.99
Verka Ghee 120 oz
$33.99
Shrinath Green Chilli Chutney 10 oz
$1.99
Dunar Daily Basmati Rice 10 lbs
$8.99
Peanuts 3 lbs
$2.99
Tilda Sona Masoori Rice 20 lbs
$11.99
Nirwana Brown Sugar 30 oz
$2.99
Nirwana Brown Sugar 56 oz
$4.99
Shrinath Bombay Sandwich Chutney 10 oz
$1.99
Nirwana Chia Seed 48 oz
$7.49
Nirwana Quinoa Seed 48 oz
$7.49
Shrinath Ginger Paste 25.4 oz
$2.99
Shrinath Garlic Paste 25.4 oz
$2.99
Ananda Real Desi Paneer 400 g
$2.99
Shrinath Bhelpuri Chutney 10 oz
$1.99
Mtr Badam Milk 180 ml Single
$1.49
Mtr Badam Milk 180 ml x 6 Pcs
$6.99
Laxmi Mango Pulp 850g x 6 pcs
$8.99
Shan Ginger Paste
$3.99
Shan Ginger-Garlic Paste
$3.99
Shrinath Coconut Chutney 10 oz
$1.99
Shrinath Date Tamarind Chutney 10 oz
$1.99
Shrinath Coriander Chutney 10 oz
$1.99
Green Cardamom Jumbo 0.5 lb
$6.99
Green Cardamom Jumbo 1 lb
$12.99
Pavel's Yogurt 2 lbs
$2.19
Burroughs Organic Milk Gallon
$4.99
Hawkins Big Boy 18 Litre
$89.99
Hawkins Big Boy 22 Litre
$99.99
Prestige Stainless Steel Pressure Cooker 3 ltr
$34.99
Prestige Stainless Steel Pressure Cooker 5.5 ltr
$44.99
Hawkins Classic Aluminum Pressure Cooker 3 ltr
$22.99
Hawkins Classic Aluminum Pressure Cooker 5 ltr
$29.99
Prestige Manttra Nakshatra Mixer
$79.99
Preethi Eco Plus Mixer
$89.99
Prestige Manttra Teon Star Mixer
$89.99
Aluminum Kadai (Flat Bottom)
STARTING AT
$4.99
Bright Appam Patra 12 Cavities
$9.99
Hawkins Futura Q41 Tawa
$27.99
Prestige Aluminum Pressure Cooker 3 ltr
$19.99
Prestige Aluminum Pressure Cooker 5 ltr
$27.99
Prestige Manttra Teon Star Mixer
$14.99
99¢ Sale
Cups & Bowls Stainless Steel
$1.99
GRAND OPENING
99¢ Sale

## ਸਿਆਟਲ ਖੇਡ ਕੈਂਪ ਦੀਆਂ ਝਲਕੀਆਂ ਤਸਵੀਰਾਂ ਦੀ ਜ਼ੁਬਾਨੀ

# ਸਿਆਟਲ ਵਿਚ ਬੱਚਿਆਂ ਦੇ ਖੇਡ ਕੈਂਪ ਦੌਰਾਨ ਭੰਗੜੇ ਦੀ ਸਿਖਲਾਈ

## ਬਲਵਿੰਦਰ ਸਿੰਘ ਬਾਜਵਾ ਨੇ ਆਸ਼ੀਰਵਾਦ ਦਿੱਤਾ

ਸਿਆਟਲ/ਗੁਰਚਰਨ ਸਿੰਘ ਢਿਲੋਂ : ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਦਾ ਖੇਡ ਕੈਂਪ ਚੱਲ ਰਿਹਾ ਹੈ, ਜਿਥੇ ਬੱਚਿਆਂ ਨੂੰ ਦੋ ਦਿਨ 14-15 ਜੁਲਾਈ ਨੂੰ ਭੰਗੜੇ ਦੀ ਸਿਖਲਾਈ ਏਬੀਸੀ. ਡਾਂਸ ਸੈਂਟਰ ਸਿਆਟਲ ਵਲੋਂ ਦਿੱਤੀ ਗਈ। ਇਸ ਮੌਕੇ ਅੰਤਰਰਾਸ਼ਟਰੀ ਐਥਲੀਟ ਰਹੇ ਬੀਐਸਐਫ. 'ਚੋਂ ਡੀਆਈਜੀ. ਦੇ ਅਹੁਦੇ ਤੋਂ ਸੇਵਾਮੁਕਤ ਹੋ ਕੇ ਪਹੁੰਚੇ ਬਲਵਿੰਦਰ ਸਿੰਘ ਬਾਜਵਾ ਦਾ ਹਾਰਦਿਕ ਸਵਾਗਤ ਕੀਤਾ ਗਿਆ। ਬਲਵਿੰਦਰ ਸਿੰਘ ਬਾਜਵਾ ਨੇ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਪ੍ਰਬੰਧਕਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਤਹਿਸੀਲਦਾਰ ਰਹੇ ਰਾਕੇਸ਼ਪਾਲ ਮਿਨਹਾਸ, ਹਰਦੀਪ ਸਿੰਘ ਗਿੱਲ ਦੇ ਵੱਡੇ ਭਰਾ ਭਾਰਤ ਤੋਂ ਪਹੁੰਚੇ ਨਿਰਭੈ ਸਿੰਘ ਗਿੱਲ, ਵੈਨਕੂਵਰ ਤੋਂ ਸੰਤੋਖ ਸਿੰਘ ਮੰਡੇਰ, ਪੰਜਾਬ ਖੇਡ ਵਿਭਾਗ ਵਿਚ ਪਟਿਆਲਾ ਦੇ ਡਿਪਟੀ ਡਾਇਰੈਕਟਰ ਰਵਿੰਦਰ ਕੁਮਾਰ ਰਿਸ਼ੀ ਅਤੇ ਸੁਪਰਡੈਂਟ ਰਹੇ ਰਾਮ ਮੂਰਤੀ ਸ਼ਰਮਾ ਦਾ ਵੀ ਨਿੱਘਾ ਸਵਾਗਤ ਕੀਤਾ ਗਿਆ।

ਸਮਰ ਸਪੋਰਟਸ ਕੈਂਪ ਦੌਰਾਨ ਰਿਫਰੈਸਮੈਂਟ ਮੁਹੱਈਆ ਕਰਨ ਵਾਲੇ ਦਾਨੀ ਸ਼ਿਕਾਗੋ ਪੀਜਾ ਵੱਲੋਂ ਸੰਤੋਖ ਸਿੰਘ ਅਟਵਾਲ, ਪਰਮਿੰਦਰ ਸਿੰਘ ਭੱਟੀ, ਧਰਮ ਸਿੰਘ ਮੈਰੀਪੁਰ, ਮਨਜੀਤ ਸਿੰਘ ਕੀ ਇੰਸ਼ੋਰੈਂਸ, ਦਯਿਆਬੀਰ ਸਿੰਘ ਪਿੰਟੂ ਬਾਠ, ਹਰਪ੍ਰੀਤ ਸਿੰਘ ਹੈਪੀ, ਸਰਬਜੀਤ ਸਿੰਘ ਝੱਲੀ ਅਤੇ ਆਲਮਗੀਰ ਦੇ ਖਹਿਰਾ ਦਾ ਵਿਸ਼ੇਸ਼ ਧੰਨਵਾਦ ਅਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਰਦੀਪ ਸਿੰਘ ਚੌਹਾਨ, ਗੁਰਦੇਵ ਸਿੰਘ ਸਮਰਾ, ਸਿਕੰਦਰ ਸਿੰਘ, ਤੇਜਪਾਲਿ ਸੰਘ, ਹਰਪਾਲ ਸਿੰਘ ਘੁੰਮਣ, ਬੀਬੀ ਹੈਮਾ, ਗੁਰਜਿੰਦਰ ਸਿੰਘ ਸੋਨੂੰ, ਗੁਰਦੀਪ ਸਿੰਘ ਸਿੱਧੂ ਅਤੇ ਸੰਨੀ ਰਾਜ ਦੀਆਂ ਸੇਵਾਵਾਂ ਦੀ ਵੀ ਸ਼ਲਾਘਾ ਕੀਤੀ ਗਈ ਅਤੇ ਇਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਪੰਜਾਬੀ ਭਾਈਚਾਰੇ ਵਲੋਂ ਪ੍ਰਬੰਧਕਾਂ ਦੇ ਉਪਰਾਲੇ ਅਤੇ ਬੱਚਿਆਂ ਦੀ ਭਾਰੀ ਗਿਣਤੀ ਵਿਚ ਭਾਗ ਲੈਣ ਲਈ ਹੌਸਲਾ ਅਫਜਾਈ ਕੀਤੀ ਗਈ।















# ਸਿਆਟਲ ਵਿਖੇ 'ਫੁਲਕਾਰੀ ਤੀਆਂ ਦਾ ਮੇਲਾ' 22 ਜੁਲਾਈ ਨੂੰ

**ਸਿਆਟਲ/ਗੁਰਚਰਨ ਸਿੰਘ ਢਿਲੋਂ** : ਸਿਆਟਲ ਦੇ ਵਿਲਸਨ ਪਲੇਅ ਫੀਲਡਜ਼ ਕੈਂਟ ਵਿਚ 22 ਜੁਲਾਈ 2018 ਐਤਵਾਰ ਸ਼ਾਮ 4:00 ਵਜੇ ਤੋਂ 4:30 ਵਜੇ ਤੱਕ 'ਫੁਲਕਾਰੀ ਤੀਆਂ ਦਾ ਮੇਲਾ' ਬੜੇ ਸ਼ਾਨੋ ਸ਼ੌਕਤ ਨਾਲ ਕਰਵਾਇਆ ਜਾ ਰਿਹਾ ਹੈ, ਜਿਥੇ ਵਾਸ਼ਿੰਗਟਨ ਸਟੇਟ ਤੋਂ 1000 ਤੋਂ ਵੱਧ ਬੀਬੀਆਂ, ਮਾਤਾਵਾਂ ਅਤੇ ਬੱਚੀਆਂ ਪਹੁੰਚ ਰਹੀਆਂ ਹਨ, ਜਿਸ ਬਾਬਤ ਪੰਜਾਬੀ ਭਾਈਚਾਰੇ ਵਿਚ ਭਾਰੀ ਜੋਸ਼ ਅਤੇ ਉਤਸ਼ਾਹ ਨਜ਼ਰ ਆ ਰਿਹਾ ਹੈ। 'ਫੁਲਕਾਰੀ ਤੀਆਂ ਦੇ ਮੇਲੇ' ਦੀਆਂ ਮੁੱਖ ਪ੍ਰਬੰਧਕਾਂ ਗੁਰਦੀਪ ਕੌਰ ਅਤੇ ਰਾਜਪ੍ਰੀਤ ਕੌਰ ਨੇ ਦੱਸਿਆ ਕਿ ਵੈਨਕੂਵਰ ਤੋਂ ਪੰਜਾਬ ਰੇਡੀਓ ਦੀ ਹੋਸਟ ਬੀਬੀ ਬਲਜਿੰਦਰ ਕੌਰ ਅਤੇ ਬੀਬੀ ਗੁਰਿੰਦਰ ਕੌਰ ਸਟੇਜ ਦਾ ਸੰਚਾਲਨ ਕਰਦਿਆਂ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਇਸ ਮੌਕੇ ਗੀਤ-ਸੰਗੀਤ, ਗਿੱਧੇ-ਭੰਗੜੇ ਪਾਏ ਜਾਣਗੇ ਅਤੇ ਹਰੇਕ ਨੂੰ ਨੱਚਣ-ਗਾਉਣ ਦਾ ਮੌਕਾ ਦਿੱਤਾ ਜਾਵੇਗਾ। ਮਹਿੰਦੀ ਦੀਆਂ ਸਟਾਲਾਂ ਤੋਂ ਇਲਾਵਾ ਕੱਪੜੇ ਅਤੇ ਖਾਣ ਪੀਣ ਦੀਆਂ ਦੁਕਾਨਾਂ ਲਾਈਆਂ ਜਾ ਰਹੀਆਂ ਹਨ। ਅਖੀਰ ਵਿਚ ਪ੍ਰਬੰਧਕਾਂ ਵਲੋਂ ਖਾਣ-ਪੀਣ ਦਾ ਮੁਫ਼ਤ ਇੰਤਜ਼ਾਮ ਕੀਤਾ ਜਾ ਰਿਹਾ ਹੈ। ਇਸ ਸਮਾਗਮ ਵਿਚ ਕੇਵਲ ਔਰਤਾਂ ਹੀ ਭਾਗ ਲੈ ਸਕਦੀਆਂ ਹਨ। ਪਾਰਕਿੰਗ ਮੁਫ਼ਤ ਹੋਵੇਗੀ, ਸਕਿਊਰਿਟੀ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਪ੍ਰਬੰਧਕਾਂ ਵੱਲੋਂ ਦਰਸ਼ਕਾਂ ਅਤੇ ਭਾਗ ਲੈਣ ਵਾਲਿਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਇਸ 'ਫੁਲਕਾਰੀ ਤੀਆਂ ਦੇ ਮੇਲੇ' ਰਾਹੀਂ ਪੰਜਾਬ ਦੇ ਅਮੀਰ ਵਿਰਸੇ-ਸਭਿਆਚਾਰ ਬਾਰੇ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਜਾਣੂ ਕਰਵਾ ਕੇ ਸਿਹਤਮੰਦ ਮਨੋਰੰਜਨ ਦਿੱਤਾ ਜਾਵੇਗਾ।




ਫੁਲਕਾਰੀ ਤੀਆਂ ਦੇ ਮੇਲੇ ਦੀਆਂ ਤਿਆਰੀਆਂ ਕਰਦੇ ਸਮੇਂ ਯਾਦਗਾਰੀ ਤਸਵੀਰ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**



8th Annual
Stockton Teeyan Mela 2018
Ladies Only Event
ਤੀਆਂ ਦਾ ਮੇਲਾ
Sunday, July 22, 2018
1:00 PM to 7:00 PM
Venue
Delta Shelter Micke Grove Park
11793 N. Micke Grove Road
Lodi, CA 95240
Featuring: Gidha, Poetry, Plays, Bhangra, DJ & Much More !
Special Events:
Miss Punjaban Competition
for Various Ages.
ਇਸ ਮੌਕੇ ਕੱਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਗਾਏ ਜਾਣਗੇ
for more info please contact
Simran K Atwal : (209) 993-7978
Ashvinder Kaur (Ashu) : (209) 298-6454
Email: Stocktonteeyan@gmail.com
FB: www.facebook.com/stocktonteeyan
Free Entry
Parking $ 6.00
No Cameras Will Be Allowed




ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ
ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ
ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:
ਵੀਹਵੀਂ ਸਦੀ ਦੀ ਸਿੱਖ ਰਾਜਨੀਤੀ
ਕਿਸ ਬਿਧ ਰੁਲੀ ਪਾਤਸ਼ਾਹੀ
1984 ਅਣਚਿਤਵਿਆ ਕਹਿਰ
ਤੀਜੇ ਘੱਲੂਘਾਰੇ ਤੋਂ ਬਾਅਦ ਸਿੱਖਾਂ ਦੀ ਸਿਧਾਂਤਕ ਘੇਰਾਬੰਦੀ
ਸ਼ਹੀਦ ਕਰਤਾਰ ਸਿੰਘ ਸਰਾਭਾ
ਗਦਰੀ ਬਾਬੇ ਕੌਣ ਸਨ?
ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)
ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279




Website Design & Development
➡ ਛੋਟੇਵੱਡੇ ਬਿਜ਼ਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ |
➡ ਈ-ਕਾਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ |
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ|
+91-94640-83029
+91-95699-98747
info@webmediaart.com
www.webmediaart.com




ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300

# ਕੇਂਦਰੀ ਮੰਤਰੀ ਭੀੜਾਂ ਦੀ ਹਿੰਸਾ ਨੂੰ ਉਤਸ਼ਾਹਿਤ ਕਰਨ ਲੱਗੇ

- ਘੱਟ ਗਿਣਤੀ ਕੌਮਾਂ ਤੇ ਦਲਿਤ ਭਾਈਚਾਰੇ ਨਾਲ ਸੰਬੰਧਿਤ ਨਿਰਦੋਸ਼ ਲੋਕਾਂ ਨੂੰ ਕੁੱਟਣ ਮਾਰਨ ਦੀਆਂ ਘਟਨਾਵਾਂ ਵਧੀਆਂ
- ਹਾਈ ਕੋਰਟ ਵੱਲੋਂ ਜ਼ਮਾਨਤ 'ਤੇ ਰਿਹਾਅ ਕੀਤੇ ਮੁਸਲਮਾਨ ਦੇ ਕਾਤਲ ਨੂੰ ਕੇਂਦਰੀ ਰਾਜ ਮੰਤਰੀ ਜੈਅੰਤ ਸਿਨਹਾ ਨੇ ਹਾਰ ਪਾ ਕੇ ਕੀਤਾ ਸੁਆਗਤ



**ਨਵੀਂ ਦਿੱਲੀ/ਬਿਊਰੋ ਨਿਊਜ਼ :**
ਮੋਦੀ ਦੀ ਅਗਵਾਈ ਵਾਲੀ ਸਰਕਾਰ ਦੀ ਹਾਲਤ ਏਨੀ ਨਿੱਘਰ ਗਈ ਹੈ ਕਿ ਭੜਕੀਆਂ ਭੀੜਾਂ ਵੱਲੋਂ ਬੱਚਿਆਂ ਨੂੰ ਅਗਵਾ ਕਰਨ ਦੀਆਂ ਫੈਲੀਆਂ ਅਫ਼ਵਾਹਾਂ ਤੋਂ ਪ੍ਰਭਾਵਿਤ ਹੋ ਕੇ ਘੱਟ ਗਿਣਤੀ ਨਾਲ ਸਬੰਧਿਤ ਨਿਰਦੋਸ਼ ਲੋਕਾਂ ਨੂੰ ਕੁੱਟ-ਕੁੱਟ ਕੇ ਮੌਤ ਦੇ ਘਾਟ ਪਹੁੰਚਾ ਦੇਣਾ ਆਮ ਵਰਤਾਰਾ ਬਣ ਗਿਆ ਹੈ। ਇਸ ਤੋਂ ਪਹਿਲਾਂ ਗਊ ਰੱਖਿਆ ਦੇ ਨਾਂਅ 'ਤੇ ਭਗਵੇਂਵਾਦੀ ਸੰਗਠਨਾਂ ਦੇ ਕਾਰਕੁਨਾਂ ਵੱਲੋਂ ਘੱਟ ਗਿਣਤੀ ਕੌਮਾਂ ਤੇ ਦਲਿਤਾਂ ਸਮੇਤ ਨਿਰਦੋਸ਼ ਲੋਕਾਂ ਨੂੰ ਬੇਰਹਿਮੀ ਨਾਲ ਕੁੱਟ-ਕੁੱਟ ਕੇ ਮਾਰ ਦੇਣ ਦੀਆਂ ਘਟਨਾਵਾਂ ਏਨੀਆਂ ਵਧ ਗਈਆਂ ਸਨ ਕਿ ਸੁਪਰੀਮ ਕੋਰਟ ਨੂੰ ਕੇਂਦਰ ਤੇ ਰਾਜ ਸਰਕਾਰਾਂ ਦੇ ਕਰਤੇ-ਧਰਤਿਆਂ ਨੂੰ ਇਹ ਆਦੇਸ਼ ਦੇਣਾ ਪਿਆ ਸੀ ਕਿ ਦਿਨ-ਦਿਹਾੜੇ ਹੋਣ ਵਾਲੀਆਂ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਉਹ ਫੌਰੀ ਕਦਮ ਪੁੱਟਣ।

ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਤੇ ਉਸ ਨਾਲ ਸਬੰਧਤ ਰਾਜ ਸਰਕਾਰਾਂ ਦੇ ਜ਼ਿੰਮੇਵਾਰ ਸੰਵਿਧਾਨਕ ਅਹੁਦਿਆਂ ਉੱਤੇ ਬਿਰਾਜਮਾਨ ਮੰਤਰੀਆਂ-ਮੁਸ਼ੱਦੀਆਂ ਦੀ ਹਾਲਤ ਇਹ ਹੋ ਗਈ ਹੈ ਕਿ ਉਹ ਦੋਸ਼ੀਆਂ ਨੂੰ ਸਨਮਾਨਤ ਕਰਨ ਵਿੱਚ ਵੀ ਕੋਈ ਝਿਜਕ ਮਹਿਸੂਸ ਨਹੀਂ ਕਰਦੇ। ਕਠੂਆ ਵਿੱਚ ਇੱਕ ਬਾਲੜੀ ਨਾਲ ਸਮੂਹਿਕ ਬਲਾਤਕਾਰ ਪਿੱਛੋਂ ਉਸ ਦੇ ਕਤਲ ਦੇ ਦੋਸ਼ੀਆਂ ਨੂੰ ਜਦੋਂ ਰਾਜ ਦੀ ਪੁਲਸ ਨੇ ਹਿਰਾਸਤ ਵਿੱਚ ਲਿਆ ਤਾਂ ਭਾਜਪਾ-ਪੀਡੀਪੀ ਵਜ਼ਾਰਤ ਵਿੱਚ ਸ਼ਾਮਲ ਭਾਜਪਾ ਦੇ ਦੋ ਮੰਤਰੀਆਂ ਨੇ ਪੀੜਤ ਪਰਿਵਾਰ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰਨ ਦੀ ਥਾਂ ਦੋਸ਼ੀਆਂ ਦੇ ਹੱਕ ਵਿੱਚ ਰੈਲੀ ਕੱਢ ਕੇ ਰਾਜ ਸਰਕਾਰ ਨੂੰ ਹੀ ਕਟਹਿਰੇ ਵਿੱਚ ਲਿਆ ਖੜ੍ਹਾ ਕੀਤਾ ਸੀ। ਜਦੋਂ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਇਹ ਘਟਨਾ ਚਰਚਾ ਦਾ ਵਿਸ਼ਾ ਬਣੀ ਤਾਂ ਮਜਬੂਰੀ ਵੱਸ ਭਾਜਪਾ ਨੂੰ ਇਹਨਾਂ ਮੰਤਰੀਆਂ ਕੋਲੋਂ ਅਸਤੀਫ਼ੇ ਲੈਣੇ ਪਏ ਸਨ। ਉਸ ਸਮੇਂ ਤਾਂ ਹੱਦ ਹੀ ਹੋ ਗਈ, ਜਦੋਂ ਗਊ ਰੱਖਿਆ ਦੇ ਨਾਂਅ 'ਤੇ ਘੱਟ-ਗਿਣਤੀ ਭਾਈਚਾਰੇ ਦੇ ਇੱਕ ਵਿਅਕਤੀ ਨੂੰ ਸ਼ਰੇਆਮ ਦਿਨ-ਦਿਹਾੜੇ ਕੁੱਟ-ਕੁੱਟ ਕੇ ਮਾਰ ਦੇਣ ਵਾਲੇ ਫ਼ਾਸਟ ਟਰੈਕ ਕੋਰਟ ਵੱਲੋਂ ਨਾਮਜ਼ਦ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਪਿੱਛੋਂ ਹਾਈ ਕੋਰਟ ਵੱਲੋਂ ਜ਼ਮਾਨਤ 'ਤੇ ਰਿਹਾਅ ਕੀਤੇ ਜਾਣ 'ਤੇ ਸ਼ਹਿਰੀ ਹਵਾਬਾਜ਼ੀ ਮਹਿਕਮੇ ਦੇ ਕੇਂਦਰੀ ਰਾਜ ਮੰਤਰੀ ਜੈਅੰਤ ਸਿਨਹਾ ਨੇ ਉਨ੍ਹਾਂ ਦਾ ਫੁੱਲਾਂ ਦੇ ਹਾਰ ਪਾ ਕੇ ਸੁਆਗਤ ਕੀਤਾ। ਪ੍ਰਧਾਨ ਮੰਤਰੀ ਜਾਂ ਭਾਜਪਾ ਦੇ ਕਿਸੇ ਆਗੂ ਨੇ ਇਸ ਘਟਨਾ ਬਾਰੇ ਕੋਈ ਟਿੱਪਣੀ ਤੱਕ ਨਾ ਕੀਤੀ ਪਰ ਜੈਅੰਤ ਸਿਨਹਾ ਦੇ ਪਿਤਾ ਯਸ਼ਵੰਤ ਸਿਨਹਾ, ਜਿਹੜੇ ਵਾਜਪਾਈ ਸਰਕਾਰ ਵਿੱਚ ਕੇਂਦਰੀ ਮੰਤਰੀ ਰਹਿ ਚੁੱਕੇ ਹਨ, ਨੇ ਕਿਹਾ ਕਿ ਇਹ ਲਾਇਕ ਪਿਤਾ ਦਾ ਇੱਕ ਨਾਲਾਇਕ ਪੁੱਤਰ ਹੈ ਤੇ ਮੈਨੂੰ ਇਸ ਦੇ ਕੀਤੇ 'ਤੇ ਦੁੱਖ ਦਾ ਅਹਿਸਾਸ ਹੋ ਰਿਹਾ ਹੈ। ਘਿਨਾਉਣੇ ਅਪਰਾਧਾਂ ਦੇ ਦੋਸ਼ੀਆਂ ਦਾ ਪੱਖ ਪੂਰਨ ਦਾ ਮਾਮਲਾ ਓਦੋਂ ਹੋਰ ਤੂਲ ਫੜ ਗਿਆ, ਜਦੋਂ ਇੱਕ ਹੋਰ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਨਵਾਦਾ ਤੇ ਔਰੰਗਾਬਾਦ ਵਿੱਚ ਹੋਈ ਫ਼ਿਰਕੂ ਹਿੰਸਾ ਲਈ ਜ਼ਿੰਮੇਵਾਰ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਦੇ ਕਾਰਕੁਨਾਂ ਦੀ ਹੌਸਲਾ ਅਫ਼ਜ਼ਾਈ ਲਈ ਉਨ੍ਹਾਂ ਨਾਲ ਜੇਲ੍ਹ ਵਿੱਚ ਜਾ ਕੇ ਮੁਲਾਕਾਤ ਕੀਤੀ ਤੇ ਉਸ ਮਗਰੋਂ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਦਮ-ਦਿਲਾਸਾ ਦੇਣ ਲਈ ਮਿਲੇ। ਇਸ ਮਗਰੋਂ ਮੀਡੀਆ ਵਾਲਿਆਂ ਨੂੰ ਮੁਖਾਤਿਬ ਹੁੰਦਿਆਂ ਉਨ੍ਹਾਂ ਨੇ ਕਿਹਾ ਕਿ ਇਹਨਾਂ ਨੂੰ ਕੇਵਲ ਹਿੰਦੂਤਵੀ ਤਾਕਤਾਂ ਨੂੰ ਦਬਾਉਣ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦੋਂ ਕਿ ਇਹਨਾਂ ਨੇ ਆਪਣੇ ਧਰਮ ਦੀ ਰਾਖੀ ਲਈ ਮੈਦਾਨ ਮੱਲਿਆ ਸੀ। ਗਿਰੀਰਾਜ ਸਿੰਘ ਨੇ ਇਸ ਲਈ ਬਿਹਾਰ ਦੇ ਰਾਜ ਪ੍ਰਸ਼ਾਸਨ ਨੂੰ ਦੋਸ਼ੀ ਕਰਾਰ ਦਿੱਤਾ, ਜਦੋਂ ਕਿ ਹਕੀਕਤ ਇਹ ਹੈ ਕਿ ਇਸ ਸਮੇਂ ਨਿਤੀਸ਼ ਕੁਮਾਰ ਦੀ ਅਗਵਾਈ ਵਾਲੀ ਸਰਕਾਰ ਵਿੱਚ ਭਾਜਪਾ ਭਾਈਵਾਲ ਹੈ ਤੇ ਉਸ ਦੇ ਅੱਧੇ ਤੋਂ ਵੱਧ ਕੈਬਨਿਟ ਮੰਤਰੀ ਅਹਿਮ ਅਹੁਦਿਆਂ 'ਤੇ ਬਿਰਾਜਮਾਨ ਹਨ।

ਇਸ ਘਟਨਾ ਨੂੰ ਲੈ ਕੇ ਬਿਹਾਰ ਸਰਕਾਰ ਦੀ ਏਨੀ ਬਦਨਾਮੀ ਹੋਈ ਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਰਾਜ ਦੇ ਭਾਜਪਾਈ ਉੱਪ ਮੁੱਖ ਮੰਤਰੀ ਸੁਸ਼ੀਲ ਮੋਦੀ ਦੀ ਹਾਜ਼ਰੀ ਵਿੱਚ ਇਹ ਕਹਿਣਾ ਪਿਆ ਕਿ ਕਿਸੇ ਨੂੰ ਵੀ ਰਾਜ ਦੇ ਲੋਕਾਂ ਵਿਚਲੀ ਭਾਈਚਾਰਕ ਸਾਂਝ ਨੂੰ ਭੰਗ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਜਿਹੜਾ ਵੀ ਵਿਅਕਤੀ ਜਾਂ ਸਮੂਹ ਇਸ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਸਖ਼ਤੀ ਨਾਲ ਦਬਾਅ ਦਿੱਤਾ ਜਾਵੇਗਾ। ਇਹ ਸਾਂਝ ਦੀ ਮਜਬੂਰੀ ਸੀ ਜਾਂ ਕੋਈ ਹੋਰ ਵਜ੍ਹਾ, ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਗਿਰੀਰਾਜ ਸਿੰਘ ਦੇ ਕਥਨਾਂ ਤੇ ਅਮਲਾਂ ਬਾਰੇ ਕੁਝ ਕਹਿਣ ਤੋਂ ਪਾਸਾ ਵੱਟੀ ਰੱਖਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐੱਨਡੀਏ ਸਰਕਾਰ ਨਾਹਰਾ ਭਾਵੇਂ 'ਸਭ ਕਾ ਸਾਥ, ਸਭ ਕਾ ਵਿਕਾਸ' ਦਾ ਲਾਉਂਦੀ ਹੈ ਪਰ ਜਦੋਂ ਤੱਕ ਉਹ ਘੱਟ-ਗਿਣਤੀ ਭਾਈਚਾਰੇ ਦੇ ਲੋਕਾਂ ਵਿਰੁੱਧ ਹਿੰਸਕ ਕਾਰਵਾਈਆਂ ਕਰਨ ਵਾਲੇ ਸਮੂਹਾਂ ਤੇ ਉਨ੍ਹਾਂ ਦੇ ਆਗੂਆਂ ਵਿਰੁੱਧ ਬਣਦੀ ਕਾਰਵਾਈ ਕਰਨ ਵੱਲ ਮੂੰਹ ਨਹੀਂ ਕਰਦੀ, ਓਨੀ ਦੇਰ ਲੋਕਾਂ ਵਿੱਚ ਇਸ ਪ੍ਰਭਾਵ ਦਾ ਬਣਿਆ ਰਹਿਣਾ ਲਾਜ਼ਮੀ ਹੈ ਕਿ ਇਸ ਸਰਕਾਰ ਨੂੰ ਆਪਣਾ ਸੰਵਿਧਾਨਕ ਫ਼ਰਜ਼ ਨਿਭਾਉਣ ਵਿੱਚ ਕੋਈ ਦਿਲਚਸਪੀ ਨਹੀਂ।

**ਨਿਆਂ ਪਾਲਿਕਾ ਦੀਆਂ ਤਲਖ ਟਿੱਪਣੀਆਂ :** ਸਾਡੇ ਸ਼ਾਸਕ ਸਦਾ ਇਹ ਗਿਲਾ ਕਰਦੇ ਰਹਿੰਦੇ ਹਨ ਕਿ ਨਿਆਂ ਪਾਲਿਕਾ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਦਖ਼ਲ ਦੇਣ ਸਮੇਂ ਸੰਵਿਧਾਨ ਘਾੜਿਆਂ ਵੱਲੋਂ ਵਿਧਾਨ ਪਾਲਿਕਾ, ਕਾਰਜ ਪਾਲਿਕਾ ਤੇ ਨਿਆਂ ਪਾਲਿਕਾ ਲਈ ਨਿਰਧਾਰਤ ਕੀਤੀ ਲਛਮਣ ਰੇਖਾ ਨੂੰ ਪਾਰ ਕਰਨ ਤੋਂ ਜ਼ਰਾ ਜਿੰਨਾ ਵੀ ਸੰਕੋਚ ਤੋਂ ਕੰਮ ਨਹੀਂ ਲੈਂਦੀ। ਹੁਣੇ-ਹੁਣੇ ਤਿੰਨ-ਚਾਰ ਕੌਮੀ ਅਹਿਮੀਅਤ ਵਾਲੇ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕਾਰਜ ਪਾਲਿਕਾ ਵੱਲੋਂ ਆਪਣੇ ਅਧਿਕਾਰ ਖੇਤਰ ਵਾਲੇ ਮਾਮਲਿਆਂ ਨੂੰ ਨਿਪਟਾਉਣ ਸਮੇਂ ਘੋਰ ਅਣਗਹਿਲੀ ਤੋਂ ਕੰਮ ਲਿਆ ਜਾਂਦਾ ਹੈ। ਇਸ ਕਰ ਕੇ ਪ੍ਰਭਾਵਿਤ ਜਨ-ਸਮੂਹਾਂ ਵੱਲੋਂ ਜਾਂ ਨਿਆਂ ਪਾਲਿਕਾ ਵੱਲੋਂ ਆਪਣੇ ਤੌਰ ਉੱਤੇ ਅਜਿਹੇ ਮਾਮਲਿਆਂ ਦਾ ਨੋਟਿਸ ਲਿਆ ਜਾਂਦਾ ਹੈ। ਕੁਝ ਸਮਾਂ ਪਹਿਲਾਂ ਓਨਾਓ ਜ਼ਿਲ੍ਹੇ ਦੀ ਇੱਕ ਨਾਬਾਲਗ ਮੁਟਿਆਰ ਨਾਲ ਇੱਕ ਭਾਜਪਾ ਵਿਧਾਇਕ ਵੱਲੋਂ ਕੀਤੇ ਜਬਰੀ ਬਲਾਤਕਾਰ ਤੇ ਉਸ ਮਗਰੋਂ ਉਸ ਦੇ ਪਿਤਾ ਨੂੰ ਥਾਣੇ ਵਿੱਚ ਹੀ ਕੁੱਟ-ਕੁੱਟ ਕੇ ਮਾਰ ਦੇਣ ਦੇ ਮਾਮਲੇ ਵਿੱਚ ਜਦੋਂ ਉੱਤਰ ਪ੍ਰਦੇਸ਼ ਦੀ ਯੋਗੀ ਆਦਿੱਤਿਆਨਾਥ ਸਰਕਾਰ, ਉਸ ਦੇ ਡੀਜੀਪੀ ਅਤੇ ਮੁੱਖ ਗ੍ਰਹਿ ਸਕੱਤਰ ਦੋਸ਼ੀ ਵਿਧਾਇਕ ਤੇ ਉਸ ਦੇ ਸਾਥੀਆਂ ਦੀ ਸਫ਼ਾਈ ਵਿੱਚ ਪ੍ਰੈੱਸ ਕਾਨਫ਼ਰੰਸ ਲਾ ਬੈਠੇ ਤਾਂ ਇਲਾਹਾਬਾਦ ਹਾਈ ਕੋਰਟ ਦੇ ਮਾਣ ਯੋਗ ਜੱਜਾਂ ਨੇ ਇਸ ਸੰਬੰਧ ਵਿੱਚ ਦਾਖ਼ਲ ਕੀਤੀ ਗਈ ਜਨਹਿੱਤ ਪਟੀਸ਼ਨ ਦੀ ਸੁਣਵਾਈ ਕਰਦਿਆਂ ਹੋਇਆਂ ਸਰਕਾਰੀ ਵਕੀਲ ਦੇ ਸਪੱਸ਼ਟੀਕਰਨ ਬਾਰੇ ਨਾਰਾਜ਼ਗੀ ਜ਼ਾਹਿਰ ਕਰਦਿਆਂ ਹੋਇਆਂ ਇਸ ਮਾਮਲੇ ਦੀ ਜਾਂਚ ਦਾ ਕੰਮ ਰਾਜ ਪੁਲਸ ਦੇ ਹੱਥੋਂ ਲੈ ਕੇ ਸੀਬੀਆਈ ਦੇ ਹਵਾਲੇ ਕਰ ਦਿੱਤਾ ਸੀ। ਹੁਣ ਉਸੇ ਵਿਧਾਇਕ ਸੇਂਗਰ ਵਿਰੁੱਧ ਸੀਬੀਆਈ ਨੇ ਬਲਾਤਕਾਰ ਦੇ ਦੋਸ਼ ਦੇ ਤਹਿਤ ਅਦਾਲਤ ਵਿੱਚ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ, ਜਿਸ ਨੂੰ ਉੱਤਰ ਪ੍ਰਦੇਸ਼ ਦੇ ਡੀਜੀਪੀ ਤੇ ਮੁੱਖ ਗ੍ਰਹਿ ਸਕੱਤਰ ਨੇ ਪ੍ਰੈੱਸ ਕਾਨਫ਼ਰੰਸ ਮੌਕੇ ਨਿਰਦੋਸ਼ ਕਰਾਰ ਦਿੱਤਾ ਸੀ।

ਦੂਜਾ ਮਾਮਲਾ ਸੰਸਾਰ ਦੇ ਸੱਤ ਅਜੂਬਿਆਂ ਵਿੱਚ ਸ਼ਾਮਲ ਤਾਜ ਮਹਿਲ ਨਾਲ ਜੁੜਿਆ ਹੋਇਆ ਹੈ। ਸਰਬ ਉੱਚ ਅਦਾਲਤ ਨੇ ਇੱਕ ਨਹੀਂ, ਅਨੇਕ ਵਾਰ ਤਾਜ ਮਹਿਲ ਦੀ ਸਾਂਭ-ਸੰਭਾਲ, ਉਸ ਦੇ ਆਲੇ-ਦੁਆਲੇ ਫੈਲੇ ਪ੍ਰਦੂਸ਼ਣ ਤੇ ਗੰਦਗੀ ਨੂੰ ਰੋਕਣ ਬਾਰੇ ਉੱਤਰ ਪ੍ਰਦੇਸ਼ ਦੀ ਸਰਕਾਰ ਤੇ ਸਥਾਨਕ ਪ੍ਰਸ਼ਾਸਨ ਨੂੰ ਹਦਾਇਤਾਂ ਜਾਰੀ ਕੀਤੀਆਂ ਸਨ ਪਰ ਇਹਨਾਂ ਹਦਾਇਤਾਂ ਉੱਤੇ ਅਮਲ ਕਦੇ ਹੋਇਆ ਨਹੀਂ। ਮਾਣ ਯੋਗ ਜੱਜਾਂ ਦੀ ਚਿੰਤਾ ਉਸ ਸਮੇਂ ਹੋਰ ਵਧ ਗਈ, ਜਦੋਂ ਇਹ ਰਿਪੋਰਟਾਂ ਆਈਆਂ ਕਿ ਤਾਜ ਮਹਿਲ ਦਾ ਰੰਗ ਬਦਰੰਗ ਹੋ ਰਿਹਾ ਹੈ। ਜੇ ਇਹ ਸਥਿਤੀ ਜਾਰੀ ਰਹਿੰਦੀ ਹੈ ਤਾਂ ਇਹ ਆਪਣੀ ਚਮਕ ਗੁਆ ਬੈਠੇਗਾ। ਇਸ ਸਥਿਤੀ ਤੋਂ ਨਿਰਾਸ਼ ਹੋ ਕੇ ਜੱਜ ਸਾਹਿਬਾਨ ਨੂੰ ਇਹ ਤਲਖ ਟਿੱਪਣੀ ਕਰਨੀ ਪਈ ਹੈ ਕਿ ਸੱਤਾ ਦੇ ਸੁਆਮੀਓ, ਜੇ ਤੁਸੀਂ ਇਸ ਕੌਮੀ ਵਿਰਾਸਤ ਦੀ ਰਾਖੀ ਨਹੀਂ ਕਰ ਸਕਦੇ ਤਾਂ ਇਸ ਨੂੰ ਢਾਹ ਦਿਉ। ਏਥੇ ਹੀ ਬਸ ਨਹੀਂ, ਉੱਤਰ ਪ੍ਰਦੇਸ਼ ਦੀ ਮੌਜੂਦਾ ਭਾਜਪਾ ਸਰਕਾਰ ਦੀ ਸਰਪ੍ਰਸਤੀ ਵਾਲੇ ਕੁਝ ਤੱਤਾਂ ਨੇ ਜਨਤਕ ਤੌਰ ਉੱਤੇ ਇਹ ਵੀ ਕਹਿ ਦਿੱਤਾ ਕਿ ਇਸ ਦਾ ਨਾਂਅ 'ਤੇਜੋ ਮਹਾਲਿਆ' ਰੱਖ ਦੇਣਾ ਚਾਹੀਦਾ ਹੈ। ਉੱਤਰ ਪ੍ਰਦੇਸ਼ ਸਰਕਾਰ ਦੇ ਸੈਰ-ਸਪਾਟਾ ਮਹਿਕਮੇ ਨੇ ਸੈਲਾਨੀਆਂ ਲਈ ਦੇਖਣਯੋਗ ਇਤਿਹਾਸਕ ਥਾਂਵਾਂ ਬਾਰੇ ਜਿਹੜਾ ਕਿਤਾਬਚਾ ਜਾਰੀ ਕੀਤਾ, ਉਸ ਵਿੱਚ ਤਾਜ ਮਹਿਲ ਦਾ ਨਾਂਅ ਸ਼ਾਮਲ ਨਹੀਂ ਸੀ। ਇਸ ਤੋਂ ਪਤਾ ਲੱਗ ਜਾਂਦਾ ਹੈ ਕਿ ਉੱਤਰ ਪ੍ਰਦੇਸ਼ ਦੀ ਭਗਵਾ ਸਰਕਾਰ ਇਸ ਇਤਿਹਾਸਕ ਵਿਰਾਸਤ ਨੂੰ ਇਸ ਕਰ ਕੇ ਅੱਖੋਂ ਪਰੋਖੇ ਕਰ ਰਹੀ ਹੈ, ਕਿਉਂਕਿ ਇਸ ਦੀ ਉਸਾਰੀ ਸਤਾਰ੍ਹਵੀਂ ਸਦੀ ਦੇ ਮੁਗਲ ਸ਼ਹਿਨਸ਼ਾਹ ਸ਼ਾਹਜਹਾਨ ਨੇ ਆਪਣੀ ਪਤਨੀ ਮੁਮਤਾਜ਼ ਮਹਿਲ ਦੀ ਯਾਦ ਵਿੱਚ ਕਰਵਾਈ ਸੀ। ਹੁਣ ਰਾਜਧਾਨੀ ਦਿੱਲੀ ਵਿੱਚ ਕੂੜੇ ਦੇ ਦਿਨੋ-ਦਿਨ ਉੱਚੇ ਹੁੰਦੇ ਜਾਂਦੇ ਪਹਾੜ-ਨੁਮਾ ਡੰਪਾਂ ਬਾਰੇ ਇੱਕ ਜਨਹਿੱਤ ਪਟੀਸ਼ਨ ਦੀ ਸੁਣਵਾਈ ਕਰਦਿਆਂ ਹੋਇਆਂ ਸਰਬ ਉੱਚ ਅਦਾਲਤ ਦੇ ਇੱਕ ਬੈਂਚ ਨੇ ਚਿੰਤਾ ਪ੍ਰਗਟ ਕਰਦਿਆਂ ਹੋਇਆਂ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਵੱਲੋਂ ਪੇਸ਼ ਹੋਏ ਅਡੀਸ਼ਨਲ ਸਾਲਿਸਟਰ ਜਨਰਲ ਪਿੰਕੀ ਆਨੰਦ ਤੋਂ ਪੁੱਛਿਆ ਕਿ ਸਰਕਾਰ ਨੇ ਇਕਰਾਰ ਕੀਤਾ ਸੀ ਕਿ ਇਸ ਮਾਮਲੇ ਨਾਲ ਫੌਰੀ ਨਜਿੱਠਿਆ ਜਾਵੇਗਾ ਪਰ ਹੋਇਆ ਕੁਝ ਨਹੀਂ। ਗਾਜ਼ੀਪੁਰ ਵਿਚਲਾ ਕੂੜੇ ਦਾ ਢੇਰ 62 ਮੀਟਰ ਉੱਚਾ ਹੋ ਗਿਆ ਸੀ ਤੇ ਸੁਣਵਾਈ ਦੌਰਾਨ ਇਹ 65 ਮੀਟਰ ਦੀ ਉਚਾਈ ਤੱਕ ਪਹੁੰਚ ਗਿਆ ਹੈ। ਕੁਤਬ ਮੀਨਾਰ ਦੀ ਉਚਾਈ ਨਾਲੋਂ ਹੁਣ ਇਹ ਸਿਰਫ਼ ਪੰਜ ਮੀਟਰ ਹੀ ਘੱਟ ਹੈ। ਉੱਪ-ਰਾਜਪਾਲ ਨੇ ਪੰਝੀ ਮੀਟਿੰਗਾਂ ਕੀਤੀਆਂ ਤੇ ਪ੍ਰਭਾਵਿਤ ਥਾਂਵਾਂ ਦਾ ਦੌਰਾ ਵੀ ਕੀਤਾ, ਪਰ ਹੋਇਆ ਕੁਝ ਨਹੀਂ, ਕੇਵਲ ਚਾਹ ਦੇ ਕੱਪ ਹੀ ਪੀਤੇ ਗਏ। ਮਾਣ ਯੋਗ ਜੱਜਾਂ ਨੇ ਸੁਣਵਾਈ ਦੌਰਾਨ ਉੱਪ-ਰਾਜਪਾਲ ਦੇ ਵਿਹਾਰ ਬਾਰੇ ਇਹ ਸਖ਼ਤ ਟਿੱਪਣੀ ਕੀਤੀ : 'ਤੁਸੀਂ ਕਹਿੰਦੇ ਹੋ ਕਿ ਮੇਰੇ ਕੋਲ ਸ਼ਕਤੀਆਂ ਹਨ ਪਰ ਤੁਸੀਂ ਮੀਟਿੰਗ ਵਿੱਚ ਸ਼ਾਮਲ ਹੋਣਾ ਵੀ ਗਵਾਰਾ ਨਹੀਂ ਕਰਦੇ। ਤੁਸੀਂ ਇਹ ਸੋਚਦੇ ਹੋ ਕਿ ਤੁਸੀਂ ਸੁਪਰਮੈਨ ਹੋ, ਮੈਂ ਜ਼ਿੰਮੇਵਾਰ ਹਾਂ ਪਰ ਮੈਨੂੰ ਕੋਈ ਛੋਹ ਵੀ ਨਹੀਂ ਸਕਦਾ। ਮੈਂ ਕੁਝ ਵੀ ਨਹੀਂ ਕਰਾਂਗਾ ਪਰ ਦੋਸ਼ ਦੂਜਿਆਂ ਨੂੰ ਹੀ ਦੇਵਾਂਗਾ।' ਮਾਮਲੇ ਤਾਂ ਅਜਿਹੇ ਹੋਰ ਵੀ ਬਹੁਤ ਹਨ ਪਰ ਜੇ ਉਕਤ ਮਾਮਲਿਆਂ ਦੇ ਸਬੰਧ ਵਿੱਚ ਸਰਬ ਉੱਚ ਅਦਾਲਤ ਤੇ ਉੱਚ ਅਦਾਲਤਾਂ ਵੱਲੋਂ ਕੀਤੀਆਂ ਟਿੱਪਣੀਆਂ ਮਗਰੋਂ ਵੀ ਕਾਰਜ ਪਾਲਿਕਾ ਤੇ ਵਿਧਾਨ ਪਾਲਿਕਾ ਦੇ ਸੰਚਾਲਕ ਇਹ ਕਹਿਣ ਕਿ ਨਿਆਂ ਪਾਲਿਕਾ ਲਛਮਣ ਰੇਖਾ ਪਾਰ ਕਰ ਕੇ ਸਾਡੇ ਅਧਿਕਾਰ ਖੇਤਰ ਵਿੱਚ ਦਖ਼ਲ ਦੇਂਦੀ ਹੈ ਤਾਂ ਉਨ੍ਹਾਂ ਦੇ ਹੱਕ ਵਿੱਚ ਭਲਾ ਕੌਣ ਹਾਅ ਦਾ ਨਾਹਰਾ ਮਾਰੇਗਾ ?

# ਅਕਾਲ ਤਖਤ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਵਾਸਤੇ ਅਪੀਲ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਵਲੋਂ ਕੀਤੀ ਲਿਖਤੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਸਿੰਘ ਸਾਹਿਬ ਵੱਲੋਂ ਸਿੱਖ ਸੰਗਤਾਂ ਨੂੰ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ 'ਚ ਆਪਣਾ-ਆਪਣਾ ਯੋਗਦਾਨ ਪਾਉਣ ਅਤੇ ਬੁਰੀ ਤਰ੍ਹਾਂ ਤਬਾਹ ਹੋ ਰਹੀ ਨੌਜਵਾਨੀ ਨੂੰ ਨਸ਼ਿਆਂ ਦੀ ਦਲਦਲ 'ਚੋਂ ਕੱਢਣ ਵਾਸਤੇ ਹਰ ਸੰਭਵ ਯਤਨ ਕਰਨ ਦੀ ਅਪੀਲ ਕੀਤੀ ਹੈ। ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੱਤਰਕਾਰਾਂਇ ਨਾਲ ਗੱਲਬਾਤ ਕਰਦਿਆਂ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਗੁਰਬਾਣੀ 'ਚ ਗੁਰੂ ਸਾਹਿਬਾਨਾਂ ਨੇ ਹਰ ਪ੍ਰਕਾਰ ਦੇ ਨਸ਼ੇ ਤੋਂ ਦੂਰ ਰਹਿਣ ਦੀ ਨਸੀਹਤ ਦਿੱਤੀ ਹੈ ਅਤੇ ਸਿੱਖ ਰਹਿਤ ਮਰਿਯਾਦਾ ਅਨੁਸਾਰ ਸੰਗਤਾਂ ਨੂੰ ਨਸ਼ਾ ਕੇਵਲ ਪ੍ਰਸ਼ਾਦੇ ਦਾ ਰੱਖਣ ਵਾਸਤੇ ਹੁਕਮ ਕੀਤਾ ਗਿਆ ਹੈ ਪ੍ਰੰਤੂ ਅੱਜ ਪੰਜਾਬ ਨਸ਼ੇ ਦੀ ਦਲ-ਦਲ 'ਚ ਇੰਨਾ ਫਸ ਚੁੱਕਾ ਹੈ, ਜਿਸ ਲਈ ਹਰ ਪੰਥ ਦਰਦੀ ਚਿੰਤਤ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਨੇ ਆਪਣਾ ਨਿੱਜੀ ਲਾਹਾ ਲੈਣ ਵਾਸਤੇ ਨਸ਼ੇ ਦਾ ਕਾਰੋਬਾਰ ਸ਼ੁਰੂ ਕੀਤਾ ਅਤੇ ਹਸਦੇ-ਵਸਦੇ ਪੰਜਾਬ ਦੀ ਨੌਜਵਾਨੀ ਨੂੰ ਇਸ ਨਸ਼ੇ ਦੀ ਭੱਠੀ 'ਚ ਝੋਕ ਦਿੱਤਾ, ਜਿਸ ਕਾਰਨ ਪੰਜਾਬ ਦੀ ਨੌਜਵਾਨੀ ਬੁਰੀ ਤਰ੍ਹਾਂ ਤਬਾਹ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਨਸ਼ੇ ਦੀ ਅੱਗ ਨੂੰ ਬੁਝਾਉਣ ਲਈ ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਦਿੱਲੀ ਸਿੱਖ ਗੁ: ਪ੍ਰ: ਕਮੇਟੀ ਅਤੇ ਕਈ ਹੋਰ ਸੰਸਥਾਵਾਂ ਰਾਤ ਦਿਨ ਇਕ ਕਰਕੇ ਸਿਰਤੋੜ ਯਤਨ ਕਰ ਰਹੀਆਂ ਹਨ ਪਰ ਫਿਰ ਵੀ ਅਜੇ ਇਸ ਨਸ਼ੇ ਨੂੰ ਠੱਲ੍ਹ ਨਹੀਂ ਪੈ ਰਹੀ। ਉਨ੍ਹਾਂ ਸੰਗਤਾਂ ਨੂੰ ਹਦਾਇਤ ਕੀਤੀ ਕਿ ਇਸ ਨਸ਼ੇ ਨੂੰ ਰੋਕਣ ਦਾ ਸੰਗਤਾਂ ਕਿਸੇ 'ਤੇ ਅਹਿਸਾਨ ਨਾ ਕਰਨ ਸਗੋਂ ਹਰ ਵਿਅਕਤੀ ਆਪਣਾ ਫ਼ਰਜ਼ ਸਮਝ ਕੇ ਆਪੋ-ਆਪਣੇ ਪਰਿਵਾਰ, ਆਂਢ-ਗੁਆਂਢ, ਗਲੀ ਮੁਹੱਲੇ ਅਤੇ ਪਿੰਡ ਆਦਿ ਨੂੰ ਧਿਆਨ 'ਚ ਰੱਖ ਕੇ ਕੁਰਾਹੇ ਪਏ ਬੱਚੇ-ਬੱਚੀਆਂ ਨੂੰ ਬਚਾਉਣ ਵਾਸਤੇ ਹਰ ਸੰਭਵ ਯਤਨ ਕਰਨ। ਉਨ੍ਹਾਂ ਪੰਜਾਬ ਸਰਕਾਰ ਨੂੰ ਵੀ ਤਾਕੀਦ ਕੀਤੀ ਕਿ ਇਸ ਮਾਮਲੇ 'ਚ ਸਰਕਾਰ ਵੀ ਸਖ਼ਤੀ ਵਰਤ ਕੇ ਨਸ਼ਿਆਂ ਦੇ ਸੌਦਾਗਰਾਂ, ਭਾਵੇਂ ਉਹ ਕਿੰਨੇ ਵੀ ਵੱਡੇ ਵਿਅਕਤੀ ਜਾਂ ਅਧਿਕਾਰੀ ਹੋਣ, ਨੂੰ ਜੇਲ੍ਹਾਂ 'ਚ ਬੰਦ ਕਰੇ ਅਤੇ ਜੋ ਨੌਜਵਾਨ ਇਸ ਦਲਦਲ 'ਚ ਫਸ ਚੁੱਕੇ ਹਨ, ਉਨ੍ਹਾਂ ਦਾ ਮੁਫ਼ਤ ਇਲਾਜ ਕਰਨ ਦਾ ਪ੍ਰਬੰਧ ਕਰੇ। ਇਸ ਦੇ ਨਾਲ ਹੀ ਸਿੰਘ ਸਾਹਿਬ ਨੇ ਕਿਹਾ ਕਿ ਵਿੱਦਿਅਕ ਅਦਾਰੇ ਸਕੂਲ, ਕਾਲਜ, ਯੂਨੀਵਰਸਿਟੀਆਂ ਦਾ ਸਟਾਫ਼ ਵੀ ਬੱਚਿਆਂ ਨੂੰ ਨਸ਼ੇ ਤੋਂ ਦੂਰ ਰਹਿਣ ਦੀ ਸੋਝੀ ਪ੍ਰਦਾਨ ਕਰਨ ਲਈ ਆਪਣਾ ਯੋਗਦਾਨ ਪਾਉਣ ਅਤੇ ਡਾਕਟਰ ਸਾਹਿਬਾਨ ਅਤੇ ਪ੍ਰਿੰਟ ਤੇ ਇਲੈਕਟ੍ਰੋਨਿਕ ਮੀਡੀਆ, ਵੀ ਇਸ ਨਾਜ਼ੁਕ ਸਮੇਂ ਆਪਣਾ ਬਣਦਾ ਯੋਗਦਾਨ ਪਾਉਣ। ਉਨ੍ਹਾਂ ਕਲਾਕਾਰਾਂ ਨੂੰ ਵੀ ਕਿਹਾ ਕਿ ਸਟੇਜੀ ਕਲਾਕਾਰ ਵੀ ਅਜਿਹੇ ਸਭਿਆਚਾਰਕ ਗੀਤ ਗਾਉਣ, ਜਿਸ ਨਾਲ ਬੱਚੇ ਨਸ਼ਿਆਂ 'ਚ ਗ਼ਲਤਾਨ ਨਾ ਹੋਣ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਆਪਣੇ-ਆਪਣੇ ਧਰਮ ਵਿਚ ਪਰਪੱਕ ਰਹਿ ਕੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਵਿਚ ਆਪਣਾ-ਆਪਣਾ ਯੋਗਦਾਨ ਪਾਵੇ।

## ਪੰਜਾਬ 'ਚ ਨਸ਼ਿਆਂ ਕਾਰਨ ਦੋ ਮਹੀਨਿਆਂ ਵਿਚ 60 ਮੌਤਾਂ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿਚ ਦੋ ਮਹੀਨਿਆਂ ਤੋਂ ਨਸ਼ਿਆਂ ਕਾਰਨ ਰੋਜ਼ਾਨਾ ਔਸਤਨ ਇਕ ਮੌਤ ਹੋ ਰਹੀ ਹੈ।ਬੀਤੀ 15 ਮਈ ਤੋਂ ਸੂਬੇ ਭਰ ਦੇ ਵੱਖ-ਵੱਖ ਹਸਪਤਾਲਾਂ ਵਿਚ 60 ਤੋਂ ਵੱਧ ਨੌਜਵਾਨਾਂ ਦੇ ਪੋਸਟਮਾਰਟਮ ਹੋਏ ਹਨ ਅਤੇ ਸਾਰੇ ਮਾਮਲਿਆਂ ਵਿਚ ਮੌਤ ਦਾ ਕਾਰਨ ਨਸ਼ੀਲੀ ਦਵਾਈ ਦੱਸਿਆ ਗਿਆ ਹੈ। ਇਹ ਸਾਰੇ ਮ੍ਰਿਤਕ 18 ਤੋਂ 35 ਸਾਲ ਉਮਰ ਦੇ ਸਨ। ਇਨ੍ਹਾਂ ਦਾ ਵਿਸਰਾ ਕੈਮੀਕਲ ਜਾਂਚ ਭੇਜਿਆ ਗਿਆ ਹੈ। ਮੌਤਾਂ ਦੇ ਇਹ ਮਾਮਲੇ ਕੁੱਲ ਮਿਲਾ ਕੇ 15 ਜ਼ਿਲ੍ਹਿਆਂ ਨਾਲ ਸਬੰਧਤ ਹਨ ਪਰ ਵਧੇਰੇ ਮੌਤਾਂ ਮਾਝੇ ਤੇ ਦੋਆਬੇ ਵਿਚ ਹੋਈਆਂ ਹਨ। ਸਿਹਤ ਅਫ਼ਸਰਾਂ ਮੁਤਾਬਕ ਨਸ਼ੀਲੀਆਂ ਦਵਾਈਆਂ ਕਾਰਨ ਮੌਤਾਂ ਦੀ ਅਸਲ ਗਿਣਤੀ ਕਿਤੇ ਵੱਧ ਹੋ ਸਕਦੀ ਹੈ, ਕਿਉਂਕਿ ਬਹੁਤੇ ਮਾਮਲਿਆਂ ਵਿਚ ਪਰਿਵਾਰਾਂ ਵੱਲੋਂ ਬਦਨਾਮੀ ਦੇ ਡਰੋਂ ਮੌਤ ਦਾ ਅਸਲ ਕਾਰਨ ਲੁਕਾ ਲਿਆ ਜਾਂਦਾ ਹੈ। ਅੰਮ੍ਰਿਤਸਰ ਜ਼ਿਲ੍ਹੇ ਵਿਚ ਸਭ ਤੋਂ ਵੱਧ 10 ਮੌਤਾਂ ਹੋਈਆਂ ਹਨ, ਜਦੋਂਕਿ ਤਰਨ ਤਾਰਨ, ਹੁਸ਼ਿਆਰਪੁਰ ਤੇ ਗੁਰਦਾਸਪੁਰ ਵਿੱਚ ਪੰਜ-ਪੰਜ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹੇ ਹਨ। ਨਸ਼ਿਆਂ ਕਾਰਨ ਮੌਤਾਂ ਵਿਚ ਹੋਏ ਇਸ ਅਚਨਚੇਤ ਵਾਧੇ ਲਈ ਮਿਲਾਵਟ ਵਾਲੀ ਹੈਰੋਇਨ ਨੂੰ ਜ਼ਿੰਮੇਵਾਰ ਸਮਝਿਆ ਜਾ ਰਿਹਾ ਹੈ। ਮ੍ਰਿਤਕਾਂ ਦੇ ਵਿਸਰੇ ਦੀ ਜਾਂਚ ਖਰੜ (ਜ਼ਿਲ੍ਹਾ ਮੁਹਾਲੀ) ਸਥਿਤ ਸਰਕਾਰੀ ਲੈਬਾਰਟਰੀ ਵਿਚ ਹੁੰਦੀ ਹੈ। ਜਾਣਕਾਰਾਂ ਮੁਤਾਬਕ ਇਸ ਰਾਹੀਂ ਲਈ ਗਈ ਨਸ਼ੀਲੀ ਦਵਾਈ ਦਾ ਤਾਂ ਪਤਾ ਲੱਗ ਸਕਦਾ ਹੈ ਪਰ ਮਾਤਰਾ ਦਾ ਨਹੀਂ। ਇਹ ਵੱਖਰੀ ਗੱਲ ਹੈ ਕਿ ਖਰੜ ਲੈਬਾਰਟਰੀ ਵਿਚ ਨਮੂਨਿਆਂ ਦਾ ਬੜਾ ਵੱਡਾ ਬੈਕਲਾਗ ਪਿਆ ਹੈ ਤੇ ਰੁਟੀਨ ਕੇਸਾਂ ਦੀ ਜਾਂਚ ਰਿਪੋਰਟ ਆਉਣ ਨੂੰ ਦੋ ਸਾਲ ਤਕ ਲੱਗ ਜਾਂਦੇ ਹਨ।

## ਮਹਾਰਾਸ਼ਟਰ ਸਰਕਾਰ ਤਖ਼ਤ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਵਿਚ ਸਰਕਾਰੀ ਮੈਂਬਰ ਵਧਾਉਣ ਲੱਗੀ, ਐਸਜੀਪੀਸੀ ਵੱਲੋਂ ਵਿਰੋਧ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਤਖ਼ਤ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਬੰਧਕੀ ਬੋਰਡ ਵਿਚ ਮਹਾਰਾਸ਼ਟਰ ਸਰਕਾਰ ਵੱਲੋਂ ਆਪਣੇ ਨਾਮਜ਼ਦ ਕੀਤੇ ਜਾਂਦੇ ਮੈਂਬਰਾਂ ਦੀ ਗਿਣਤੀ ਵਿਚ 6 ਹੋਰ ਮੈਂਬਰਾਂ ਦਾ ਵਾਧਾ ਕਰਨ ਲਈ ਆਰੰਭੀ ਕਾਰਵਾਈ ਦਾ ਸ਼੍ਰੋਮਣੀ ਕਮੇਟੀ ਨੇ ਸਖ਼ਤ ਵਿਰੋਧ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਤਖ਼ਤ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਐਕਟ 1956 ਵਿਚ ਤਬਦੀਲੀ ਕਰਕੇ 6 ਹੋਰ ਸਰਕਾਰੀ ਮੈਂਬਰਾਂ ਨੂੰ ਜਗ੍ਹਾ ਦੇਣ ਦਾ ਉਦੇਸ਼ ਪ੍ਰਬੰਧਕੀ ਬੋਰਡ ਨੂੰ ਸਰਕਾਰ ਵੱਲੋਂ ਆਪਣੇ ਹੱਥ ਵਿਚ ਲੈਣਾ ਹੈ ਤੇ ਸਰਕਾਰ ਦੀ ਇਸ ਮਨਸ਼ਾ ਨੂੰ ਕਦੇ ਵੀ ਪੂਰਾ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਗੁਰੂ ਘਰਾਂ ਦੇ ਪ੍ਰਬੰਧ ਵਿਚ ਸਿੱਧਾ ਸਰਕਾਰੀ ਦਖ਼ਲ ਬਰਦਾਸ਼ਤਯੋਗ ਨਹੀਂ ਹੈ ਤੇ ਸਿੱਖ ਜਗਤ ਇਸ ਦਾ ਤਿੱਖਾ ਵਿਰੋਧ ਕਰੇਗਾ।

## ਗਾਇਕ ਦਿਲਜੀਤ ਦਾ ਬਣੇਗਾ ਮੋਮ ਦਾ ਬੁੱਤ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਆਪਣੀ ਗਾਇਕੀ ਅਤੇ ਅਦਾਕਾਰੀ ਨਾਲ ਪੂਰੀ ਦੁਨੀਆ 'ਚ ਛਾਏ ਦਿਲਜੀਤ ਦੁਸਾਂਝ ਦਾ ਮੋਮ ਦਾ ਬੁੱਤ ਜਲਦ ਹੀ ਦਿੱਲੀ ਦੇ ਮੈਡਮ ਤੁਸਾਦ ਮਿਊਜ਼ੀਅਮ 'ਚ ਲਗਾਇਆ ਜਾਵੇਗਾ। ਮੈਡਮ ਤੁਸਾਦ ਮਿਊਜੀਅਮ ਦਿੱਲੀ ਵਲੋਂ ਟਵਿੱਟਰ 'ਤੇ ਇਸ ਸਬੰਧੀ ਜਾਣਕਾਰੀ ਦਿੱਤੀ ਗਈ ਹੈ। ਮੈਡਮ ਤੁਸਾਦ ਮਿਊਜ਼ੀਅਮ ਦਿੱਲੀ ਵਲੋਂ ਕੀਤੇ ਟਵੀਟ 'ਚ ਲਿਖਿਆ ਹੈ ਕਿ ਜਲਦ ਹੀ 'ਪੰਜਾਬ ਦਾ ਪੁੱਤਰ' ਮੈਡਮ ਤੁਸਾਦ ਦਿੱਲੀ 'ਚ ਸ਼ਾਨ ਵਧਾਏਗਾ। ਇਸ ਟਵੀਟ ਦੇ ਨਾਲ ਹੀ ਦਿਲਜੀਤ ਦੀ ਦਸਤਾਰ ਤੇ ਚਸ਼ਮੇ ਵਾਲੀ ਫੋਟੋ ਸ਼ੇਅਰ ਕਰਦਿਆ ਲਿਖਿਆ ਹੈ ਕਿ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਉਹ ਕਿਹੜਾ ਕਲਾਕਾਰ ਹੈ ਜਿਸ ਦਾ ਐਤਵਾਰ ਨੂੰ ਮੈਡਮ ਤੁਸਾਦ ਦੀ ਟੀਮ ਵਲੋਂ ਮਾਪ ਲਿਆ ਜਾਵੇਗਾ।



# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਸ਼ਾਹਜਹਾਂ ਦੀਆਂ ਚਾਰ ਲੜਾਈਆਂ

**ਬੇਅੰਤ ਸਿੰਘ ਸਰਹੱਦੀ**

ਭਾਰਤ ਦਾ ਮੁਗਲ ਬਾਦਸ਼ਾਹ ਜਹਾਂਗੀਰ 28 ਅਕਤੂਬਰ 1627 ਨੂੰ ਮਰ ਗਿਆ ਤੇ ਉਸ ਤੋਂ ਬਾਅਦ ਸ਼ਾਹਜਹਾਂ ਦਿੱਲੀ ਦੇ ਤਖਤ 'ਤੇ ਬੈਠਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸ਼ਾਹਜਹਾਂ ਨੇ ਟਕਰਾਓ ਵਾਲੀ ਨੀਤੀ ਧਾਰਨ ਕਰ ਲਈ। ਸ਼ਾਹਜਹਾਂ ਨੇ ਗੁਰੂ ਸਾਹਿਬਾਨ ਨਾਲ ਚਾਰ ਜੰਗਾਂ ਲੜੀਆਂ ਤੇ ਚਾਰਾਂ ਵਿਚ ਹੀ ਉਸ ਦੀ ਹਾਰ ਹੋਈ। ਇਕ ਦਿਨ ਗੁਰੂ ਜੀ ਅਟਾਰੀ ਵੱਲ ਸ਼ਿਕਾਰ ਖੇਡਣ ਗਏ। ਉਧਰੋਂ ਸ਼ਾਹਜਹਾਂ ਦੇ ਸ਼ਿਕਾਰੀ ਵੀ ਸ਼ਿਕਾਰ ਖੇਡਣ ਆਏ ਹੋਏ ਸਨ। ਸ਼ਾਹਜਹਾਂ ਦੇ ਸ਼ਿਕਾਰੀਆਂ ਨੇ ਕਿਸੇ ਜਾਨਵਰ ਪਿੱਛੇ ਬਾਦਸ਼ਾਹ ਦਾ ਬਾਜ ਛੱਡਿਆ, ਜੋ ਭੁੱਲ ਕੇ ਗੁਰੂ ਜੀ ਦੇ ਸਿੱਖਾਂ ਵਲੋਂ ਛੱਡੇ ਬਾਜ ਕੋਲ ਆ ਗਿਆ। ਬਾਦਸ਼ਾਹ ਦੇ ਸ਼ਿਕਾਰੀਆਂ ਵਲੋਂ ਬਾਜ ਮੰਗਣ 'ਤੇ ਸਿੱਖਾਂ ਨੇ ਇਨਕਾਰ ਕਰ ਦਿੱਤਾ। ਸ਼ਾਹੀ ਬਾਜ ਨੂੰ ਮੋੜਨ ਤੋਂ ਇਨਕਾਰ ਦਰਅਸਲ "ਸੱਚੇ ਪਾਤਸ਼ਾਹ" ਦਾ ਦਿੱਲੀ ਦੇ ਤਖਤ ਉਤੇ ਬੈਠੇ ਫਰੇਬੀ ਬਾਦਸ਼ਾਹ ਨੂੰ ਪ੍ਰਤੀਕਾਤਮਕ ਚੈਲਿੰਜ ਸੀ ਕਿ ਹੁਣ ਅਸਾਂ ਤੇਰੀ ਈਨ ਨਹੀਂਓਂ ਮੰਨਣੀ ਹੈ। ਇਸ 'ਤੇ ਬਾਦਸ਼ਾਹ ਨੇ ਮੁਖਲਿਸ ਖਾਂ ਸੈਨਾਪਤੀ ਨੂੰ ਸੱਤ ਹਜ਼ਾਰ ਸਿਪਾਹੀ ਦੇ ਕੇ ਗੁਰੂ ਜੀ ਤੋਂ ਬਾਜ ਖੋਹਣ ਲਈ ਭੇਜਿਆ। 23 ਜੇਠ ਸੰਮਤ 1685 ਨੂੰ ਮੁਖਲਿਸ ਖਾਂ ਨੇ ਸ੍ਰੀ ਅੰਮ੍ਰਿਤਸਰ 'ਤੇ ਚੜ੍ਹਾਈ ਕੀਤੀ। ਤਿੰਨ ਦਿਨ ਲਗਾਤਾਰ ਘਮਾਸਾਨ ਦਾ ਯੁੱਧ ਜਾਰੀ ਰਿਹਾ। ਮੁਖਲਿਸ ਖਾਂ ਮਾਰਿਆ ਗਿਆ ਤੇ ਸ਼ਾਹੀ ਫੌਜਾਂ ਲਾਹੌਰ ਨੂੰ ਭੱਜ ਗਈਆਂ। ਜਿਥੇ ਯੁੱਧ ਹੋਇਆ, ਉਥੇ ਗੁਰਦੁਆਰਾ ਸੰਗਰਾਣਾ ਸਾਹਿਬ ਮੌਜੂਦ ਹੈ।



ਦੂਜਾ ਯੁੱਧ ਸ੍ਰੀ ਹਰਿਗੋਬਿੰਦਪੁਰਾ ਵਿਖੇ ਹੋਇਆ ਜਦ ਗੁਰੂ ਜੀ ਬਰਸਾਤ ਕੱਟਣ ਵਾਸਤੇ ਇਥੇ ਆਏ। ਇਲਾਕੇ ਦੇ ਚੌਧਰੀ ਭਗਵਾਨ ਦਾਸ ਘੇਰੜ ਨੂੰ ਗੁਰੂ ਜੀ ਦਾ ਆਉਣਾ ਚੰਗਾ ਨਾ ਲੱਗਿਆ ਅਤੇ ਉਹ ਝਗੜਾ ਕਰਨ ਲੱਗ ਪਿਆ। ਝਗੜਾ ਵਧਦਾ-ਵਧਦਾ ਲੜਾਈ ਦਾ ਰੂਪ ਧਾਰਨ ਕਰ ਗਿਆ। ਭਗਵਾਨਦਾਸ ਸਿੱਖਾਂ ਹੱਥੋਂ ਮਾਰਿਆ ਗਿਆ। ਘੇਰੜ ਦਾ ਪੁੱਤਰ ਰਤਨਚੰਦ ਆਪਣੇ ਪਿਓ ਦੀ ਮੌਤ ਦਾ ਬਦਲਾ ਲੈਣ ਲਈ ਚੰਦੂ ਦੇ ਪੁੱਤਰ ਕਰਮਚੰਦ ਨੂੰ ਨਾਲ ਲੈ ਕੇ ਸੂਬਾ ਜਲੰਧਰ ਅਬਦੁੱਲਾ ਖਾਂ ਕੋਲ ਗਿਆ ਤੇ ਜਾ ਕੇ ਫਰਿਆਦ ਕੀਤੀ। ਅਬਦੁੱਲਾ ਖਾਂ ਨੇ ਇਨ੍ਹਾਂ ਦੀ ਸਹਾਇਤਾ ਵਾਸਤੇ 10 ਹਜ਼ਾਰ ਸਿਪਾਹੀ ਲੈ ਕੇ ਗੁਰੂ ਜੀ 'ਤੇ ਚੜ੍ਹਾਈ ਕਰ ਦਿੱਤੀ। ਇਹ ਘਟਨਾ 1687 ਸੰਮਤ (ਈਸਵੀ ਸੰਨ 1630 ਦੀ) ਹੈ। ਇਸ ਲੜਾਈ ਵਿਚ ਰਤਨ ਚੰਦ ਘੇਰੜ, ਕਰਮਚੰਦ ਤੇ ਅਬਦੁੱਲਾ ਖਾਂ ਸੂਬਾ ਜਲੰਧਰ ਸਭ ਮਾਰੇ ਗਏ।

ਤੀਜਾ ਯੁੱਧ ਸੰਮਤ 1688 ਵਿਚ ਹੋਇਆ। ਕਾਬਲ ਤੋਂ ਆਏ ਸਿੱਖਾਂ ਦੇ ਘੋੜੇ ਮੁਗਲ ਫੌਜਾਂ ਨੇ ਖੋਹ ਲਏ। ਭਾਈ ਬਿਧੀ ਚੰਦ ਨੇ ਇਹ ਦੋਵੇਂ ਘੋੜੇ ਸ਼ਾਹਜਹਾਂ ਦੇ ਅਸਤਬਲ 'ਚੋਂ ਲੈ ਕੱਢ ਲਿਆਂਦੇ ਅਤੇ ਗੁਰੂ ਜੀ ਨੂੰ ਭੇਟ ਕੀਤੇ। ਇਸ 'ਤੇ ਸ਼ਾਹਜਹਾਂ ਨੇ ਲੱਲਾ ਬੇਗ ਜਰਨੈਲ ਨੂੰ 50 ਹਜ਼ਾਰ ਫੌਜ ਦੇ ਸਿਪਾਹੀ ਦੇ ਕੇ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਲਿਆਉਣ ਲਈ ਭੇਜ ਦਿੱਤਾ। ਉਸ ਦਾ ਖਿਆਲ ਸੀ ਕਿ ਗੁਰੂ ਜੀ ਕੋਲ ਸਾਡੇ ਜਿੰਨੀ ਫੌਜ ਨਹੀਂ, ਇਸ ਲਈ ਅਸੀਂ ਗੁਰੂ ਜੀ ਨੂੰ ਜਾਂਦੇ ਹੀ ਗ੍ਰਿਫਤਾਰ ਕਰ ਲਵਾਂਗੇ। ਲੱਲਾ ਬੇਗ ਨੇ ਪੁੱਜਦੇ ਹੀ ਭੁੱਖੀ ਭਾਣੀ ਤੇ ਸਰਦੀ ਦੀ ਭੰਨੀ ਹੋਈ ਫੌਜ ਨੂੰ ਹਮਲੇ ਦਾ ਹੁਕਮ ਦੇ ਦਿੱਤਾ। ਪਹਿਲੇ ਹੱਲੇ ਵਿਚ ਹੀ ਲੱਲਾ ਬੇਗ ਦੀ ਫੌਜ ਦੇ 20-21 ਹਜ਼ਾਰ ਜਵਾਨ ਮਾਰੇ ਗਏ। ਲਗਾਤਾਰ 18 ਘੰਟੇ ਯੁੱਧ ਹੁੰਦਾ ਰਿਹਾ, ਜਿਸ ਵਿਚ ਲੱਲਾ ਬੇਗ, ਉਸ ਦੇ ਦੋ ਸੈਨਾਪਤੀ ਪੁੱਤਰ ਅਤੇ ਹੋਰ ਕਈ ਜਰਨੈਲ ਮਾਰੇ ਗਏ। 1200 ਦੇ ਕਰੀਬ ਸਿੰਘ ਵੀ ਸ਼ਹੀਦ ਹੋਏ।

ਚੌਥੀ ਜੰਗ ਗੁਰੂ ਜੀ ਅਤੇ ਸ਼ਾਹੀ ਫੌਜਾਂ ਦੀ ਕਰਤਾਰਪੁਰ ਜ਼ਿਲਾ ਜਲੰਧਰ ਵਿਖੇ ਹੋਈ। ਮਹਿਰਾਜ ਦੀ ਜੰਗ ਫਤਿਹ ਕਰ ਕੇ ਕੁਝ ਦਿਨ ਆਰਾਮ ਕਰਨ ਤੋਂ ਬਾਅਦ ਗੁਰੂ ਜੀ ਕਰਤਾਰਪੁਰ ਆ ਗਏ। 1699 ਸੰਮਤ ਅੱਸੂ ਦੀ 15 ਤਰੀਕ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵਿਆਹ ਭਾਈ ਲਾਲ ਚੰਦ ਦੀ ਸਪੁੱਤਰੀ ਗੁਜਰੀ ਨਾਲ ਕੀਤਾ।

ਕਰਤਾਰਪੁਰ ਦੀ ਜੰਗ 1691 ਸੰਮਤ ਬਿਕਰਮੀ ਵਿਚ ਹੋਈ। ਗੁਰੂ ਜੀ ਕੋਲ ਉਸ ਸਮੇਂ 1800 ਯੋਧੇ ਸਨ। ਦੂਜੇ ਪਾਸੇ 52 ਹਜ਼ਾਰ ਦੀ ਯਲਗਾਰ ਸੀ। 24 ਹਾੜ੍ਹ 1691 ਸੰਮਤ ਅੱਧੀ ਰਾਤ ਨੂੰ ਯੁੱਧ ਆਰੰਭ ਹੋਇਆ, ਜੋ 25 ਹਾੜ੍ਹ ਦੀ ਸ਼ਾਮ ਨੂੰ ਸਮਾਪਤ ਹੋਇਆ। ਇਸ ਯੁੱਧ ਵਿਚ ਪੈਂਦੇ ਖਾਂ, ਅਸਮਾਨ ਖਾਂ, ਕਾਲੇ ਖਾਂ, ਪੈਂਦੇ ਖਾਂ ਦਾ ਜਵਾਈ ਅਤੇ ਬਹੁਤ ਸਾਰੀ ਸੈਨਾ ਵੀ ਮਾਰੀ ਗਈ। ਇਸ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵਿਰੁੱਧ ਸ਼ਾਹਜਹਾਂ ਨੇ ਚਾਰ ਜੰਗਾਂ ਲੜੀਆਂ ਪਰ ਚਾਰਾਂ ਵਿਚ ਹੀ ਹਾਰ ਖਾਧੀ ਤੇ ਸਿੱਖ ਫੌਜਾਂ ਦੀ ਜਿੱਤ ਹੁੰਦੀ ਰਹੀ।

# ਪਹਿਲੀ ਪਾਤਸ਼ਾਹੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਲਈ 100 ਕਰੋੜ ਰੁਪਏ ਜਾਰੀ ਕਰਨ ਦੇ ਹੁਕਮ

### *'ਸ੍ਰੀ ਗੁਰੂ ਨਾਨਕ ਦੇਵ ਨਗਰ' ਨਾਂ ਦਾ ਨਵਾਂ ਸ਼ਹਿਰ ਵਸਾਉਣ ਦੀ ਵੀ ਯੋਜਨਾ*

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਵਿੱਤ ਮੰਤਰੀ ਨੂੰ ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਲਈ ਵਿਕਾਸ ਅਤੇ ਬੁਨਿਆਦੀ ਢਾਂਚੇ ਦੇ ਕੰਮਾਂ ਵਾਸਤੇ ਤੁਰੰਤ 100 ਕਰੋੜ ਰੁਪਏ ਜਾਰੀ ਕਰਨ ਲਈ ਆਖਿਆ ਹੈ। ਉਨ੍ਹਾਂ ਨੇ ਗੁਰੂ ਨਾਨਕ ਜੀ ਦੇ ਚਰਨ ਛੋਹ ਪ੍ਰਾਪਤ ਨਗਰਾਂ ਸੁਲਤਾਨਪੁਰ ਲੋਧੀ, ਡੇਰਾ ਬਾਬਾ ਨਾਨਕ ਅਤੇ ਬਟਾਲਾ ਦੇ ਵਿਕਾਸ ਲਈ ਅਗਲੇ ਵਿੱਤੀ ਸਾਲ ਦੇ ਬਜਟ ਵਿੱਚ ਹੋਰ 100 ਕਰੋੜ ਦਾ ਪ੍ਰਬੰਧ ਕਰਨ ਦਾ ਆਦੇਸ਼ ਵੀ ਦਿੱਤਾ ਹੈ।

ਪ੍ਰਕਾਸ਼ ਪੁਰਬ ਦੇ ਸਮਾਗਮ ਲਈ ਕਾਇਮ ਕੀਤੀ ਸੂਬਾ ਕਮੇਟੀ ਦੀ ਦੂਜੀ ਮੀਟਿੰਗ ਦੀ ਇਥੇ ਪ੍ਰਧਾਨਗੀ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਪ੍ਰਮੁੱਖ ਸਕੱਤਰ ਨੂੰ ਇਸ ਪਵਿੱਤਰ ਮੌਕੇ ਵੱਖ-ਵੱਖ ਪ੍ਰਾਜੈਕਟਾਂ ਨੂੰ ਲਾਗੂ ਕਰਨ ਲਈ ਸੂਬਾ ਸਰਕਾਰ ਵੱਲੋਂ ਕੇਂਦਰ ਨੂੰ ਸੌਂਪੀ 2145 ਕਰੋੜ ਰੁਪਏ ਦੀ ਤਜਵੀਜ਼ ਸਬੰਧੀ ਪ੍ਰਧਾਨ ਮੰਤਰੀ ਦਫ਼ਤਰ ਕੋਲ ਪੈਰਵੀ ਕਰਨ ਲਈ ਆਖਿਆ ਹੈ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਾ ਸਾਹਿਬ ਜਿੱਥੇ ਪਹਿਲੇ ਸਿੱਖ ਗੁਰੂ ਜੋਤੀ-ਜੋਤਿ ਸਮਾਏ ਸਨ, ਦੇ ਦਰਸ਼ਨਾਂ ਲਈ ਸਿੱਖ ਸ਼ਰਧਾਲੂਆਂ ਨੂੰ ਮੁੱਖ ਸਮਾਗਮਾਂ ਦੌਰਾਨ ਘੱਟੋ-ਘੱਟ ਇਕ ਹਫ਼ਤਾ ਵਿਸ਼ੇਸ਼ ਲਾਂਘੇ ਰਾਹੀਂ ਖੁੱਲ੍ਹੇ ਤੌਰ 'ਤੇ ਜਾਣ ਦੇਣ ਦੀ ਆਗਿਆ ਲਈ ਉਹ ਭਾਰਤੀ ਵਿਦੇਸ਼ੀ ਮੰਤਰਾਲੇ ਨੂੰ ਪੱਤਰ ਲਿਖਣਗੇ ਕਿ ਇਹ ਮਾਮਲਾ ਮੰਤਰਾਲੇ ਵੱਲੋਂ ਪਾਕਿਸਤਾਨੀ ਹਮਰੁਤਬਾ ਕੋਲ ਉਠਾਇਆ ਜਾਵੇ।

ਕਮੇਟੀ ਵੱਲੋਂ ਦਿੱਤੇ ਇਕ ਹੋਰ ਸੁਝਾਅ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਸੱਭਿਆਚਾਰਕ ਮਾਮਲਿਆਂ ਦੇ ਪ੍ਰਮੁੱਖ ਸਕੱਤਰ ਨੂੰ ਧਾਰਮਿਕ ਸੈਰ ਸਪਾਟੇ ਵਜੋਂ ਪੰਜ ਤਖ਼ਤ ਸਾਹਿਬਾਨ ਨੂੰ ਜੋੜਦੀ ਇਕ ਵਿਸ਼ੇਸ਼ ਰੇਲਗੱਡੀ ਚਲਾਉਣ ਦੀ ਸੰਭਾਵਨਾ ਤਲਾਸ਼ਣ ਦੀ ਹਦਾਇਤ ਕੀਤੀ। ਪਹਿਲੇ ਸਿੱਖ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਮਹਾਨਤਾ ਦੇ ਮੱਦੇਨਜ਼ਰ ਮੁੱਖ ਮੰਤਰੀ ਨੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਵੱਲੋਂ ਸਦਭਾਵਨਾ ਵਜੋਂ ਸੂਬੇ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਕੈਦੀਆਂ ਨੂੰ ਪਹਿਲਾਂ ਜਾਰੀ ਪ੍ਰਥਾ ਦੇ ਅਨੁਸਾਰ ਉਨ੍ਹਾਂ ਦੇ ਚੰਗੇ ਅਤੇ ਤਸੱਲੀਬਖ਼ਸ਼ ਆਚਰਣ ਦੇ ਮੱਦੇਨਜ਼ਰ ਰਿਹਾਅ ਕਰਨ ਦੀ ਤਜਵੀਜ਼ ਨਾਲ ਸਹਿਮਤੀ ਜ਼ਾਹਰ ਕੀਤੀ।



ਮੁੱਖ ਮੰਤਰੀ ਨੇ ਸੁਲਤਾਨਪੁਰ ਲੋਧੀ ਵਿਖੇ 12 ਨਵੰਬਰ, 2019 ਨੂੰ ਮੁੱਖ ਸਮਾਗਮ ਕਰਵਾਉਣ ਲਈ ਰੂਪ-ਰੇਖਾ ਉਲੀਕਣ ਵਾਸਤੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ, ਸੁਖਜਿੰਦਰ ਸਿੰਘ ਰੰਧਾਵਾ, ਵਿਜੇਇੰਦਰ ਸਿੰਗਲਾ ਅਤੇ ਸੁਲਤਾਨਪੁਰ ਲੋਧੀ ਤੋਂ ਵਿਧਾਇਕ ਨਵਤੇਜ ਸਿੰਘ ਚੀਮਾ 'ਤੇ ਅਧਾਰਿਤ ਚਾਰ ਮੈਂਬਰੀ ਕਮੇਟੀ ਦਾ ਗਠਨ ਕੀਤਾ। ਇਹ ਕਮੇਟੀ ਮੁੱਖ ਸਮਾਗਮਾਂ ਦਾ ਸਮਾਂ, ਨਨਕਾਣਾ ਸਾਹਿਬ ਤੋਂ ਅਟਾਰੀ ਬਾਰਡਰ ਵਾਇਆ ਸੁਲਤਾਨਪੁਰ ਲੋਧੀ-ਬਟਾਲਾ ਅਤੇ ਡੇਰਾ ਬਾਬਾ ਨਾਨਕ,ਨਗਰ ਕੀਰਤਨ ਸਜਾਉਣ ਦੇ ਰੂਟ ਬਾਰੇ ਸੁਝਾਅ ਦੇਵੇਗੀ। ਮੁੱਖ ਮੰਤਰੀ ਨੇ ਚੱਲ ਰਹੇ ਵਿਕਾਸ ਪ੍ਰਾਜੈਕਟਾਂ ਦਾ ਹਰੇਕ ਮਹੀਨੇ ਜਾਇਜ਼ਾ ਲੈਣ ਦਾ ਵੀ ਐਲਾਨ ਕੀਤਾ।

ਮੁੱਖ ਮੰਤਰੀ ਨੇ ਮੁੱਖ ਸਕੱਤਰ ਨੂੰ ਬਿਆਸ ਦੇ ਆਸ-ਪਾਸ ਸ੍ਰੀ ਗੁਰੂ ਨਾਨਕ ਦੇਵ ਨਗਰ ਨਾਂ 'ਤੇ ਇਕ ਨਵਾਂ ਸ਼ਹਿਰ ਵਿਕਸਤ ਦੀ ਸੰਭਾਵਨਾਵਾ ਦਾ ਪਤਾ ਲਾਉਣ ਸਬੰਧੀ ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਨਾਲ ਰਾਬਤਾ ਕਾਇਮ ਕਰਨ ਲਈ ਕਿਹਾ। ਕੈਪਟਨ ਅਮਰਿੰਦਰ ਸਿੰਘ ਨੇ ਇਸ ਪਵਿੱਤਰ ਸਮਾਗਮ ਮੌਕੇ ਆਲਮੀ ਅੰਤਰ-ਧਰਮੀ ਸੰਮੇਲਨ ਕਰਵਾਉਣ ਦਾ ਸੁਝਾਅ ਵੀ ਦਿੱਤਾ ਜਿਸ ਲਈ ਵੱਖ-ਵੱਖ ਧਰਮਾਂ ਦੇ ਮੁਖੀਆਂ ਨੂੰ ਵੀ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਵੇ। ਉਨ੍ਹਾਂ ਨੇ ਇਸ ਇਤਿਹਾਸਕ ਮੌਕੇ 'ਤੇ ਦੇਸ਼ ਅਤੇ ਵਿਦੇਸ਼ ਦੇ ਉੱਘੇ ਸ਼ਾਸਤਰੀ ਸੰਗੀਤਕਾਰਾਂ ਵੱਲੋਂ ਗੁਰਬਾਣੀ 'ਤੇ ਸੰਗੀਤਕ ਸਮਾਗਮ ਕਰਵਾਉਣ ਦਾ ਸੁਝਾਅ ਦਿੱਤਾ। ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਦਰਸ਼ਨ ਨੂੰ ਮੂਰਤੀਮਾਨ ਕਰਨ ਕਰਦੀ ਚਿੱਤਰਕਾਰੀ, ਦੁਰਲੱਭ ਹੱਥ ਲਿਖਤ ਖਰੜੇ ਅਤੇ ਪਵਿੱਤਰ ਨਿਸ਼ਾਨੀਆਂ 'ਤੇ ਇੱਕ ਪ੍ਰਦਰਸ਼ਨੀ ਤੋਂ ਇਲਾਵਾ ਰਵਾਇਤੀ ਕੀਰਤਨ ਅਤੇ ਕਵੀ ਦਰਬਾਰ ਕਰਵਾਉਣ ਦੇ ਨਾਲ-ਨਾਲ ਦੇਸ਼ ਦੇ ਪ੍ਰਸਿੱਧ ਵਿਦਵਾਨਾਂ ਦੇ ਸੈਮੀਨਾਰ ਕਰਵਾਉਣ ਦਾ ਵੀ ਪ੍ਰਸਤਾਵ ਰੱਖਿਆ।

ਵਿਚਾਰ-ਚਰਚਾ ਵਿੱਚ ਹਿੱਸਾ ਲੈਂਦਿਆਂ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ 80 ਕਰੋੜ ਰੁਪਏ ਦੀ ਲਾਗਤ ਨਾਲ ਲਗਪਗ 40 ਪਿੰਡਾਂ ਜਿਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਦਾ ਸੁਭਾਗ ਹਾਸਲ ਹੋਇਆ ਹੈ, ਦੇ ਮੌਜੂਦਾ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਣ ਅਤੇ ਸੁੰਦਰੀਕਰਨ ਦੀ ਪੇਸ਼ਕਸ਼ ਕੀਤੀ। ਮੀਟਿੰਗ ਵਿਚ ਕਈ ਮੰਤਰੀ ਤੇ ਉਚ ਅਧਿਕਾਰੀ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਵੱਲੋਂ ਸਾਬਤ ਸੂਰਤ ਸਿੱਖ ਖਿਡਾਰੀਆਂ ਨੂੰ ਇਨਾਮ ਦੇਣ ਦਾ ਫੈਸਲਾ

**ਤਲਵੰਡੀ ਸਾਬੋ/ਬਿਊਰੋ ਨਿਊਜ਼ :**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਸਾਬਤ ਸੂਰਤ ਗੁਰਸਿੱਖ ਖਿਡਾਰੀਆਂ ਨੂੰ ਵੱਡੇ ਇਨਾਮ ਦੇਣ ਦਾ ਫੈਸਲਾ ਕੀਤਾ ਗਿਆ। ਭਾਈ ਲੌਂਗੋਵਾਲ ਅਨੁਸਾਰ ਸ਼੍ਰੋਮਣੀ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਉਲੰਪਿਕ ਖੇਡਾਂ ਦੌਰਾਨ ਸੋਨੇ ਦਾ ਤਗਮਾ ਹਾਸਿਲ ਕਰਨ 'ਤੇ 5 ਲੱਖ ਰੁਪਏ, ਚਾਂਦੀ ਦਾ ਤਗਮਾ ਹਾਸਿਲ ਕਰਨ 'ਤੇ 4 ਲੱਖ ਰੁਪਏ ਅਤੇ ਕਾਂਸੀ ਦਾ ਤਗਮਾ ਹਾਸਿਲ ਕਰਨ ਵਾਲੇ ਨੂੰ 3 ਲੱਖ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਜਾਇਆ ਕਰੇਗੀ। ਇਸੇ ਤਰ੍ਹਾਂ ਏਸ਼ੀਅਨ ਖੇਡਾਂ ਵਿਚ ਸੋਨੇ, ਚਾਂਦੀ ਤੇ ਕਾਂਸੀ ਦਾ ਤਗਮਾ ਜਿੱਤਣ ਵਾਲਿਆਂ ਨੂੰ ਕ੍ਰਮਵਾਰ 4 ਲੱਖ, 3 ਲੱਖ ਅਤੇ 2 ਲੱਖ ਰੁਪਏ ਦੀ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਵੇਗਾ।

ਉਨ੍ਹਾਂ ਅੱਗੇ ਦੱਸਿਆ ਕਿ ਕਾਮਨ ਵੈਲਥ ਖੇਡਾਂ ਵਿਚ ਸੋਨੇ ਦਾ ਤਗਮਾ ਜੇਤੂ ਗੁਰਸਿੱਖ ਖਿਡਾਰੀਆਂ ਨੂੰ 3 ਲੱਖ ਰੁਪਏ, ਚਾਂਦੀ ਲਈ 2 ਲੱਖ ਅਤੇ ਕਾਂਸੀ ਦਾ ਤਗਮਾ ਜੇਤੂਆਂ ਨੂੰ 1 ਲੱਖ ਰੁਪਏ ਨਾਲ ਨਿਵਾਜਿਆ ਜਾਵੇਗਾ। ਇਸੇ ਤਰ੍ਹਾਂ ਸੈਫ ਖੇਡਾਂ, ਰਾਸ਼ਟਰੀ ਖੇਡਾਂ ਅਤੇ ਸੂਬਈ ਖੇਡਾਂ ਵਿਚ ਜਿੱਤਾਂ ਹਾਸਿਲ ਕਰਨ ਵਾਲੇ ਗੁਰਸਿੱਖ ਖਿਡਾਰੀਆਂ ਲਈ ਵੀ ਵੱਡੇ ਇਨਾਮਾਂ ਦਾ ਫੈਸਲਾ ਕੀਤਾ ਗਿਆ ਹੈ। ਭਾਈ ਲੌਂਗੋਵਾਲ ਨੇ ਕਿਹਾ ਕਿ ਇਹ ਇਨਾਮ ਦੇਣ ਦਾ ਮੰਤਵ ਨਵੀਂ ਪੀੜ੍ਹੀ ਨੂੰ ਨਸ਼ਿਆਂ ਤੋਂ ਰਹਿਤ ਅਤੇ ਖੇਡਾਂ ਵੱਲ ਉਤਸ਼ਾਹਿਤ ਕਰਨਾ ਹੈ।

ਨਸ਼ੇ ਛੱਡਣ ਦੇ ਚਾਹਵਾਨ ਵਿਅਕਤੀਆਂ ਦਾ ਇਲਾਜ ਸ਼੍ਰੋਮਣੀ ਕਮੇਟੀ ਵੱਲੋਂ ਬਿਲਕੁਲ ਮੁਫਤ ਕੀਤਾ ਜਾਵੇਗਾ ਅਤੇ ਇਸ ਕਾਰਜ ਲਈ ਖਰਚ ਧਰਮ ਪ੍ਰਚਾਰ ਕਮੇਟੀ ਕਰੇਗੀ। ਉਨ੍ਹਾਂ ਇਹ ਵੀ ਕਿਹਾ ਕਿ ਨਸ਼ਾ ਛੱਡਣ ਲਈ ਦਾਖਲ ਹੋਣ ਵਾਲਿਆਂ ਲਈ ਅੰਮ੍ਰਿਤਸਰ ਦੇ ਸਰਕਾਰੀ ਨਸ਼ਾ ਛੁਡਾਊ ਕੇਂਦਰ ਅਤੇ ਸ਼੍ਰੋਮਣੀ ਕਮੇਟੀ ਦੇ ਸ੍ਰੀ ਗੁਰੂ ਰਾਮਦਾਸ ਹਸਪਤਾਲ ਅੰਮ੍ਰਿਤਸਰ ਵਿਖੇ ਲੰਗਰ ਦਾ ਵੀ ਪ੍ਰਬੰਧ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੀ ਤਸਵੀਰ ਲਗਾਉਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਇਕੱਤਰਤਾ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਖੇਡਾਂ ਦੇ ਖੇਤਰ ਵਿਚ ਵਿਸ਼ੇਸ਼ ਨਾਮਣਾ ਖੱਟਣ ਵਾਲੇ ਸਾਬਤ ਸੂਰਤ ਗੁਰਸਿੱਖ ਖਿਡਾਰੀਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਇਨਾਮ ਦਿੱਤੇ ਜਾਣਗੇ।

ਭਾਈ ਲੌਂਗੋਵਾਲ ਨੇ ਇਕੱਤਰਤਾ ਦੌਰਾਨ ਲਏ ਗਏ ਹੋਰ ਫੈਸਲਿਆਂ ਬਾਰੇ ਦੱਸਿਆ ਕਿ ਪਟਿਆਲਾ ਨਿਵਾਸੀ ਸਾਬਤ ਸੂਰਤ ਗੁਰਸਿੱਖ ਸ. ਅਮਨਦੀਪ ਸਿੰਘ ਜਿਸ ਨੇ ਆਈ.ਏ.ਐਸ. ਦੀ ਪ੍ਰੀਖਿਆ ਵਿੱਚੋਂ ਵਧੀਆ ਰੈਂਕ ਹਾਸਲ ਕੀਤਾ ਹੈ, ਨੂੰ ਸ਼੍ਰੋਮਣੀ ਕਮੇਟੀ 1 ਲੱਖ ਰੁਪਏ ਨਾਲ ਸਨਮਾਨਿਤ ਕਰੇਗੀ। ਉਨ੍ਹਾਂ ਕਿਹਾ ਕਿ ਬੀਤੇ ਸਮੇਂ ਸ. ਬਲਦੇਵ ਸਿੰਘ ਸੜਕਨਾਮਾ ਵੱਲੋਂ ਲਿਖੇ ਗਏ ਨਾਵਲ 'ਸੂਰਜ ਦੀ ਅੱਖ' ਵਿਚ ਸਿੱਖ ਇਤਿਹਾਸ ਨੂੰ ਵਿਗਾੜਨ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਸਿੱਖ ਵਿਦਵਾਨਾਂ ਪਾਸੋਂ ਜਾਂਚ ਕਰਵਾਈ ਗਈ ਹੈ ਅਤੇ ਉਨ੍ਹਾਂ ਵੱਲੋਂ ਦਿੱਤੀ ਰਿਪੋਰਟ ਵਿਚ ਸਿੱਖ ਇਤਿਹਾਸ ਵਿਗਾੜਨ ਦੀ ਪੁਸ਼ਟੀ ਹੋਈ ਹੈ। ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿਚ ਕਾਨੂੰਨੀ ਕਾਰਵਾਈ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਨੂੰ ਵਿਗਾੜਨ ਦੀ ਕਿਸੇ ਵੀ ਨੂੰ ਹਰਗਿਜ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਨੇ ਕਿਹਾ ਕਿ ਜੂਨ 1984 ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਜੋਧਪੁਰ ਜ਼ੇਲ੍ਹ ਵਿਚ ਬੰਦੀ ਰੱਖੇ ਗਏ ਸਾਰੇ ਸਿੱਖਾਂ ਨੂੰ ਮੁਆਵਜ਼ਾ ਦਿਵਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਕਾਰਵਾਈ ਕਰਨ ਦੀ ਰਿਪੋਰਟ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਬੀਤੇ ਸਮੇਂ 'ਚ ਅੰਮ੍ਰਿਤਸਰ ਦੀ ਅਦਾਲਤ ਵੱਲੋਂ 40 ਜੋਧਪੁਰ ਬੰਦੀਆਂ ਨੂੰ ਮੁਆਵਜ਼ਾ ਦੇਣ ਲਈ ਸਰਕਾਰ ਨੂੰ ਹਦਾਇਤ ਕੀਤੀ ਗਈ ਸੀ ਜਦਕਿ ਜ਼ੇਲ੍ਹ ਕੱਟਣ ਵਾਲੇ ਸਿੱਖ ਕੈਦੀਆਂ ਦੀ ਗਿਣਤੀ 365 ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚੋਂ ਬਾਕੀ ਰਹਿੰਦੇ 325 ਕੈਦੀਆਂ ਨੂੰ ਵੀ ਮੁਆਵਜ਼ਾ ਦਿਵਾਉਣ ਲਈ ਸ਼੍ਰੋਮਣੀ ਕਮੇਟੀ ਕਾਨੂੰਨੀ ਸਹਾਇਤਾ ਦੇਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਲੋਹ ਪੁਰਸ਼ ਵਜੋਂ ਜਾਣੇ ਜਾਂਦੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ 55 ਸਾਲ ਗੁਰਮਤਿ ਪ੍ਰਚਾਰ ਲਈ ਸੇਵਾ ਨਿਭਾਉਣ ਵਾਲੇ ਗੁਰਮਤਿ ਕੀਰਤਨ ਵਿਦਿਆਲਾ ਪੂਰਕੋਟ ਦੇ ਮੁਖੀ ਗਿਆਨੀ ਵਰਿਆਮ ਸਿੰਘ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ।






# SAVE UPTO 24¢

## PER GALLON ON DIESEL






## FUEL CARD

**Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.**

## FACTORING

**Fleet One introduces aggressive factoring program for Trans-Alliance members. We can beat any price to get your piece of business.**

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Love's Travel Stops & Country Stores

# ਪੰਜਾਬ ਦਾ ਦੁਖਾਂਤ : ਨਸ਼ਾ, ਨਿਰਾਸ਼ਾ, ਪਰਵਾਸ ਤੇ ਭਟਕਣ

**ਇਕਬਾਲ ਸਿੰਘ ਭੋਮਾ**

ਅਮਰੀਕਾ ਦਾ ਹਿੱਪੀ ਸਭਿਆਚਾਰ ਜਦੋਂ 'ਹਰੇ ਰਾਮਾ ਹਰੇ ਕ੍ਰਿਸ਼ਨਾ' ਤੇ 'ਕੁਰਬਾਨੀ' ਵਰਗੀਆਂ ਫ਼ਿਲਮਾਂ 'ਚ ਪੇਸ਼ ਹੋਇਆ ਸੀ ਬੜਾ ਸ਼ੋਰਗੁੱਲ ਮਚਿਆ ਸੀ। ਇਹ ਇਸ ਝੁਕਾਅ ਦਾ ਸ਼ੁਰੂਆਤੀ ਪੜਾਅ ਸੀ, ਜਿਸ ਤੋਂ ਅੱਗੇ ਜਾ ਕੇ ਇਕ ਅਜਿਹਾ ਸਭਿਆਚਾਰ ਪੈਦਾ ਹੋ ਗਿਆ ਜਿਸ ਨੂੰ ਨਸ਼ੇੜੀ ਸਭਿਆਚਾਰ ਕਹਿ ਲਿਆ ਜਾਵੇ, ਤਾਂ ਅਤਿਕਥਨੀ ਨਹੀਂ ਹੋਵੇਗੀ। ਅੱਜ ਹਰੇਕ ਮਨੁੱਖ ਨੌਜਵਾਨ ਪੀੜ੍ਹੀ ਦੇ ਨਸ਼ਿਆਂ ਵਿੱਚ ਗਰਕ ਜਾਣ ਦੀ ਦੁਹਾਈ ਦੇ ਰਿਹਾ ਹੈ। ਨਸ਼ਾ ਵੰਡਣ ਵਾਲੇ ਲੋਕਾਂ ਨੂੰ ਰਾਜਨੀਤੀਵਾਨਾਂ ਦੀ ਸਰਪ੍ਰਸਤੀ ਮਿਲੀ ਹੋਈ ਹੋਣ ਕਰਕੇ ਕਦੇ-ਕਦੇ ਅਖ਼ਬਾਰਾਂ ਦੀਆਂ ਸੁਰਖੀਆਂ 'ਚ ਇਸ ਅਲਾਮਤ ਨੂੰ ਜੜ੍ਹੋਂ ਪੁੱਟਣ ਦਾ ਨਾਅਰਾ ਤਾਂ ਲੱਗਦਾ ਹੈ, ਪਰ ਇਹ ਨਾਅਰਾ ਮਾਰਨ ਵਾਲੇ ਵੀ ਉਹੀ ਲੋਕ ਹਨ ਜਿਹੜੇ ਇਸ ਦਾ ਵਪਾਰ ਕਰ ਰਹੇ ਹਨ। ਇਸ ਪੀੜ੍ਹੀ ਦਾ ਦੁਖਾਂਤ ਵਿਹਲੇ ਰਹਿਣ, ਕੰਮ ਕਾਰਜ ਨਾ ਮਿਲਣ, ਜ਼ਮੀਨਾਂ ਦੇ ਹਿੱਸੇ ਹੋਣ, ਪੱਛਮੀ ਸਭਿਆਚਾਰ ਦੇ ਪ੍ਰਭਾਵ ਅਧੀਨ ਉਸ ਸਮੇਂ ਹੋਰ ਵੀ ਡੂੰਘਾ ਹੋ ਜਾਂਦਾ ਹੈ ਜਦੋਂ ਨਿਰਾਸ਼ਾ ਦਾ ਆਲਮ ਬੁਲੰਦੀਆਂ 'ਤੇ ਪਹੁੰਚਦਾ ਹੈ ਤੇ ਵਕਤੀ ਤੌਰ 'ਤੇ ਠੁੰਮਣਾ ਦੇਣ ਦਾ ਕਾਰਜ ਨਸ਼ਿਆਂ ਦੀ ਅਲਾਮਤ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਹੀ ਰੁਝਾਨ ਅੱਗੇ ਜਾ ਕੇ ਇਕ ਵਬਾ ਬਣ ਜਾਂਦਾ ਹੈ, ਜਿਸ ਦੀ ਅਜੋਕੀ ਪੀੜ੍ਹੀ ਪੂਰੀ ਤਰ੍ਹਾਂ ਗ੍ਰਿਫਤ ਵਿੱਚ ਆ ਚੁੱਕੀ ਹੈ। ਇਸ ਨਾਲ ਜਿੱਥੇ ਸਰਮਾਏਦਾਰੀ ਦਾ ਉੱਲੂ ਸਿੱਧਾ ਹੋ ਰਿਹਾ ਹੈ, ਉੱਥੇ ਗਰੀਬ ਜਨਤਾ ਆਪਸ ਵਿਚ ਉਲਝ ਕੇ ਵਕੀਲਾਂ ਤੇ ਪੁਲੀਸ ਵਲਿਆਂ ਦਾ ਢਿੱਡ ਭਰਨ ਦਾ ਸਬੱਬ ਬਣ ਰਹੀ ਹੈ। ਸਰਮਾਏਦਾਰ ਵਿਅਕਤੀ ਆਪਣੇ ਲਾਡਲੇ ਨੂੰ ਨਾਲ ਬਿਠਾ ਕੇ ਦੋ ਘੁੱਟ ਸ਼ਰਾਬ ਦੀ ਇਜਾਜ਼ਤ ਇਸ ਲਈ ਦੇ ਦਿੰਦਾ ਹੈ ਤਾਂ ਕਿ ਉਹ ਬੁਰੀ ਸੰਗਤ ਤੋਂ ਬਚਿਆ ਰਹੇ, ਦੂਜਾ ਉਸ ਉੱਪਰ ਨਿਯੰਤਰਣ ਰਹੇ।

ਗਰੀਬ ਆਦਮੀ ਸ਼ਰਾਬ ਜਾਂ ਹੋਰ ਨਸ਼ਾ ਕਰਕੇ ਚਾਂਭਲਦਾ ਹੈ, ਅਮੀਰ ਖਾਮੋਸ਼ ਹੁੰਦਾ ਚਲਾ ਜਾਂਦਾ ਹੈ। ਕਈ ਅਲਾਮਤਾਂ ਜਿਨ੍ਹਾਂ ਵਿੱਚੋਂ ਨਿਰਾਸ਼ਾ ਦੀ ਅਲਾਮਤ ਸਭ ਤੋਂ ਭਿਆਨਕ ਹੈ, ਨੇ ਇਸ ਪੀੜ੍ਹੀ ਨੂੰ ਨਸ਼ੇ ਦੇ ਕੋਠੇ 'ਤੇ ਚਾੜ੍ਹ ਕੇ ਪੌੜੀ ਖਿੱਚ ਲਈ ਤੇ ਅਪਮਾਨਿਤ ਤੇ ਅਪਾਹਜ ਮਾਨਵ ਦੀ ਸਿਰਜਣਾ ਦਾ ਮੁੱਢ ਬੱਝਿਆ। ਇਸ ਨਾਲ ਲੜਾਈਆਂ, ਝਗੜੇ, ਕਤਲ, ਲੁੱਟਾਂ-ਖੋਹਾਂ ਦਾ ਸਿਲਸਿਲਾ ਇਸ ਸ਼੍ਰੇਣੀ ਦੀ ਹੋਣੀ ਸਾਬਤ ਹੋਣ ਲੱਗ ਪਏ। ਇਹ ਪੀੜ੍ਹੀ ਅੱਗੇ ਪੈਰ ਪੁੱਟਣ ਦੀ ਬਜਾਏ ਪਿਛਾਂਹ ਵੱਲ ਨੂੰ ਅਥਵਾ ਖੜੋਤ ਤੋਂ ਨਿਘਾਰ ਦੀ ਅਵਸਥਾ ਨੂੰ ਗ੍ਰਹਿਣ ਕਰਦੀ ਚਲੀ ਗਈ। ਸਰਮਾਏਦਾਰ ਜਮਾਤ ਦਾ ਸੁੱਟਿਆ ਚੋਗਾ ਪੰਛੀ ਬਾਖੂਬੀ ਚੁਗਣ ਲੱਗ ਪਏ ਤੇ ਕੁਝ ਸਮੇਂ ਬਾਅਦ ਨਿਕੰਮੇ ਹੋ ਕੇ ਖੁਦਕੁਸ਼ੀਆਂ ਵਾਲੇ ਪਾਸੇ ਤੁਰ ਪਏ। ਇਹ ਵਰਤਾਰਾ ਇਸ ਪੀੜ੍ਹੀ ਨਾਲ ਕੀਤਾ ਗਿਆ ਸਭ ਤੋਂ ਕੋਝਾ ਮਜ਼ਾਕ ਹੋ ਨਿਬੜਿਆ।

ਪਰਵਾਸ ਦੋ ਪੱਧਰਾਂ 'ਤੇ ਇਸ ਪੀੜ੍ਹੀ ਦੇ ਦੁਖਾਂਤ ਦਾ ਕਾਰਨ ਬਣਿਆ ਹੈ। ਇਕ ਉਹ ਪਰਵਾਸ ਹੈ, ਜਿਹੜਾ ਦੂਜੇ ਸੂਬਿਆਂ ਤੋਂ ਆਏ ਪਰਵਾਸੀਆਂ ਦੀ ਦੇਣ ਹੈ ਅਤੇ ਦੂਜਾ ਉਹ ਜਿਹੜਾ ਪੱਛਮੀ ਮੁਲਕਾਂ ਦੀ ਚਮਕ ਦਮਕ 'ਚ ਇਸ ਪੀੜ੍ਹੀ ਨੂੰ ਹਰ ਵੇਲੇ ਵਿਦੇਸ਼ ਦੇ ਸੁਪਨੇ ਦਿਖਾਉਣ ਦੀ ਲਲਕ ਲਾਈ ਰੱਖਦਾ ਹੈ। ਮਜ਼ਦੂਰਾਂ ਦੇ ਪੰਜਾਬ ਅੰਦਰ ਆਉਣ ਨਾਲ ਨੌਜਵਾਨ ਪੀੜ੍ਹੀ ਜਿਹੜੀ ਪਹਿਲਾਂ ਹੀ ਕੰਮ ਤੋਂ ਕੰਨੀ ਕਤਰਾਉਂਦੀ ਸੀ, ਬਿਲਕੁਲ ਉਨ੍ਹਾਂ ਲੋਕਾਂ 'ਤੇ ਨਿਰਭਰ ਹੋ ਕੇ ਰਹਿ ਗਈ ਜਿਹੜੇ ਆਪਣੀ ਰੋਜ਼ੀ ਰੋਟੀ ਦੇ ਸਾਧਨ ਪੈਦਾ ਕਰਨ ਲਈ ਪੰਜਾਬ 'ਚ ਆਉਣੇ ਸ਼ੁਰੂ ਹੋਏ। ਖੇਤੀਬਾੜੀ, ਰੇਹੜੀ ਮਾਰਕੀਟ, ਉਸਾਰੀ ਆਦਿ ਦੇ ਸਭ ਕੰਮ ਇਨ੍ਹਾਂ ਨੇ ਹਥਿਆ ਲਏ ਜਾਂ ਇੰਜ ਕਹਿ ਲਵੋ ਕਿ ਪੰਜਾਬੀ ਜੰਮਪਲ ਨੇ ਉਹਨਾਂ ਨੂੰ ਇਹ ਕੰਮ ਸੌਂਪ ਦਿੱਤੇ, ਜਿਸ ਨਾਲ ਇਹ ਬਿਲਕੁਲ ਵਿਹਲੇ ਹੋ ਕੇ ਰਹਿ ਗਏ। ਵਿਹਲਾ ਮਨ ਸ਼ੈਤਾਨ ਦਾ ਘਰ ਵਾਲੀ ਅਖੌਤ ਨੂੰ ਅਮਲੀ ਜਾਮਾ ਪਹਿਨਾਇਆ ਜਾਣ ਲੱਗ ਪਿਆ, ਜਿਸ ਨਾਲ ਲੁੱਟਾਂ ਖੋਹਾਂ ਤੇ ਹੋਰ ਦੁਰਾਚਾਰ ਫੈਲਣ ਲੱਗ ਪਏ। ਅਜਿਹੀ ਅਨਿਸਚਿਤਤਾ ਵਿੱਚ ਹਰੇਕ ਵਿਅਕਤੀ ਅਸੁਰੱਖਿਅਤ ਮਹਿਸੂਸ ਕਰਨ ਲੱਗ




ਪਿਆ। ਬਿਮਾਰੀ ਦੀਆਂ ਜੜ੍ਹਾਂ 'ਚ ਜਾਣ ਤੇ ਉਸਦਾ ਇਲਾਜ ਲੱਭਣ ਦੀ ਬਜਾਏ ਸਾਰਾ ਦੋਸ਼ ਨੌਜਵਾਨ ਵਰਗ ਤੇ ਮੜ੍ਹ ਦਿੱਤਾ ਗਿਆ। ਜਦੋਂ ਅਜਿਹੀ ਸਥਿਤੀ ਪੈਦਾ ਹੁੰਦੀ ਹੈ ਤਾਂ ਨਿਰਾਸ਼ਾ ਉਪਜਣੀ ਸੁਭਾਵਿਕ ਹੈ। ਹੱਥੀਂ ਕੰਮ ਕਰਨ 'ਚ ਸਾਡੀ ਸ਼ਾਨ ਗਵਾਚਣ ਲੱਗਦੀ ਹੈ ਤੇ ਕੁਦਰਤੀ ਵਸੀਲੇ ਇੰਨੇ ਵਸੀਹ ਰਹਿੰਦੇ ਨਹੀਂ ਕਿ ਚੈਨ ਦੀ ਜ਼ਿੰਦਗੀ ਬਸਰ ਕੀਤੀ ਜਾ ਸਕੇ। ਇਹਨਾਂ ਪਰਵਾਸੀ ਮਜ਼ਦੂਰਾਂ 'ਚ ਜਿਹੜੇ ਜ਼ਰਾਇਮ ਪੇਸ਼ਾ ਸ਼ਾਮਲ ਹੋ ਕੇ ਆਏ ਉਨ੍ਹਾਂ ਸਾਰੇ ਸਭਿਆਚਾਰਕ ਵਰਤਾਰੇ ਨੂੰ ਬਦਨਾਮੀ ਵੱਲ ਧਕੇਲ ਦਿੱਤਾ। ਇਸ ਨਾਲ ਨੌਜਵਾਨ ਪੀੜ੍ਹੀ ਜ਼ਿਆਦਾ ਤਸ਼ੱਦਦ ਦਾ ਸ਼ਿਕਾਰ ਹੋਣ ਲੱਗ ਪਈ।

ਨਵੀਂ ਪੀੜ੍ਹੀ ਅਸਰੁੱਖਿਅਤ ਮਹਿਸੂਸ ਕਰਨ ਲੱਗ ਪਈ। ਅਜਿਹੀਆਂ ਸੰਭਾਵਨਾਵਾਂ ਬਣਦੀਆਂ ਗਈਆਂ ਕਿ ਇਹ ਪੀੜ੍ਹੀ ਜ਼ੁਲਮ ਦੀ ਹਿੱਸੇਦਾਰ ਵੀ ਬਣਾ ਕੇ ਪੇਸ਼ ਕੀਤੀ ਜਾਣ ਲੱਗ ਪਈ। ਇੰਜ ਦੂਹਰੀ ਮਾਰ ਝੱਲਦੀ ਇਸ ਪੀੜ੍ਹੀ ਕੋਲ ਕਰੋ ਜਾਂ ਮਰੋ ਦੀ ਧਾਰਨਾ ਨੂੰ ਅਪਣਾਉਣ ਵਿੱਚ ਯਕੀਨ ਰੱਖਣ ਤੋਂ ਸਿਵਾਏ ਕੋਈ ਚਾਰਾ ਨਾ ਰਹਿ ਗਿਆ ਤੇ ਇਹ ਵੀ ਅਜਿਹੇ ਕਾਰਜਾਂ 'ਚ ਸ਼ਾਮਲ ਹੋ ਗਈ ਜਿਹੜੇ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਨਾਲ ਮੇਚ ਨਹੀਂ ਸਨ ਖਾਂਦੇ। ਇੰਜ ਇਹ ਪੀੜ੍ਹੀ ਤਰਸ ਦੀ ਪਾਤਰ ਬਣਨ ਦੇ ਨਾਲ-ਨਾਲ ਅਜਿਹੇ ਹਾਸ਼ੀਏ 'ਤੇ ਆ ਕੇ ਖੜ ਗਈ ਜਿਥੋਂ ਪਿੱਛੇ ਮੁੜਿਆ ਕਲੰਕ ਸੀ ਤੇ ਅੱਗੇ ਤੁਰਿਆਂ ਮੌਤ ਸੀ। ਇਸ ਦੁਰਾਹੇ ਤੇ ਪਹੁੰਚ ਕੇ ਸੋਚ ਜਵਾਬ ਦੇ ਜਾਂਦੀ ਹੈ ਤੇ ਕੁਰਾਹੇ ਪੈਣ ਤੋਂ ਸਿਵਾਏ ਕੋਈ ਚਾਰਾ ਨਹੀਂ ਰਹਿ ਜਾਂਦਾ। ਵਿਹਲੜ ਪਹਿਲਾਂ ਹੋ ਗਏ ਤੇ ਮਗਰੋਂ ਵੱਡਿਆਂ ਪ੍ਰਤੀ ਫਰਜ਼ ਨਿਭਾਉਣ ਵੇਲੇ ਅਸਮਰੱਥ ਹੋ ਗਏ। ਇਹੀ ਇਸ ਪੀੜ੍ਹੀ ਦਾ ਦੁਖਾਂਤ ਹੈ, ਜਿਹੜਾ ਜੇਕਰ ਪਰਵਾਸੀ ਮਜ਼ਦੂਰ ਵਾਪਸ ਆਪਣੇ ਪ੍ਰਾਂਤ ਵੀ ਜਾਂਦਾ ਹੈ ਤਾਂ ਵੀ ਕੰਮ ਠੱਪ ਹੋ ਜਾਣ ਦੀ ਨੌਬਤ ਆ ਸਕਦੀ ਹੈ ਤੇ ਜੇਕਰ ਉਹ ਇੱਥੇ ਹੀ ਰਹਿ ਕੇ ਆਪਣੀ ਆਰਥਿਕਤਾ ਸੁਖਾਵੀਂ ਬਣਾਉਣ ਦੀ ਸੋਚਦਾ ਹੈ ਤਾਂ ਆਮ ਆਦਮੀ ਦੇ ਲਾਭਾਂ ਨੂੰ ਖੋਰਾ ਲੱਗਦਾ ਹੈ। ਇਥੋਂ ਦੁਬਿਧਾਗ੍ਰਸਿਤ ਮਾਨਵ ਦੀ ਦਾਸਤਾਨ ਸ਼ੁਰੂ ਹੁੰਦੀ ਹੈ, ਜਿਸ ਪ੍ਰਤੀ ਉਸ ਦੀ ਪਹੁੰਚ ਬੇਵਸੀ ਵਾਲੀ ਹੋ ਨਿਬੜਦੀ ਹੈ। ਉਲਝੀ ਤਾਣੀ ਨੂੰ ਸੁਲਝਾਉਣਾ ਹਰੇਕ ਦੀ ਪਹੁੰਚ 'ਚ ਕਦੀ ਨਹੀਂ ਹੁੰਦਾ।

ਇਸੇ ਕਾਰਨ ਇਹ ਕਹਿਣਾ ਪੈ ਰਿਹਾ ਹੈ ਕਿ ਇਸ ਪੀੜ੍ਹੀ ਦੀਆਂ ਅਜੀਬੋ-ਗ਼ਰੀਬ ਸਮੱਸਿਆਵਾਂ ਹਨ, ਜਿਨ੍ਹਾਂ ਨੂੰ ਨਜਿੱਠਣ ਲਈ ਬੜੇ ਸੁਲਝੇ ਤੇ ਤਜਰਬੇਕਾਰ ਦਿਮਾਗਾਂ ਦੀ ਲੋੜ ਹੈ। ਦੂਜਾ ਖ਼ੁਦ ਪਰਵਾਸ ਧਾਰਨ ਕਰਨ ਦੀ ਲਾਲਸਾ ਵੀ ਇਸ ਪੀੜ੍ਹੀ ਨੂੰ ਤੋੜ ਰਹੀ ਹੈ। ਪੱਛਮੀ ਜ਼ਿੰਦਗੀ ਦੀ ਚਕਾਚੌਂਧ ਤੇ ਉਥੋਂ ਆਏ ਰਿਸ਼ਤੇਦਾਰਾਂ ਦੇ ਵਿਹਾਰ ਨੂੰ ਵੇਖ ਕੇ ਹਰੇਕ ਮਨੁੱਖ ਦੇ ਮਨ ਅੰਦਰ ਉੱਥੇ ਜਾ ਕੇ ਵੱਸਣ, ਕੰਮ ਕਰਨ ਤੇ ਅਮੀਰ ਬਣਨ ਦੀ ਲਾਲਸਾ ਦਿਨ-ਬ-ਦਿਨ ਜ਼ੋਰ ਫੜਦੀ ਜਾ ਰਹੀ ਹੈ। ਭਾਵੇਂ ਆਪਣੇ ਦੇਸ਼ ਵਿਚਲੀ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਬੇਤਰਤੀਬੀ, ਅਨੁਸ਼ਾਸਨਹੀਣਤਾ ਆਦਿ ਕਿੰਨੇ ਹੀ ਪਹਿਲੂ ਜ਼ਿੰਮੇਵਾਰ ਹਨ ਪਰ ਇੰਟਰਨੈੱਟ ਨੇ ਉਹ ਥਾਵਾਂ ਵੀ ਵਿਖਾ ਦਿੱਤੀਆਂ ਹਨ, ਜਿਨ੍ਹਾਂ ਦਾ ਕਦੇ ਸੁਫ਼ਨਾ ਵੀ ਨਹੀਂ ਸੀ ਲਿਆ ਜਾ ਸਕਦਾ। ਭਾਵੇਂ ਖ਼ੂਬਸੂਰਤ ਘਰਾਂ 'ਚ ਰਿਸ਼ਤੇ ਘੱਟ ਹੁੰਦੇ ਹਨ ਤੇ ਭਾਵਨਾਵਾਂ ਦੀ ਸਾਂਝ ਖਾਰਜ ਹੁੰਦੀ ਹੈ, ਪਰ ਸਾਫ਼ ਸਫਾਈ ਤੇ ਚੌਗਿਰਦੇ ਦਾ ਵਾਤਾਵਰਣ ਵਿਅਕਤੀ ਦੀ ਇਸ ਖਾਹਿਸ਼ ਨੂੰ ਹੋਰ ਤਿੱਖਿਆਂ ਕਰਦਾ ਹੈ। ਪਰਵਾਸੀ ਵਿਅਕਤੀ ਚਾਹੇ ਉਥੋਂ ਦੇ ਕਿੰਨੇ ਵੀ ਨੁਕਸ ਗਿਣਾ ਦੇਵੇ, ਪਰ ਨਵੀਂ ਪੀੜ੍ਹੀ ਕਦੀ ਵੀ ਉਸ ਤੇ ਯਕੀਨ ਕਰਨਾ ਪਸੰਦ ਨਹੀਂ ਕਰਦੀ। ਹਰ ਸਮੇਂ ਉੱਪਰ ਦੀ ਉੱਡਦੇ ਜਹਾਜ਼ ਦੀ ਲਾਲਸਾ ਵਿਅਕਤੀ ਲਈ ਮਾਰੂ ਸਾਬਤ ਹੋ ਜਾਂਦੀ ਹੈ।

ਨੌਜਵਾਨ ਪੀੜ੍ਹੀ 'ਚੋਂ ਬਹੁਗਿਣਤੀ ਪਰਵਾਸ ਦੇ ਸੁਪਨੇ ਦੇਖਦੀ ਹੈ। ਇਸ ਨਾਲ ਉਨ੍ਹਾਂ ਦੇ ਇਥੇ ਆਪਣੇ ਦੇਸ਼ ਵਿਚ ਕੰਮ ਕਰ ਸਕਣ ਦੀਆਂ ਸੰਭਾਵਨਾਵਾਂ ਉਨ੍ਹਾਂ ਨੂੰ ਹਰ ਅਜਿਹੇ ਕਾਰਜ ਤੋਂ ਮੋੜੀ ਰੱਖਦੀਆਂ ਹਨ, ਜਿਨ੍ਹਾਂ ਵਿੱਚ ਉਹ ਨਿਪੁੰਨ ਹੋ ਸਕਦੇ ਸਨ। ਇਥੇ ਬਿਲਕੁਲ ਵਿਗੜੇ ਲੋਕ ਜਦੋਂ ਪੱਛਮੀ ਦੇਸ਼ਾਂ ਵਿਚ ਜਾ ਕੇ ਤੀਰ ਵਾਂਗ ਸਿੱਧੇ ਹੋਏ ਵੇਖੇ ਜਾਂਦੇ ਹਨ ਤਾਂ ਹੈਰਾਨੀ ਹੁੰਦੀ ਹੈ। ਕਈ ਵਿਦਿਆਰਥੀ ਕਿਸੇ ਰਿਸ਼ਤੇਦਾਰ ਵੱਲੋਂ ਭੇਜੇ ਕਾਗਜ਼ਾਂ ਦੀ ਉਡੀਕ ਵਿਚ ਹੀ ਕਈ ਕਈ ਡਿਗਰੀਆਂ ਕਰ ਜਾਂਦੇ ਹਨ। ਇਹ ਲੱਡੂ ਵੀ ਉਨ੍ਹਾਂ ਦੀ ਜ਼ਿੰਦਗੀ ਵਿਚ ਦੁਬਿਧਾ ਉਪਜਾਈ ਰੱਖਦਾ ਹੈ ਤੇ ਉਹ ਇਕ ਤਜ਼ਰਬੇਕਾਰ ਅਥਵਾ ਆਪਣੇ ਕੰਮ ਵਿੱਚ ਨਿਪੁੰਨ ਹੋਣ ਦੀ ਬਜਾਏ ਤਰੀਖਾਂ ਤੇ ਕਾਂਟਾ ਮਾਰਦੇ ਹੀ ਆਪਣਾ ਕੀਮਤੀ ਸਮਾਂ ਨਸ਼ਟ ਕਰਦੇ ਦੇਖੇ ਜਾ ਸਕਦੇ ਹਨ। ਕੁਝ ਸਫ਼ਲ ਹੋ ਜਾਂਦੇ ਹਨ ਤੇ ਜਿਹੜੇ ਸਫ਼ਲ ਹੋ ਜਾਂਦੇ ਹਨ ਉਹ ਪਰਮਾਤਮਾ ਦਾ ਸ਼ੁਕਰ ਕਰਦੇ ਹਨ ਤੇ ਜਿਹੜੇ ਸਫ਼ਲ ਨਹੀਂ ਹੁੰਦੇ ਉਹ ਏਜੰਟਾਂ ਦੇ ਘਰ ਭਰਨ ਦੀ ਜੁਗਤ ਰਾਹੀਂ ਹੱਥ ਪੈਰ ਮਾਰਦੇ ਵੇਖੇ ਜਾ ਸਕਦੇ ਹਨ। ਇਸ ਜਦੋ ਜਹਿਦ ਵਿਚ ਹੀ ਜ਼ਿੰਦਗੀ ਦਾ ਸੁਨਹਿਰੀ ਸਮਾਂ ਅਜਾਈਂ ਲੰਘ ਜਾਂਦਾ ਹੈ ਤੇ ਸਿਵਾਏ ਪਛਤਾਵੇ ਦੇ ਕੁਝ ਪੱਲੇ ਨਹੀਂ ਪੈਂਦਾ।

ਨੌਜਵਾਨ ਵਰਗ ਅੱਜ ਨਿਰਾਸ਼ਾ ਦੇ ਦੌਰ ਵਿਚੋਂ ਲੰਘ ਰਿਹਾ ਹੈ। ਸਰੀਰਕ ਮਿਹਨਤ ਕਰਨ ਵੱਲ ਰੁਚਿਤ ਨਾ ਹੋਣ ਕਾਰਣ ਹਰੇਕ ਉਹ ਪੇਂਡੂ ਅਥਵਾ ਲੋਕ ਖੇਡ ਦਮ ਤੋੜ ਰਹੀ ਹੈ ਜਿਹੜੀ ਵਿਅਕਤੀ ਅੰਦਰ ਸਮਤੋਲ ਬਣਾਈ ਰੱਖਣ ਵਿੱਚ ਸਹਾਈ ਹੁੰਦੀ ਸੀ। ਲੋਕ ਖੇਡਾਂ ਤੇ ਉਨ੍ਹਾਂ ਨਾਲ ਜੁੜੀਆਂ ਕਸਰਤ ਵਿਧੀਆਂ ਅਲੋਪ ਹੋ ਰਹੀਆਂ ਹਨ। ਸ਼ਹਿਰਾਂ ਵਿਚ ਜਿਮ ਖੁੱਲ੍ਹ ਗਏ ਹਨ ਜਿੱਥੇ ਪੈਸਾ ਖ਼ਰਚ ਕੇ ਹੀ ਸਰੀਰਕ ਵਰਜਿਸ਼ ਕੀਤੀ ਜਾ ਸਕਦੀ ਹੈ। ਇਹ ਅਮੀਰ ਲੋਕਾਂ ਦੀ ਬਿਰਤੀ ਨੂੰ ਧਰਵਾਸ ਦੇਣ ਦੇ ਕੇਂਦਰ ਹਨ, ਜਿਸ ਕਾਰਨ ਗ਼ਰੀਬ ਵੀ ਵੇਖੋ ਵੇਖੀ ਅਜਿਹੀਆਂ ਸਹੂਲਤਾਂ ਦਾ ਸ਼ਿਕਾਰ ਹੋ ਰਿਹਾ ਹੈ। ਬਹੁਤ ਸਾਰੇ ਲੋਕ ਅਜਿਹੀਆਂ ਜਿੰਮਾਂ 'ਚ ਜਾਣ ਦੀ ਸਮਰੱਥਾ ਨਹੀਂ ਰੱਖਦੇ। ਲੋਕ ਖੇਡਾਂ ਤੇ ਕਸਰਤਾਂ ਲਈ ਕੋਈ ਥਾਂ ਨਹੀਂ ਰਹਿ ਗਈ। ਖੁੱਲ੍ਹੀਆਂ ਜ਼ਮੀਨਾਂ ਵਪਾਰ ਦਾ ਸਾਧਨ ਬਣ ਗਈਆਂ ਹਨ। ਮੁਨਾਫਾਖ਼ੋਰੀ ਬਿਰਤੀ ਵਿੱਚ ਲੋਕਾਂ ਨਾਲ ਜੁੜੀਆਂ ਕਿਰਿਆਵਾਂ ਲਗਭਗ ਖਤਮ ਹੋ ਗਈਆਂ ਹਨ।

# ਨਸ਼ਿਆਂ ਦੀਆਂ ਨਵੀਆਂ ਕਿਸਮਾਂ

**ਡਾ. ਹਰਸ਼ਿੰਦਰ ਕੌਰ, ਐਮਡੀ.**
ਫੋਨ ਨੰ: 0175-2216783

ਜੌਹਨ ਹੌਪਕਿਨਸ ਮੈਡੀਕਲ ਸਕੂਲ ਵੱਲੋਂ ਕਈ ਚਿਰਾਂ ਤੋਂ ਲਗਾਤਾਰ ਨੌਜਵਾਨਾਂ ਵਿਚ ਨਸ਼ੇ ਦੇ ਵਧਦੇ ਰੁਝਾਨ ਨੂੰ ਵੇਖਦਿਆਂ ਇਸ ਬਾਰੇ ਕਈ ਖੋਜਾਂ ਕੀਤੀਆਂ ਗਈਆਂ ਹਨ। ਭੰਗ, ਹਸ਼ੀਸ਼, ਅਫੀਮ, ਕੋਕੀਨ,



ਚਿੱਟਾ, ਆਦਿ ਨਾਵਾਂ ਤੋਂ ਲਗਭਗ ਹਰ ਪੰਜਾਬੀ ਬੱਚਾ ਵਾਕਿਫ਼ ਹੈ। ਬਰੈੱਡ ਉੱਤੇ ਆਇਓਡੈਕਸ ਲਾ ਕੇ ਖਾਣੀ, ਕਿਰਲੀ ਮਾਰ ਕੇ ਖਾਣੀ, ਪੈਟਰੋਲ ਸੁੰਘਣਾ, ਇਕ ਹਫ਼ਤਾ ਰੋਜ਼ ਪਾਈਆਂ ਬਦਬੂਦਾਰ ਜੁਰਾਬਾਂ ਨੂੰ ਰਾਤ ਭਰ ਪਾਣੀ 'ਚ ਭਿਉਂ ਕੇ ਉਹ ਪਾਣੀ ਪੀਣਾ, ਖੰਘ ਦੀਆਂ ਸ਼ੀਸ਼ੀਆਂ ਪੀਣੀਆਂ ਆਦਿ ਵੀ ਬਹੁਤ ਪੁਰਾਣੇ ਤਰੀਕੇ ਹੋ ਚੁੱਕੇ ਹਨ।

ਨਵੀਂ ਕਿਸਮ ਦੇ ਨਸ਼ੇ ਕਿਵੇਂ ਸ਼ਰਾਬ ਵਾਂਗ ਨੌਜਵਾਨਾਂ ਨੂੰ ਆਦੀ ਬਣਾ ਰਹੇ ਹਨ ਤੇ ਇਨ੍ਹਾਂ ਦੇ ਮਾੜੇ ਅਸਰ ਵੀ ਦਿਸਣ ਲੱਗ ਪਏ ਹਨ, ਇਸ ਬਾਰੇ ਜਾਣਕਾਰੀ ਦੇਣ ਦੀ ਲੋੜ ਹੈ।

1. ਕੇਫ਼ੀਨ : ਲਗਾਤਾਰ ਕੰਮ ਕਰਨ, ਚੁਸਤ ਰਹਿਣ, ਥਕਾਵਟ ਦੂਰ ਕਰਨ, ਦੇਰ ਰਾਤ ਗੱਡੀ ਚਲਾਉਣ, ਰਾਤ ਭਰ ਜਾਗ ਕੇ ਪੜ੍ਹਨ ਆਦਿ ਲਈ ਕੌਫ਼ੀ ਅਤੇ ਐਨਰਜੀ ਡਰਿੰਕਸ ਦੀ ਵਾਧੂ ਵਰਤੋਂ ਹੋਣ ਲੱਗ ਪਈ ਹੈ। ਕੌਫ਼ੀ ਵਿਚ ਖਸਖਸ ਅਤੇ ਅਰਾਰੂਟ ਪਾ ਕੇ ਪੀਣਾ ਤੇ ਐਨਰਜੀ ਡਰਿੰਕਸ ਵਿਚ ਸ਼ਰਾਬ ਮਿਲਾ ਕੇ ਪੀਣਾ ਆਮ ਜਿਹੀ ਗੱਲ ਬਣ ਚੁੱਕੀ ਹੈ।

2. ਹੱਥ ਸਾਫ਼ ਕਰਨ ਵਾਲੇ ਹੈਂਡ ਸੈਨੀਟਾਈਜ਼ਰ : ਇਸ ਵਿਚ 60 ਫੀਸਦੀ ਸ਼ਰਾਬ (ਐਲਕੋਹਲ) ਦੀ ਮਾਤਰਾ ਹੁੰਦੀ ਹੈ ਜਿਸ ਨੂੰ ਨੌਜਵਾਨ ਡੀਕ ਲਾ ਕੇ ਪੀ ਜਾਂਦੇ ਹਨ।

3. ਜੈਫਲ ਤੇ ਹੋਰ ਮਸਾਲੇ : ਜੈਫਲ ਨੂੰ ਘੋਲ ਕੇ ਪੀਣਾ ਤੇ ਉਸ ਨੂੰ ਕਾਗਜ਼ ਵਿਚ ਗੋਲ ਭਰ ਕੇ ਸਿਗਰਟ ਵਾਂਗ ਸੂਟਾ ਲਾਉਣਾ। ਜੈਫਲ ਵਿਚ ਕੁਦਰਤੀ ਮਾਈਰਿਸਟੀਸਿਨ ਹੁੰਦਾ ਹੈ ਜਿਸ ਦੀ ਜ਼ਿਆਦਾ ਮਾਤਰਾ ਨਾਲ ਮਾਨਸਿਕ ਪੱਖੋਂ ਹਵਾ ਵਿਚ ਉੱਡਦਿਆਂ ਦਿਮਾਗ਼ ਕਿਸੇ ਹੋਰ ਅਵਸਥਾ ਵਿਚ ਪਹੁੰਚ ਜਾਂਦਾ ਹੈ।

ਏਸੇ ਹੀ ਤਰ੍ਹਾਂ ਵੱਡੀ ਮਾਤਰਾ ਵਿਚ ਮਸਾਲੇ ਕੁਝ ਚਿਰ ਲਈ ਉਤੇਜਿਤ ਕਰ ਦਿੰਦੇ ਹਨ। ਹੁਣ ਤਾਂ ਜੈਫਲ ਦੀ ਵਰਤੋਂ ਕਰਨ ਵਾਲੇ ਨੌਜਵਾਨਾਂ ਦੀਆਂ ਢੇਰਾਂ ਦੀਆਂ ਢੇਰ ਵੀਡੀਓਜ਼ ਵਾਇਰਲ ਹੋਈਆਂ ਪਈਆਂ ਹਨ।

4. ਦਾਲਚੀਨੀ : ਯੂ-ਟਿਊਬ ਵਿਚ ਅੱਜ ਕੱਲ੍ਹ 'ਦਾਲਚੀਨੀ ਚੈਲੰਜ' ਕਾਫ਼ੀ ਪ੍ਰਚਲਿਤ ਹੈ ਜਿਸ ਵਿਚ ਦੋ ਚਮਚ ਪਿਸੀ ਹੋਈ ਦਾਲਚੀਨੀ ਇਕ ਮਿੰਟ ਵਿਚ ਮੂੰਹ ਅੰਦਰ ਲੰਘਾਉਣ ਦੇ ਯਤਨ ਕੀਤੇ ਜਾ ਰਹੇ ਹਨ। ਬਥੇਰੇ ਬੱਚੇ ਇਸ ਦੇ ਗਲੇ ਵਿਚ ਫਸ ਜਾਂ ਚਿਪਕ ਜਾਣ ਸਦਕਾ ਹਸਪਤਾਲ ਪਹੁੰਚ ਚੁੱਕੇ ਹਨ। ਕਈਆਂ ਦਾ ਸਾਹ ਬੰਦ ਹੋ ਜਾਂਦਾ ਹੈ ਤੇ ਕਈਆਂ ਦੇ ਗਲੇ ਵਿਚ ਜ਼ਖ਼ਮ ਵੀ ਹੋ ਜਾਂਦੇ ਹਨ।

5. 'ਡਿਜ਼ੀਟਲ ਔਨਲਾਈਨ ਡਰੱਗਜ਼' : ਇਸ ਨਵੇਂ ਤਰ੍ਹਾਂ ਦੇ ਨਸ਼ਿਆਂ ਵਿਚ 'ਆਡੀਓ ਫਾਈਲਜ਼' ਖ਼ਰੀਦ ਕੇ, ਸੁਣ ਕੇ, ਨੌਜਵਾਨ ਨਸ਼ੇ ਦਾ ਅਹਿਸਾਸ ਕਰ ਲੈਂਦੇ ਹਨ। ਇਸ ਵਿਚ ਕਈ ਤਰ੍ਹਾਂ ਦੀਆਂ ਧੁਨੀਆਂ ਤਹਿਤ ਦਿਮਾਗ਼ ਵੱਲ ਅਜਿਹੀਆਂ ਤਰੰਗਾਂ ਪਹੁੰਚਦੀਆਂ ਹਨ ਜੋ ਨਾਰਕੋਟਿਕ ਨਸ਼ੇ ਵਾਂਗ ਅਸਰ ਕਰਦੀਆਂ ਹਨ। ਇਸ ਦੀ ਵੀ ਲੋੜੋਂ ਵੱਧ ਵਰਤੋਂ ਨਾਲ ਦਿਮਾਗ਼ ਦਾ ਨੁਕਸਾਨ ਹੋ ਜਾਂਦਾ ਹੈ। ਇਸ ਬੀਮਾਰੀ ਨੂੰ "ਇੰਟਰਨੈੱਟ ਓਵਰਡੋਜ਼ਿੰਗ" ਦਾ ਨਾਂ ਦਿੱਤਾ ਗਿਆ ਹੈ। ਮਾਪੇ ਸੋਚਦੇ ਹਨ ਕਿ ਬੱਚਾ ਕੰਪਿਊਟਰ ਉੱਤੇ ਕੰਮ ਕਰ ਰਿਹਾ ਹੈ ਪਰ ਅਸਲ ਵਿਚ ਉਹ ਇਨ੍ਹਾਂ ਧੁਨੀਆਂ ਨਾਲ ਨਸ਼ੇ ਦਾ ਅਹਿਸਾਸ ਕਰਦਿਆਂ ਹੌਲੀ-ਹੌਲੀ ਆਦੀ ਬਣਦੇ ਹੀ ਦੂਜੇ ਕਿਸਮ ਦੇ ਨਸ਼ਿਆਂ ਵੱਲ ਧੱਕਿਆ ਜਾਂਦਾ ਹੈ। ਦਿਮਾਗ਼ ਦੇ ਸੋਚਣ ਸਮਝਣ ਤੇ ਆਪਣੇ ਗੁੱਸੇ ਉੱਤੇ ਕਾਬੂ ਪਾਉਣ ਵਾਲੇ ਹਿੱਸੇ ਉੱਤੇ ਇਨ੍ਹਾਂ ਤਰੰਗਾਂ ਦਾ ਬਹੁਤ ਮਾੜਾ ਅਸਰ ਪੈਂਦਾ ਹੈ।

6. ਨਹਾਉਣ ਵਾਲਾ ਸਾਬਣ : "ਬਾਥ ਸਾਲਟਸ" ਦੇ ਨਾਂ ਹੇਠ 'ਬਲਿੱਸ' ਤੇ 'ਵਨੀਲਾ ਸਕਾਈ' ਇਸ ਵੇਲੇ ਨੌਜਵਾਨ ਬੱਚਿਆਂ ਦੀ, ਖ਼ਾਸ ਕਰ ਸਕੂਲੀ ਬੱਚਿਆਂ ਦੀ ਪਹਿਲੀ ਪਸੰਦ ਬਣ ਚੁੱਕੇ ਹਨ। ਮਾਪੇ ਸੋਚਦੇ ਹਨ ਕਿ ਬੱਚਿਆਂ ਨੇ 'ਔਨਲਾਈਨ ਸ਼ਾਪਿੰਗ' ਤਹਿਤ ਸਾਬਣ ਹੀ ਖਰੀਦਿਆ ਹੈ ਪਰ ਕੰਪਿਊਟਰ ਰਾਹੀਂ ਕੀਤੀ ਜਾ ਰਹੀ ਖਰੀਦਦਾਰੀ ਵਿਚ ਬੱਚੇ ਅਜਿਹੇ ਸਾਬਣਾਂ ਦੇ ਪਾਊਡਰਾਂ ਜਾਂ ਲੇਪ ਨੂੰ ਸੁੰਘ ਕੇ ਨਸ਼ਾ ਕਰਨ ਲੱਗ ਪਏ ਹਨ। ਇਸ ਕਿਸਮ ਦੇ ਸਾਬਣ ਵਿਚ 'ਐਮਫੈਟਾਮੀਨ' ਵਰਗੇ ਕੈਮੀਕਲ ਪਾ ਦਿੱਤੇ ਗਏ ਹਨ ਜਿਨ੍ਹਾਂ ਨੂੰ ਸੁੰਘ ਕੇ ਕੁਝ ਚਿਰ ਲਈ ਨਸ਼ਾ ਹੋ ਜਾਂਦਾ ਹੈ।

7. ਖੰਘ ਦੀਆਂ ਦਵਾਈਆਂ : "ਡੈਕਸਟਰੋਮੀਥੋਰਫੈਨ", ਜੋ ਖੰਘ ਦੀਆਂ ਸ਼ੀਸ਼ੀਆਂ ਵਿਚ ਪੈਂਦੀ ਹੈ, ਆਮ ਹੀ ਨਸ਼ਾ ਕਰਨ ਲਈ ਪੀਤੀ ਜਾਂਦੀ ਹੈ। ਹੁਣ ਵੱਡਿਆਂ ਦੀ ਦੇਖਾ ਦੇਖੀ ਸੱਤਵੀਂ, ਅੱਠਵੀਂ ਜਮਾਤ ਦੇ ਵਿਦਿਆਰਥੀ 'ਸੈਚਰਡੇ ਈਵਨਿੰਗ ਪਾਰਟੀ' ਦੇ ਨਾਂ ਹੇਠ ਸਨਿੱਚਰਵਾਰ ਸਕੂਲ ਦੇ ਮੁੱਕਣ ਬਾਅਦ ਘਰ ਜਾਣ ਤੋਂ ਪਹਿਲਾਂ ਚਾਰ-ਚਾਰ ਸ਼ੀਸ਼ੀਆਂ ਪੀ ਕੇ ਜਸ਼ਨ ਮਨਾਉਂਦੇ ਵੇਖੇ ਗਏ ਹਨ।

8. ਵੋਦਕਾ ਟੈਂਪੂਨ : ਜਿਨ੍ਹਾਂ ਸਕੂਲੀ ਬੱਚਿਆਂ ਦੇ ਘਰਾਂ ਵਿਚ ਸਖ਼ਤੀ ਹੋਵੇ, ਉਨ੍ਹਾਂ ਬੱਚੀਆਂ ਨੇ ਨਸ਼ਾ ਕਰਨ ਦਾ ਇਹ ਨਵਾਂ ਰਾਹ ਲੱਭ ਲਿਆ ਹੋਇਆ ਹੈ। ਮਾਹਵਾਰੀ ਦੌਰਾਨ ਵਰਤੇ ਜਾਂਦੇ ਟੈਂਪੂਨ ਨੂੰ ਵੋਦਕਾ ਸ਼ਰਾਬ ਵਿਚ ਡੁਬੋ ਕੇ ਮਾਹਵਾਰੀ ਦੌਰਾਨ ਅਤੇ ਬਿਨਾ ਮਾਹਵਾਰੀ ਦੇ ਦਿਨਾਂ ਵਿਚ ਵੀ ਵਰਤ ਕੇ ਬੱਚੀਆਂ ਲੰਮੇ ਸਮੇਂ ਤਕ ਨਸ਼ੇ ਦਾ ਅਹਿਸਾਸ ਕਰ ਰਹੀਆਂ ਹਨ। ਪੀੜ ਦਾ ਬਹਾਨਾ ਕਰਦਿਆਂ ਬੱਚੀਆਂ ਲੰਮੇ ਸਮੇਂ ਤਕ ਮੰਜੇ ਉੱਤੇ ਲੇਟ ਕੇ ਨਸ਼ੇ ਵਿਚ ਧੁੱਤ ਪਈਆਂ ਰਹਿੰਦੀਆਂ ਹਨ। ਤੀਹ ਜਾਂ 60 ਮਿਲੀਲਿਟਰ ਵੋਦਕਾ ਜਾਂ ਹੋਰ ਸ਼ਰਾਬ ਵਿਚ ਡੁਬੋ ਕੇ ਵਰਤਿਆ ਟੈਂਪੂਨ ਜਿਉਂ ਹੀ ਲਹੂ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਉੱਥੋਂ ਸ਼ਰਾਬ ਸਿੱਧਾ ਲਹੂ ਅੰਦਰ ਭਾਰੀ ਮਾਤਰਾ ਵਿਚ ਪਹੁੰਚ ਜਾਂਦੀ ਹੈ ਜੋ ਤਕੜੇ ਤੋਂ ਤਕੜੇ ਨਸ਼ੇ ਜਿੰਨਾ ਅਸਰ ਪਲਾਂ ਵਿਚ ਹੀ ਕਰਵਾ ਦਿੰਦੀ ਹੈ।

ਸਿਰਫ਼ ਕੁੜੀਆਂ ਹੀ ਨਹੀਂ, ਅੱਜਕਲ ਵੱਡੀ ਮਾਤਰਾ ਵਿਚ ਨੌਜਵਾਨ ਮੁੰਡੇ ਵੀ ਇਹੀ ਟੈਂਪੂਨ ਆਪਣੇ ਟੱਟੀ ਵਾਲੇ ਰਾਹ ਪਾ ਕੇ ਲੰਮੇ ਸਮੇਂ ਤਕ ਟੂੰਨ ਹੋ ਜਾਂਦੇ ਹਨ। ਤੇਜ਼ੀ ਨਾਲ ਵਧਦਾ ਜਾ ਰਿਹਾ ਇਹ ਰੁਝਾਨ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਦਾ ਜਾ ਰਿਹਾ ਹੈ।

9. ਸੁਗੰਧੀਆਂ ਵਾਲੇ ਫੁੱਲ : ਕਮਰਿਆਂ ਨੂੰ ਮਹਿਕਾਉਣ ਲਈ ਰੱਖੇ ਸੁੱਕੇ ਕੁਦਰਤੀ ਫੁੱਲਾਂ ਵਿਚ ਪਾਉਣ ਵਾਲੀਆਂ ਮਸਾਲੇਦਾਰ ਤੇ ਤਿੱਖੀਆਂ ਖੁਸ਼ਬੋਆਂ ਨੂੰ ਕਾਗਜ਼ ਵਿਚ ਡੁਬੋ ਕੇ ਸਿਗਰਟ ਵਾਂਗ ਲੈਣ ਜਾਂ ਸੁੰਘਣ ਦਾ ਰੁਝਾਨ ਨਵਾਂ ਨਹੀਂ ਹੈ। ਇਸ ਬਾਰੇ 98 ਫੀਸਦੀ ਮਾਪਿਆਂ ਨੂੰ ਪਤਾ ਹੀ ਨਹੀਂ ਕਿ ਉਨ੍ਹਾਂ ਦਾ ਬੱਚਾ ਇਹ ਸੁੰਘ ਕੇ ਜਾਂ ਸਿਗਰਟ ਵਾਂਗ ਸੂਟਾ ਲਾ ਕੇ 'ਹੈਲੂਸੀਨੇਸ਼ਨ' ਦਾ ਸ਼ਿਕਾਰ ਹੋ ਕੇ ਪੂਰਾ ਨਸ਼ਈ ਬਣ ਚੁੱਕਿਆ ਹੈ। ਜਦੋਂ ਲੋੜੋਂ ਵੱਧ ਵਰਤ ਲਈ ਜਾਵੇ ਤਾਂ ਇਸ ਨਾਲ ਧੜਕਨ ਵਿਚ ਕਾਫੀ ਗੜਬੜੀ ਹੋ ਜਾਂਦੀ ਹੈ ਤੇ ਮੌਤ ਦਾ ਕਾਰਨ ਵੀ ਬਣ ਸਕਦੀ ਹੈ।

10. ਏਸੀ. : ਇਹ ਬਹੁਤਿਆਂ ਲਈ ਹੈਰਾਨੀ ਦੀ ਗੱਲ ਹੋਵੇਗੀ ਕਿ ਘਰਾਂ

**ਬਾਕੀ ਸਫ਼ਾ 32 'ਤੇ**

# ਨਸ਼ਾ ਮੁਕਤੀ ਲਈ ਠੋਸ ਨੀਤੀ ਦੀ ਲੋੜ

**ਸਭ ਤੋਂ ਵੱਡੀ ਜ਼ਿੰਮੇਵਾਰੀ ਸਰਕਾਰਾਂ ਦੀ ਹੁੰਦੀ ਹੈ। ਕਾਨੂੰਨ ਬਣਾ ਦੇਣਾ ਹੀ ਕਾਫੀ ਨਹੀਂ ਹੁੰਦਾ। ਕਾਨੂੰਨ ਵਿਚ ਮੌਤ ਵਰਗੀ ਸਖ਼ਤ ਸਜ਼ਾ ਜੋੜ ਦੇਣਾ ਵੀ ਮਹੱਤਵਪੂਰਨ ਨਹੀਂ ਹੈ। ਇਹ ਕਦੇ ਵੀ ਹਾਲਾਤ ਨੂੰ ਸਾਵਾਂ ਨਹੀਂ ਕਰਦੇ। ਸਮੱਸਿਆ ਦੀ ਮੂਲ ਜੜ੍ਹ, ਨੌਜਵਾਨਾਂ ਦੀ ਉਲਝੀ ਮਾਨਸਿਕਤਾ ਹੈ। ਇਹ ਉਹ ਉਮਰ ਹੈ ਜੋ ਸੁਫ਼ਨੇ ਲੈਣਾ ਵੀ ਜਾਣਦੀ ਹੈ ਤੇ ਸੁਫ਼ਨੇ ਪੂਰੇ ਕਰਨਾ ਵੀ ਪਰ ਉਨ੍ਹਾਂ ਨੂੰ ਸਾਰਥਕ ਮਾਹੌਲ ਚਾਹੀਦਾ ਹੁੰਦਾ ਹੈ ਜੋ ਹੁਣ ਗਾਇਬ ਹੈ।**



**ਡਾ. ਸ਼ਿਆਮ ਸੁੰਦਰ ਦੀਪਤੀ**
ਸੰਪਰਕ : 98158-08506

ਨਸ਼ੇ ਲੈ ਰਹੇ ਨੌਜਵਾਨ ਅਤੇ ਵੇਚ ਰਹੇ ਸੌਦਾਗਰ, ਇਹ ਦੋਵੇਂ ਧਿਰਾਂ ਮਹੱਤਵਪੂਰਨ ਨੇ, ਪਰ ਨਸ਼ੇ ਇੰਨੀ ਸਿੱਧੀ-ਪੱਧਰੀ ਸਮੱਸਿਆ ਨਹੀਂ ਹੈ ਕਿ ਵੇਚਣ ਵਾਲਿਆਂ ਨੂੰ ਕਾਨੂੰਨ ਦਾ ਡਰਾਵਾ ਦੇਈਏ ਅਤੇ ਨੌਜਵਾਨਾਂ ਨੂੰ ਤਾੜ ਕੇ, ਕੁੱਟਮਾਰ ਕੇ ਜਾਂ ਬੇਇੱਜ਼ਤ ਕਰਕੇ ਸਰ ਜਾਵੇ। ਇਸੇ ਤਰ੍ਹਾਂ ਹੀ ਦੋਹਾਂ ਦੇ ਲਈ ਸੜਕਾਂ 'ਤੇ ਆ ਕੇ ਰੈਲੀਆਂ ਜਾਂ ਮਾਨਵੀ ਦੀਵਾਰਾਂ ਬਣਾਉਣ ਵਾਲੀ ਸਰਗਰਮੀ ਫੜੀ ਜਾਵੇ ਅਤੇ ਸਭ ਕੁਝ ਆਪੇ ਹੀ ਸਾਵਾਂ ਹੋ ਜਾਵੇਗਾ, ਇਹ ਸਭ ਇੰਨਾ ਅਸਾਨ ਨਹੀਂ ਹੈ। ਇਹ ਪੇਚੀਦਾ ਅਤੇ ਬਹੁਪਸਾਰੀ ਸਮੱਸਿਆ ਹੈ। ਇਸ ਨੂੰ ਕੁਝ ਡੂੰਘਾਈ ਅਤੇ ਪਰਤ ਦਰ ਪਰਤ ਫਰੋਲ ਕੇ ਸਮਝਣ ਦੀ ਲੋੜ ਹੈ ਤਾਂ ਜੋ ਉਸ ਦੇ ਮੱਦੇਨਜ਼ਰ ਕੋਈ ਠੋਸ ਅਤੇ ਕਾਰਗਰ ਕਾਰਜ ਪ੍ਰਣਾਲੀ ਉਲੀਕੀ ਜਾ ਸਕੇ।

ਸਾਨੂੰ ਨਸ਼ੇ ਵਿਚ ਡਿੱਗਿਆ ਨੌਜਵਾਨ ਨਜ਼ਰ ਆ ਰਿਹਾ ਹੈ। ਦੂਸਰਾ ਨਸ਼ਾ ਹੈ, ਜੋ ਸਾਡੇ ਬਾਜ਼ਾਰ ਵਿਚ ਸ਼ਰੇਆਮ ਮਿਲ ਰਿਹਾ ਹੈ। ਸ਼ਰਾਬ ਦੀ ਗੱਲ ਤਾਂ ਹੁਣ ਕੋਈ ਕਰਦਾ ਹੀ ਨਹੀਂ ਭਾਵੇਂ ਇਸ ਨੂੰ ਗੰਭੀਰਤਾ ਨਾਲ ਵਿਚਾਰਨਾ ਬਣਦਾ ਹੈ। ਸਾਡੇ ਸਾਹਮਣੇ ਸਮੈਕ, ਹੈਰੋਇਨ ਅਤੇ ਅਜਿਹੇ ਹੋਰ ਘਾਤਕ ਨਸ਼ੇ ਹਨ ਤਾਂ ਸ਼ਰਾਬ ਖ਼ੁਦ-ਬਖ਼ੁਦ ਪਿੱਛੇ ਚਲੀ ਜਾਂਦੀ ਹੈ; ਜਾਂ ਘੱਟੋ-ਘੱਟ ਨਸ਼ਿਆਂ ਦੀ ਸੂਚੀ ਵਿਚੋਂ ਨਿਕਲ ਜਾਂਦੀ ਹੈ। ਉਂਜ, ਜਿੱਥੋਂ ਤੱਕ ਨਸ਼ਿਆਂ ਦੇ ਮਿਲਣ ਦੀ ਗੱਲ ਹੈ, ਸ਼ਰਾਬ ਦੀ ਬੋਤਲ ਲੈਣ ਲਈ ਕਿਸੇ ਨੂੰ ਘਰੋਂ ਉੱਠ ਕੇ ਬਾਹਰ ਸੜਕ ਤੱਕ ਇਕ-ਅੱਧਾ ਕਿਲੋਮੀਟਰ ਜਾਣਾ ਪੈਂਦਾ ਹੈ ਪਰ ਸਮੈਕ ਲੈਣ ਲਈ ਇੰਨੀ ਖੇਚਲ ਵੀ ਨਹੀਂ ਕਰਨੀ ਪੈਂਦੀ; ਇਕ ਫੋਨ ਨਾਲ ਘਰੇ ਪਹੁੰਚ ਜਾਂਦੀ ਹੈ। ਤੀਜਾ ਸਭ ਤੋਂ ਅਹਿਮ ਅਤੇ ਸਭ ਤੋਂ ਅਣਗੌਲਿਆ ਪੱਖ, ਜੋ ਨੌਜਵਾਨਾਂ ਨੂੰ ਨਸ਼ਿਆਂ ਨਾਲ ਸੰਪਰਕ ਕਾਇਮ ਕਰਨ ਵਿਚ ਸਹਾਈ ਹੁੰਦਾ ਹੈ, ਉਹ ਹੈ ਸਾਡਾ ਆਲਾ-ਦੁਆਲਾ। ਮਾਹੌਲ ਵੀ ਆਪਣੇ ਆਪ ਵਿਚ ਬਹੁਪਸਾਰੀ ਹੈ। ਘਰ, ਸਕੂਲ ਤੋਂ ਲੈ ਕੇ ਰੁਜ਼ਗਾਰ ਅਤੇ ਰਾਜਨੀਤਕ ਗਲਿਆਰਿਆਂ ਵਿਚ ਇਸ ਦੇ ਮਹੱਤਵਪੂਰਨ ਅੰਸ਼ ਪਏ ਹਨ, ਜੋ ਨੌਜਵਾਨ ਨੂੰ ਬੇਚੈਨ, ਪਰੇਸ਼ਾਨ ਕਰਦੇ ਹਨ, ਤੇ ਫਿਰ ਇਨ੍ਹਾਂ ਹਾਲਤ ਵਿਚ ਕੋਈ ਵੀ ਉਨ੍ਹਾਂ ਨੂੰ ਨਸ਼ੇ ਦੀ ਇਸ ਹਨੇਰੀ ਗਲੀ ਵਿਚ ਬੜੀ ਅਸਾਨੀ ਨਾਲ ਲੈ ਤੁਰਦਾ ਹੈ।

ਵਿਗਿਆਨ ਦਾ ਇਕ ਨਿਯਮ ਹੈ ਕਿ ਖਾਲੀਪਨ ਆਪਣੇ ਆਪ ਵਿਚ ਕੁਝ ਨਹੀਂ ਹੁੰਦਾ; ਜਾਂ ਜਦੋਂ ਵੀ ਇਹ ਵਾਪਰਦਾ ਹੈ, ਉਸੇ ਵੇਲੇ ਕੁਝ ਨਾ ਕੁਝ ਹੋਰ ਦਾਖ਼ਲ ਹੋ ਜਾਂਦਾ ਹੈ। ਅੱਜ ਜਦੋਂ ਨੌਜਵਾਨਾਂ ਨੂੰ ਪਰਿਵਾਰ ਤੋਂ ਪੜ੍ਹਾਈ ਅਤੇ ਕੰਮਕਾਰ ਲਈ ਵਧੀਆ, ਉਸਾਰੂ ਮੌਕੇ ਨਹੀਂ ਮਿਲਦੇ, ਉਸ ਦੀ ਜ਼ਿੰਦਗੀ ਵਿਚ ਖਾਲੀਪਨ ਭਰ ਜਾਂਦਾ ਹੈ ਤੇ ਫਿਰ ਨਸ਼ਾ ਵੇਚਣ ਦੀ ਤਾਕ ਵਿਚ ਬੈਠਾ ਸੌਦਾਗਰ ਜਾਂ ਉਸ ਦੇ ਕਰਿੰਦੇ ਇਕ ਮਿੰਟ ਵੀ ਨਹੀਂ ਲਗਾਉਂਦੇ। ਉਹ ਪਹਿਲਾਂ ਨਸ਼ਾ ਮੁਫ਼ਤ ਦੇ ਕੇ ਤਿਆਰ ਕਰਦੇ ਹਨ ਤੇ ਆਦਤ ਬਣ ਜਾਣ 'ਤੇ ਵੇਚਣ ਲਈ ਮਜਬੂਰ ਕਰਦੇ ਹਨ। ਇਸੇ ਤਰ੍ਹਾਂ ਇਹ ਜਾਲ ਵਿਛਾਇਆ ਜਾਂਦਾ ਹੈ। ਇਸ ਦੀ ਤੰਦ ਕਿੱਥੇ ਹੈ ਤੇ ਕਿਸ ਦੇ ਹੱਥ ਵਿਚ ਹੈ, ਹੁਣ ਤਾਂ ਸ਼ਾਇਦ ਕੋਈ ਜਾਨਣ ਦਾ ਇੱਛੁਕ ਹੀ ਨਹੀਂ ਹੈ; ਕਿਉਂ ਜੋ ਨਸ਼ਾ ਕਰਨ ਵਾਲੇ ਵੇਚ ਵੀ ਰਹੇ ਨੇ, ਇਸਤੇਮਾਲ ਵੀ ਕਰ ਰਹੇ ਨੇ। ਇਨ੍ਹਾਂ ਦਾ ਮੋਢੀ ਸਰਗਨਾ ਕਿਤੇ ਹੋਰ ਥਾਂ ਬੈਠਾ ਅਨੰਦ ਮਾਣ ਰਿਹਾ ਹੈ। ਉਹ ਕਿਤੇ ਵੀ ਹਾਜ਼ਰ ਨਹੀਂ ਹੁੰਦਾ ਭਾਵੇਂ ਉਸ ਦਾ ਪ੍ਰਛਾਵਾਂ ਸਾਰਿਆਂ ਨੂੰ ਆਪਣੀ ਲਪੇਟ ਵਿਚ ਲੈ ਰਿਹਾ ਹੈ। ਨਸ਼ਿਆਂ ਸਬੰਧੀ ਫੜੋ ਫੜਾਈ ਦੇ ਕੇਸਾਂ ਦੀ ਗਿਣਤੀ ਭਾਵੇਂ ਕਈ ਹਜ਼ਾਰਾਂ ਵਿਚ ਹੈ, 41 ਫੀਸਦੀ ਕੈਦੀ ਸਿਰਫ਼ ਨਸ਼ਿਆਂ ਨਾਲ ਸਬੰਧਿਤ ਹੋਣ ਕਰਕੇ ਜੇਲ੍ਹਾਂ ਵਿਚ ਹਨ, ਪਰ ਉਹ ਕੁਝ ਕੁ ਗਰਾਮ ਨਸ਼ਾ ਵੇਚਣ ਵਾਲੇ ਹਨ। ਕਿੱਲੋਆਂ ਵਾਲੇ ਤਾਂ ਕਿਤੇ ਵੀ ਫੜੇ ਨਹੀਂ ਜਾਂਦੇ।

ਮਾਹੌਲ ਦੇ ਪੱਖ ਤੋਂ ਪਰਿਵਾਰ ਦੀ ਜੋ ਭੂਮਿਕਾ ਹੈ, ਉਹ ਖ਼ੁਦ ਪਰੇਸ਼ਾਨ ਅਤੇ ਭੰਬਲਭੂਸੇ ਵਿਚ ਹਨ ਕਿ ਉਹ ਕੀ ਕਰਨ। ਉਹ ਸਭ ਕੁਝ ਦਾਅ 'ਤੇ ਲਾ ਕੇ ਬੱਚੇ ਨੂੰ ਪੜ੍ਹਾਉਣ ਲਈ ਭੇਜਦੇ ਹਨ ਤੇ ਨਿਕਲਦਾ ਹੈ, ਡਿਗਰੀ ਲੈ ਕੇ ਆਉਣ ਵਾਲੇ ਬੱਚੇ ਦੀ ਥਾਂ ਨਸ਼ਈ ਪੁੱਤ। ਮਾਂ ਪਿਉ ਦੇ ਪਾਲਣ-ਪੋਸ਼ਣ ਵਿੱਚ ਕਿਤੇ ਘਾਟ ਹੋ ਸਕਦੀ ਹੈ, ਪਰ ਨਾ ਪੜ੍ਹਾਈ ਵਿਚ ਗੰਭੀਰਤਾ ਹੈ, ਨਾ ਉਨ੍ਹਾਂ ਨੂੰ ਅੱਗੇ ਕਿਤੇ ਕੰਮ ਵਿਚ ਲਗਾਉਣ ਦੀ। ਪੜ੍ਹਾਈ ਦੇ ਨਾਂ 'ਤੇ ਪੈਸਾ ਇਕੱਠੇ ਕਰਨ ਦਾ ਵਪਾਰ ਹੈ। ਰੁਜ਼ਗਾਰ ਦੇ ਨਾਂ 'ਤੇ ਮਜ਼ਾਕ ਹੈ। ਲੱਖਾਂ ਰੁਪਏ ਦੇ ਕੋਰਸ ਤੇ ਰੁਜ਼ਗਾਰ ਕੁਝ ਕੁ ਹਜ਼ਾਰਾਂ ਦੇ। ਸਭ ਤੋਂ ਵੱਡੀ ਜ਼ਿੰਮੇਵਾਰੀ ਸਰਕਾਰਾਂ ਦੀ ਹੁੰਦੀ ਹੈ। ਕਾਨੂੰਨ ਬਣਾ ਦੇਣਾ ਹੀ ਕਾਫੀ ਨਹੀਂ ਹੁੰਦਾ। ਕਾਨੂੰਨ ਵਿਚ ਮੌਤ ਵਰਗੀ ਸਖ਼ਤ ਸਜ਼ਾ ਜੋੜ ਦੇਣਾ ਵੀ ਮਹੱਤਵਪੂਰਨ ਨਹੀਂ ਹੈ। ਇਹ ਕਦੇ ਵੀ ਹਾਲਾਤ ਨੂੰ ਸਾਵਾਂ ਨਹੀਂ ਕਰਦੇ। ਸਮੱਸਿਆ ਦੀ ਮੂਲ ਜੜ੍ਹ, ਨੌਜਵਾਨਾਂ ਦੀ ਉਲਝੀ ਮਾਨਸਿਕਤਾ ਹੈ। ਇਹ ਉਹ ਉਮਰ ਹੈ ਜੋ ਸੁਫ਼ਨੇ ਲੈਣਾ ਵੀ ਜਾਣਦੀ ਹੈ ਤੇ ਸੁਫ਼ਨੇ ਪੂਰੇ ਕਰਨਾ ਵੀ ਪਰ ਉਨ੍ਹਾਂ ਨੂੰ ਸਾਰਥਕ ਮਾਹੌਲ ਚਾਹੀਦਾ ਹੁੰਦਾ ਹੈ ਜੋ ਹੁਣ ਗਾਇਬ ਹੈ।

ਕਿਸੇ ਵੀ ਵਿੱਦਿਅਕ ਅਦਾਰੇ 'ਤੇ ਸਰਕਾਰ ਦਾ ਕਾਬੂ ਨਹੀਂ ਹੈ। ਪੈਦਾਵਾਰੀ ਸਾਧਨਾਂ 'ਤੇ ਪ੍ਰਾਈਵੇਟ ਲੋਕਾਂ ਦਾ ਕਬਜ਼ਾ ਹੈ, ਉਹ ਵੀ ਸਰਕਾਰ ਦੀ ਨਿਗਰਾਨੀ ਤੋਂ ਆਜ਼ਾਦ ਹਨ। ਕਿਸੇ ਵੀ ਤਰ੍ਹਾਂ ਦੀ ਕੋਈ ਨੀਤੀ ਨਹੀਂ ਹੈ। ਨਾ ਯੂਨੀਵਰਸਿਟੀਆਂ-ਕਾਲਜਾਂ ਵਿਚ ਲੋੜ ਮੁਤਾਬਕ ਅਧਿਆਪਕ ਹਨ, ਨਾ ਹੀ ਰੁਜ਼ਗਾਰ ਦੇਣ ਦੇ ਮਸਲੇ ਵਿਚ ਕੋਈ ਨਿਯਮਾਵਲੀ ਹੈ ਜੋ ਪ੍ਰਾਈਵੇਟ ਅਦਾਰਿਆਂ ਨੂੰ ਨਿਰਦੇਸ਼ ਦੇਵੇ। ਨੌਜਵਾਨ ਪੜ੍ਹਨ ਜਾਂਦੇ ਹੋਏ ਵੀ ਵਿਹਲੇ ਹਨ, ਡਿਗਰੀ ਲੈਣ ਤੋਂ ਬਾਅਦ ਵੀ। ਇਸ ਉਮਰ ਦੀ ਖਾਸੀਅਤ ਹੈ, ਨਵੀਂ ਸੋਚ ਅਤੇ ਤਜਰਬੇ। ਇਸ ਦੇ ਤਹਿਤ ਉਮਰ ਦਾ ਆਪਣਾ ਸਰਗਰਮ ਰਹਿਣ ਦਾ ਸੁਭਾਅ ਹੈ ਪਰ ਤਜਰਬਾ ਕਰਨ ਲਈ ਨਾ ਸਕੂਲ-ਕਾਲਜ ਵਿਚ ਲੈਬਾਰਟਰੀਆਂ ਹਨ ਤੇ ਨਾ ਹੀ ਖੇਡ ਦੇ ਮੈਦਾਨ ਜਾਂ ਕਲਾ ਦੇ ਖੇਤਰ ਵਿਚ ਕਿਸੇ ਰੁਝੇਵੇਂ ਲਈ ਕੋਸ਼ਿਸ਼ਾਂ।

ਵਿਦਿਆਰਥੀ ਆਪਣੀ ਇਨ੍ਹਾਂ ਖਾਸੀਅਤਾਂ ਤਹਿਤ ਤਜਰਬੇ ਕਰਦੇ ਹਨ ਨਸ਼ਿਆਂ ਨਾਲ, ਸੈਕਸ ਨਾਲ। ਇਸ ਉਮਰ ਉੱਤੇ ਸਾਥੀਆਂ ਦਾ ਪ੍ਰਭਾਵ ਵੀ ਹੁੰਦਾ ਹੈ। ਕੁਝ ਵਿਗੜੇ ਹੋਏ ਸਾਥੀ ਜਾਂ ਆਪਣੇ ਕੰਮਕਾਜ ਨੂੰ ਵਧਾਉਣ ਵਾਲੇ ਦੋਸਤ, ਇਸ ਉਮਰ ਨੂੰ ਚੁਣੌਤੀ ਦਿੰਦੇ ਹਨ। ਇਹ ਉਮਰ ਚੁਣੌਤੀ ਕਬੂਲ ਕਰਨ ਦੀ ਵੀ ਹੈ, ਫਿਰ ਉਹ ਫਸ ਜਾਂਦਾ ਹੈ; ਕਿਉਂ ਜੋ ਮਾਹੌਲ ਤਾਂ ਪਹਿਲਾਂ ਹੀ ਤਿਆਰ ਹੈ ਜੋ ਸਾਡੇ ਪਰਿਵਾਰਾਂ, ਸਕੂਲਾਂ ਤੇ ਸਰਕਾਰਾਂ ਕਰਕੇ ਬਣਿਆ ਹੈ। ਇਸ ਤਰ੍ਹਾਂ ਨੌਜਵਾਨ ਆਪਣੇ ਸਹਿਜ ਗੁਣ - ਚੁਣੌਤੀ ਕਬੂਲਣ ਅਤੇ ਤਜਰਬੇ ਕਰਨ ਦੀ ਗੱਲ - ਔਗੁਣ ਦਾ ਠੱਪਾ ਲਵਾ ਲੈਂਦਾ ਹੈ; ਜਦੋਂ ਕਿ ਜਵਾਨੀ ਦੇ ਇਹ ਗੁਣ ਬਹੁਤ ਕੁਝ ਕਰ ਸਕਣ ਦੇ ਯੋਗ ਹਨ ਤੇ ਸਮਾਜ ਨੂੰ ਉਸਾਰੂ ਲੀਹਾਂ 'ਤੇ ਲਿਆ ਸਕਦੇ ਹਨ।

ਸਰਕਾਰਾਂ ਇਕ ਪਾਸੇ ਕਾਨੂੰਨ ਨੂੰ ਬਹੁਤ ਵਧੀਆ ਸਮਝਦੀਆਂ ਹਨ ਜਾਂ ਨਸ਼ਿਆਂ ਦੇ ਕੇਸ ਵਿਚ ਨਸ਼ਾ ਛੁਡਾਊ ਕੇਂਦਰਾਂ 'ਤੇ ਜ਼ੋਰ ਦਿੰਦੀਆਂ ਹਨ। ਇਕ ਤਾਂ ਨਸ਼ਾ ਛੁਡਾਊ ਕੇਂਦਰ ਬਹੁਤ ਵਧੀਆ, ਸੁਚਾਰੂ ਢੰਗ ਨਾਲ ਕੰਮ ਕਰਨ ਵਾਲੇ ਨਹੀਂ ਹਨ ਤੇ ਦੂਜਾ, ਇਨ੍ਹਾਂ ਕੇਂਦਰਾਂ ਦੀ ਭੂਮਿਕਾ ਤਾਂ ਸਿਰਫ ਦਸ ਫੀਸਦੀ ਹੈ। ਨਸ਼ਈ ਨੇ ਵਾਪਸ ਉਸੇ ਘਰ ਅਤੇ ਸਮਾਜਿਕ ਮਾਹੌਲ ਵਿਚ ਆਉਣਾ ਹੁੰਦਾ ਹੈ। ਮਾਂ ਪਿਉ ਦੀ ਨਾਸਮਝੀ ਇਸ ਗੱਲ ਵਿਚ ਝਲਕਦੀ ਹੈ ਕਿ ਉਹ ਚਾਹੁੰਦੇ ਹਨ ਕਿ ਕੋਈ ਬੱਚੇ ਨੂੰ ਲੈ ਜਾਵੇ ਤੇ ਠੀਕ ਕਰਕੇ ਮੋੜ ਜਾਵੇ। ਨਸ਼ਾ ਛੁਡਾਊ ਕੇਂਦਰ ਵਿਚ ਬੱਚੇ ਨੂੰ ਘਰ ਭੇਜਣ ਵੇਲੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਨੂੰ ਪਿਆਰ ਦਿਓ, ਮਨ ਦੀ ਗੱਲ ਸੁਣੋ, ਕੋਈ ਰੁਝੇਵਾਂ ਦਿਓ। ਇਸ ਨੂੰ ਜਿਵੇਂ ਹੈ, ਪਰਵਾਨ ਕਰੋ ਅਤੇ ਇਸ ਦੀ ਇੱਜ਼ਤ ਕਰੋ। ਇਸ ਦੀ ਗੱਲ ਧਿਆਨ ਨਾਲ ਸੁਣੋ। ਉਂਜ, ਜ਼ਰਾ ਸੋਚ ਕੇ ਤਾਂ ਦੇਖੋ, ਜੇਕਰ ਅਜਿਹਾ ਸਭ ਕੁਝ ਪਰਿਵਾਰ ਜਾਂ ਸਮਾਜ ਤੇ ਸਕੂਲ ਤੋਂ ਪਹਿਲਾਂ ਹੀ ਮਿਲੇ ਤਾਂ ਬੱਚਾ ਇਸ ਦਿਸ਼ਾ ਵਿਚ ਜਾਣ ਤੋਂ ਬਚ ਸਕਦਾ ਹੈ ਪਰ ਇੱਥੇ ਘਰ ਵਾਪਸੀ 'ਤੇ ਵੀ ਉਹ ਮਾਹੌਲ ਫਿਰ ਨਹੀਂ ਮਿਲਦਾ।

ਨੌਜਵਾਨ ਮਰ ਰਹੇ ਹਨ ਅਤੇ ਮੌਤ ਦੇ ਸੌਦਾਗਰ ਨਜ਼ਰ ਨਹੀਂ ਆ ਰਹੇ। ਸੜਕਾਂ 'ਤੇ ਉੱਠ ਰਹੀਆਂ ਆਵਾਜ਼ਾਂ, ਦੋਹਾਂ ਨੂੰ ਸੁਣਾਈ ਨਹੀਂ ਦੇ ਰਹੀਆਂ। ਮੁਹਿੰਮ ਦਾ ਅਸਰ ਮਾਹੌਲ ਸਿਰਜਣ ਲਈ ਹੁੰਦਾ ਹੈ। ਇਹ ਅਜਿਹਾ ਸੁਨੇਹਾ ਹੈ ਕਿ ਲੋਕ ਸਹਿਯੋਗ ਲਈ ਤਿਆਰ ਹਨ। ਇਹ ਦਰਸਾਉਂਦਾ ਹੈ ਕਿ ਸਾਰੇ ਹੀ ਫ਼ਿਕਰਮੰਦ ਹਨ। ਇਹੀ ਫ਼ਿਕਰ ਸ਼ੁਰੂਆਤ ਹੁੰਦੀ ਹੈ। ਇਸ ਨੂੰ ਅਗਲੇ ਪੜਾਵਾਂ - ਚਿੰਤਨ ਤੇ ਚੇਤਨਾ ਨਾਲ ਜੋੜਨ ਦੀ ਲੋੜ ਹੈ। ਇਸ ਮਾਮਲੇ ਵਿੱਚ ਪਰਿਵਾਰ, ਸਕੂਲ, ਸਮਾਜ ਅਤੇ ਸਭ ਤੋਂ ਵਧ ਸਰਕਾਰਾਂ ਦੀ ਭੂਮਿਕਾ ਹੈ। ਪਰਿਵਾਰਾਂ ਨੂੰ ਵੀ ਨੌਜਵਾਨਾਂ ਨਾਲ ਲਾਹੇਵੰਦ ਸੰਵਾਦ ਰਚਾਉਣ ਦਾ ਪਤਾ ਨਹੀਂ ਹੈ। ਯੂਨੀਸੈਫ ਨੇ ਪਰਿਵਾਰਾਂ ਲਈ, ਕਿਸ਼ੋਰਾਂ ਦੇ ਪਾਲਣ-ਪੋਸ਼ਣ ਲਈ ਪ੍ਰੋਗਰਾਮ ਤਿਆਰ ਕੀਤਾ ਹੋਇਆ ਹੈ। ਉਸ ਲਈ ਵੀ ਜਿਹੜੀ ਸਿਖਲਾਈ ਦੀ ਲੋੜ ਹੈ, ਉਹ ਕੰਮ ਵੀ ਤਾਂ ਸਰਕਾਰਾਂ ਨੇ ਹੀ ਕਰਨਾ ਹੈ। ਇਸ ਤਰ੍ਹਾਂ ਮੁਹਿੰਮ ਨੂੰ ਬਹੁਪੱਖੀ ਪਹਿਲੂਆਂ ਤੋਂ ਵਿਚਾਰਨ ਦੀ ਬੇਹੱਦ ਲੋੜ ਹੈ।

**(ਲੇਖਕ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਪ੍ਰੋਫ਼ੈਸਰ ਹੈ)**

# ਸੱਭਿਅਤਾ ਦਾ ਮਹਾਂ-ਸੰਕਟ

**ਹਮੀਰ ਸਿੰਘ**

ਪਿਛਲੇ ਦਿਨੀਂ ਕੁਝ ਸੱਜਣਾਂ ਵੱਲੋਂ 'ਮਰੋ ਜਾਂ ਵਿਰੋਧ ਕਰੋ' ਦੇ ਨਾਮ ਉੱਤੇ ਚਿੱਟੇ ਖ਼ਿਲਾਫ਼ ਕਾਲਾ ਹਫ਼ਤਾ ਮਨਾਉਣ ਦਾ ਸੱਦਾ ਦਿੱਤਾ ਗਿਆ। ਇਸੇ ਦੌਰਾਨ ਪੰਜਾਬ ਵਿਚ ਇਸ ਮੌਕੇ ਮਾਹੌਲ ਅਜਿਹਾ ਨਜ਼ਰ ਆਇਆ ਕਿ ਜਿਵੇਂ ਸਰਕਾਰ, ਸਿਆਸਤਦਾਨ, ਸਮਾਜਸੇਵੀ ਸੰਸਥਾਵਾਂ ਗੱਲ ਕੀ ਹਰ ਕੋਈ ਨਸ਼ੇ ਖ਼ਿਲਾਫ਼ ਇਕ ਵੱਡੀ ਜੰਗ ਲੜ ਰਿਹਾ ਹੋਵੇ। ਮੁਹਿੰਮ ਦੀ ਅਗਵਾਈ ਕਰਨ ਵਾਲਿਆਂ ਦੇ ਦੱਸਣ ਮੁਤਾਬਿਕ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਬੁਲਾ ਕੇ ਨਸ਼ੇ ਨੂੰ ਨੱਥ ਪਾਉਣ ਦੀ ਸਲਾਹ ਲਈ ਹੈ ਅਤੇ ਹੁਣ ਉਹ ਗੰਭੀਰ ਦਿਖਾਈ ਦੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਜ਼ਮੀਨੀ ਪੱਧਰ ਉੱਤੇ ਰੋਸ ਮੁਜ਼ਾਹਰੇ ਕਰਨ ਦੇ ਦਿੱਤੇ ਸੱਦੇ ਦੀ ਫੀਡਬੈਕ ਲੈਣ ਤੋਂ ਬਾਅਦ ਸਰਕਾਰ ਦਾ ਸਹਿਯੋਗ ਕਰਨ ਦਾ ਪੈਂਤੜਾ ਮੱਲ ਲਿਆ ਕਿਉਂਕਿ ਅਕਾਲੀ-ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਵਿਚ ਨਸ਼ੇ ਦੇ ਮੁੱਦੇ ਦੀ ਵੱਡੀ ਭੂਮਿਕਾ ਰਹੀ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਉੱਤੇ ਹੱਥ ਰੱਖ ਕੇ ਚਾਰ ਹਫ਼ਤਿਆਂ ਅੰਦਰ ਨਸ਼ਾ ਖ਼ਤਮ ਕਰਨ ਅਤੇ ਆਮ ਆਦਮੀ ਪਾਰਟੀ ਨੇ ਚਾਰ ਮਹੀਨਿਆਂ ਅੰਦਰ ਨਸ਼ਾ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ। ਗੱਲ ਕੀ ਜਿਵੇਂ ਹਰ ਕਿਸੇ ਕੋਲ ਕੋਈ ਗਿੱਦੜਸਿੰਗੀ ਹੋਵੇ? ਪਰ ਇਹ ਸਭ ਕੁਝ ਵੋਟਾਂ ਤੋਂ ਪਹਿਲਾਂ ਹੁੰਦਾ ਹੈ।

ਕਿਸੇ ਸਮੱਸਿਆ ਨਾਲ ਨਜਿੱਠਣ ਲਈ ਉਸ ਦੇ ਕਾਰਨਾਂ ਦੀ ਤਹਿ ਤਕ ਜਾਣਾ ਜ਼ਰੂਰੀ ਹੁੰਦਾ ਹੈ। ਗੁਰਬਾਣੀ ਦਾ ਮਹਾਂਵਾਕ ਹੈ ਕਿ ।। ਵੈਦਾ ਵੈਦੁ ਸੁਵੈਦੁ ਤੂ ਪਹਿਲਾ ਰੋਗੁ ਪਛਾਣੁ, ਐਸਾ ਦਾਰੂ ਲੋੜਿ ਲਹੁ ਜਿਤੁ ਵੰਞੇ ਰੋਗਾ ਘਾਣਿ।। ਨਸ਼ਾ ਛੁਡਾਊ ਕੰਮ ਵਿਚ ਲੱਗੇ ਮਾਹਿਰ ਇਹ ਠੀਕ ਕਹਿੰਦੇ ਹਨ ਕਿ ਨਸ਼ਾ ਕਰਨ ਵਾਲੇ ਨੌਜਵਾਨ ਮੁਜਰਮ ਨਹੀਂ ਬਲਕਿ ਮਰੀਜ਼ ਹਨ। ਉਹ ਹਾਲਾਤ ਦੇ ਪੀੜਤ ਹਨ। ਜੇਕਰ ਇਕ ਵਾਰ ਹਸਪਤਾਲ ਭਰਤੀ ਕਰਕੇ ਨਸ਼ਾ ਛੱਡ ਵੀ ਦੇਣ ਤਾਂ ਜਿਸ ਮਾਹੌਲ ਵਿਚ ਉਹ ਨਸ਼ਾ ਕਰਨ ਲੱਗੇ ਹਨ, ਉਸ ਨੂੰ ਬਦਲੇ ਬਿਨਾਂ ਉਨ੍ਹਾਂ ਦੇ ਮੁੜ ਇਸ ਲਤ ਵਿਚ ਪੈ ਜਾਣ ਦੀ ਸੰਭਾਵਨਾ ਰਹਿੰਦੀ ਹੈ।

ਸਾਲ 1992 ਵਿੱਚ ਵੰਦਨਾ ਸ਼ਿਵਾ ਨੇ ਇੱਕ ਪੁਸਤਕ ਲਿਖੀ ਸੀ 'ਹਰੀਕ੍ਰਾਂਤੀ ਦੀ ਹਿੰਸਾ'। ਇਸ ਦੌਰਾਨ ਪੰਜਾਬ ਦੇ ਪਾਣੀ, ਮਿੱਟੀ ਅਤੇ ਆਬੋ ਹਵਾ ਦੇ ਖ਼ਰਾਬ ਹੋਣ ਵੱਲ ਸੰਕੇਤ ਉਭਰਨੇ ਸ਼ੁਰੂ ਹੋ ਗਏ ਸਨ। ਇਸੇ ਕਰਕੇ 1985 ਵਿੱਚ ਸਰਦਾਰਾ ਸਿੰਘ ਜੌਹਲ ਦੀ ਅਗਵਾਈ ਵਿੱਚ ਬਣੀ ਕਮੇਟੀ ਨੇ ਪੰਜਾਬ ਵਿੱਚ ਫ਼ਸਲੀ ਵੰਨ ਸੁਵੰਨਤਾ ਉੱਤੇ ਜ਼ੋਰ ਦਿੱਤਾ ਸੀ। ਤਿੰਨ ਦਹਾਕਿਆਂ ਤੋਂ ਵੀ ਵੱਧ ਸਮਾਂ ਹੋਣ ਦੇ ਬਾਵਜੂਦ ਕੇਂਦਰ ਅਤੇ ਸੂਬੇ ਵਿੱਚ ਅਨੇਕਾਂ ਸਰਕਾਰਾਂ ਆਈਆਂ ਅਤੇ ਗਈਆਂ, ਪਰ ਪੰਜਾਬ ਦੇ ਬੁਨਿਆਦੀ ਸਰੋਕਾਰ ਕੇਵਲ ਵੋਟ ਬੈਂਕ ਦੀ ਸਿਆਸਤ ਤਕ ਹੀ ਸੀਮਤ ਰਹੇ। ਪੰਜਾਬ ਵਿੱਚ ਖਾੜਕੂਵਾਦ ਦੇ ਸਮੇਂ ਸਰਕਾਰੀ ਅਤੇ ਨਿੱਜੀ ਦਹਿਸ਼ਤਪਸੰਦੀ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਨੂੰ ਇਨਸਾਫ਼ ਦੇਣ ਲਈ ਕੋਈ ਟਰੁੱਥ ਕਮਿਸ਼ਨ ਵਰਗਾ ਕਮਿਸ਼ਨ ਬਣਾਉਣ ਦੀ ਵੀ ਜਹਿਮਤ ਨਹੀਂ ਉਠਾਈ ਗਈ। ਅਕਾਲੀ ਦਲ ਦੇ 1997 ਦੇ ਚੋਣ ਮਨੋਰਥ ਪੱਤਰ ਦਾ ਇਹ ਪਹਿਲਾ ਵਾਅਦਾ ਸੀ ਜਿਸ ਤੋਂ ਸਰਕਾਰ ਬਣਦੇ ਹੀ ਪੁਰਾਣੀਆਂ ਘਟਨਾਵਾਂ ਉੱਤੇ ਪਰਦਾ ਪਾਉਣ ਦਾ ਰਾਹ ਅਪਣਾ ਲਿਆ ਗਿਆ।




ਗੋਲੀ ਦੀ ਇਸ ਹਿੰਸਾ ਦੇ ਖ਼ਤਮ ਹੁੰਦਿਆਂ ਹੀ ਕਰਜ਼ੇ ਦੇ ਬੋਝ ਹੇਠ ਦੱਬਿਆ ਪੰਜਾਬ ਦਾ ਕਿਸਾਨ ਅਤੇ ਮਜ਼ਦੂਰ ਖ਼ੁਦਕੁਸ਼ੀ ਦੇ ਰਾਹ ਪੈ ਗਿਆ। ਪੰਜਾਬ ਦੇ ਲਗਾਤਾਰ ਡੂੰਘੇ ਹੋ ਰਹੇ ਪਾਣੀ, ਜ਼ਹਿਰੀਲੀ ਹੋ ਰਹੀ ਮਿੱਟੀ ਅਤੇ ਬਿਗੜ ਰਹੀ ਆਬੋ ਹਵਾ ਦੇ ਕਾਰਨ ਸੂਬੇ ਤੇ ਹੱਟੇ ਕੱਟੇ ਲੋਕ ਕੈਂਸਰ ਅਤੇ ਕਾਲੇ ਪੀਲੀਏ ਵਰਗੀਆਂ ਨਾਮੁਰਾਦ ਬਿਮਾਰੀਆਂ ਨੇ ਘੇਰ ਲਏ। ਇਸ ਨਾਲ ਉਨ੍ਹਾਂ ਦੇ ਕਰਜ਼ੇ ਦੀ ਪੰਡ ਵੀ ਭਾਰੀ ਹੁੰਦੀ ਗਈ। ਉਸ ਵਕਤ ਤੋਂ ਲੈ ਕੇ ਲਗਪਗ ਇੱਕ ਦਹਾਕਾ ਪੰਜਾਬ ਦੀ ਕਿਸੇ ਸਰਕਾਰ ਨੇ ਇਸ ਸਚਾਈ ਨੂੰ ਮਨਜ਼ੂਰ ਹੀ ਨਹੀਂ ਕੀਤਾ ਕਿ ਪੰਜਾਬ ਵਿੱਚ ਕਰਜ਼ੇ ਕਰਕੇ ਕੋਈ ਖ਼ੁਦਕੁਸ਼ੀ ਹੋ ਰਹੀ ਹੈ। ਇਹੀ ਉਹ ਸਮਾਂ ਸੀ ਜਦੋਂ ਸਕੂਲ ਸਿੱਖਿਆ ਦੇ ਨਿੱਜੀਕਰਨ ਦੀ ਰਫ਼ਤਾਰ ਸਰਪਟ ਦੌੜਨ ਲੱਗੀ।

ਪੰਜਾਬ ਦੇ ਹੱਕਾਂ ਲਈ ਮੋਰਚਾ ਲਗਾਉਣ ਵਾਲੇ ਵੀ ਆਖ਼ਿਰ ਇਹੀ ਬੋਲੀ ਬੋਲਣ ਲੱਗ ਗਏ ਕਿ ਪੰਜਾਬ ਨੇ ਖਾੜਕੂਵਾਦ ਦੌਰਾਨ ਦੇਸ਼ ਦੀ ਲੜਾਈ ਲੜੀ ਹੈ। ਭਾਵ ਇਸ ਤੋਂ ਪਹਿਲਾਂ ਪੰਜਾਬ ਨੂੰ ਵੱਧ ਅਧਿਕਾਰ ਜਾਂ ਵਿਸ਼ੇਸ਼ ਰਾਜ ਦੇ ਦਰਜੇ ਦੇ ਦਾਅਵੇ ਹਵਾ ਹਵਾਈ ਹੋ ਗਏ। ਬਦਲ ਬਦਲ ਸੱਤਾ ਦੀ ਕੁਰਸੀ ਦਾ ਆਨੰਦ ਮਾਣਨ ਵਾਲੇ ਸਾਰੇ ਸੁਰਖ਼ਰੂ ਹੋ ਗਏ?

ਸਿਆਸਤ ਦੇ ਆਪਹੁਦਰੇਪਣ ਨੇ ਪੰਜਾਬੀਆਂ ਦਾ ਇਸ ਦੇ ਇਤਿਹਾਸ, ਧਰਤੀ ਅਤੇ ਵਿਰਸੇ ਦਾ ਗੁਮਾਨ ਤੋੜ ਦਿੱਤਾ। ਵੋਟ ਬੈਂਕ ਦੀ ਸਿਆਸਤ ਕਰਕੇ ਪਾਟੋ ਧਾੜ ਹੋਏ ਪਿੰਡ ਵਾਸੀਆਂ ਦੀ ਪਛਾਣ ਸਿਰਫ਼ ਵੋਟ ਤਕ ਸੁੰਗੜ ਗਈ। ਲੋਕਾਂ ਦੀ ਸਿਆਸੀ, ਆਰਥਿਕ ਅਤੇ ਸਮਾਜਿਕ ਖੇਤਰ ਵਿੱਚੋਂ ਫ਼ੈਸਲਾਕੁਨ ਸ਼ਮੂਲੀਅਤ ਖ਼ਤਮ ਹੋ ਗਈ। ਸਿਆਸਤ ਦੇ ਸਾਰੇ ਅਹੁਦੇ ਕੁਝ ਪਰਿਵਾਰਾਂ ਜਾਂ ਵਿਅਕਤੀਆਂ ਤਕ ਸੁੰਗੜ ਗਏ। ਅਰਥ ਵਿਵਸਥਾ ਉੱਤੇ ਮੁੱਠੀ ਭਰ ਲੋਕਾਂ ਦਾ ਕਬਜ਼ਾ ਹੋ ਗਿਆ। ਸਿੱਖਿਆ, ਸਿਹਤ ਸਮੇਤ ਹਰ ਖੇਤਰ ਵਿੱਚ ਗ਼ਰੀਬ-ਅਮੀਰ ਦਾ ਪਾੜਾ ਹੇਠਲੇ ਪੱਧਰ ਤਕ ਦਿਖਾਈ ਦੇਣ ਲੱਗਾ ਹੈ। ਅਜਿਹੇ ਮੌਕੇ ਨੌਜਵਾਨਾਂ ਨੂੰ ਇੱਕ ਰਾਹ ਮਿਲਿਆ ਜੋ ਸਿੱਧਾ ਵਿਦੇਸ਼ ਵੱਲ ਜਾਂਦਾ ਸੀ। ਕੁਝ ਸਰਦੇ ਪੁੱਜਦੇ ਅਤੇ ਵੀਹ ਤੀਹ ਲੱਖ ਰੁਪਏ ਖ਼ਰਚ ਕਰਨ ਵਾਲੇ ਪਰਿਵਾਰਾਂ ਦੇ ਬੱਚੇ ਵੱਡੀ ਗਿਣਤੀ ਵਿਚ ਵਿਦੇਸ਼ ਜਾਣ ਵਿਚ ਭਲਾ ਸਮਝਣ ਲੱਗੇ। ਬਾਹਰ ਜਾਣ ਨਾਲ ਉੱਜੜ ਜਾਣ ਦਾ ਸੰਕੇਤ ਨਹੀਂ ਮਿਲਦਾ ਬਲਕਿ ਪਰਿਵਾਰ ਦੇ ਰੁਤਬੇ ਵਿੱਚ ਵਾਧਾ ਹੁੰਦਾ ਹੈ।

ਜਿਨ੍ਹਾਂ ਨੂੰ ਬਾਹਰ ਦਾ ਸੁਪਨਾ ਵੀ ਪੂਰਾ ਹੁੰਦਾ ਨਹੀਂ ਦਿਸਦਾ, ਉਨ੍ਹਾਂ ਦਾ ਵੱਡਾ ਹਿੱਸਾ ਨਸ਼ਿਆਂ ਦੀ ਦਲਦਲ ਵਿੱਚ ਫਸਦਾ ਜਾ ਰਿਹਾ ਹੈ। ਕਿਉਂਕਿ ਜ਼ਿੰਦਗੀ ਵਪਾਰ ਬਣ ਚੁੱਕੀ ਹੈ।

**ਬਾਕੀ ਸਫ਼ਾ 32 'ਤੇ**

# ਪਰਵਾਸੀਆਂ ਅਤੇ ਪਨਾਹਗੀਰਾਂ ਬਾਰੇ ਡੰਗ-ਟਪਾਊ ਫ਼ੈਸਲੇ

**ਨਰਪਾਲ ਸਿੰਘ ਸ਼ੇਰਗਿੱਲ**
ਸੰਪਰਕ: 07903-190-838



ਬੈਲਜੀਅਮ ਦੀ ਰਾਜਧਾਨੀ ਅਤੇ ਯੂਰੋਪੀਅਨ ਯੂਨੀਅਨ ਦੇ ਹੈੱਡਕੁਆਰਟਰ ਬਰੱਸਲਜ਼ ਵਿਚ ਪਰਵਾਸੀਆਂ ਬਾਰੇ ਹੋਏ ਸਿਖਰ ਸੰਮੇਲਨ ਵੇਲੇ ਭਾਵੇਂ ਵੱਖ-ਵੱਖ ਆਗੂਆਂ ਦਾ ਆਪਸੀ ਕਾਟੋ-ਕਲੇਸ਼ ਵੀ ਦੇਖਿਆ ਗਿਆ ਪਰ ਅਖ਼ੀਰ ਵਿੱਚ ਆਪਸੀ ਵਖਰੇਵੇਂ ਜਗ ਜ਼ਾਹਿਰ ਕਰਨ ਦੀ ਬਜਾਏ 28-29 ਜੂਨ ਦੀ ਸਾਰੀ ਰਾਤ, 9 ਘੰਟੇ ਲਗਾਤਾਰ ਮੀਟਿੰਗਾਂ ਪਿੱਛੋਂ 29 ਜੂਨ ਨੂੰ ਸਵੇਰੇ 5 ਵਜੇ ਜਰਮਨੀ ਦੀ ਚਾਂਸਲਰ ਏਂਜਲਾ ਮਾਰਕਲ ਨੇ ਮੀਡੀਆ ਨੂੰ ਦੱਸਿਆ : "ਪਰਵਾਸੀਆਂ ਦੀ ਆਮਦ ਦਾ ਮਸਲਾ ਸਾਂਝੇ ਤੌਰ 'ਤੇ ਨਜਿੱਠਿਆ ਗਿਆ ਹੈ ਅਤੇ ਸਾਂਝੀਆਂ ਸਕੀਮਾਂ ਤੇ ਫ਼ੈਸਲਿਆਂ ਬਾਰੇ ਦੁਪਹਿਰ ਤੋਂ ਪਹਿਲਾਂ ਪਹਿਲਾਂ ਪ੍ਰੈੱਸ ਨੂੰ ਜਾਣਕਾਰੀ ਦੇ ਦਿੱਤੀ ਜਾਵੇਗੀ। " ਇਉਂ ਹੀ ਹੋਇਆ। ਸਵੇਰੇ 10 ਵਜੇ ਜਾਰੀ ਬਿਆਨ ਰਾਹੀਂ ਯੂਰੋਪੀਅਨ ਯੂਨੀਅਨ (ਈਯੂ) ਦੇ ਸਿਖਰ ਸੰਮੇਲਨ 'ਤੇ ਭਾਵੇਂ ਸਥਾਈ ਤੌਰ 'ਤੇ ਕਿਸ਼ਤੀਆਂ ਰਾਹੀਂ ਹੁੰਦੇ ਬੇਲਗਾਮ ਆਵਾਸ ਦਾ ਕੋਈ ਹੱਲ ਤਾਂ ਨਹੀਂ ਦੱਸਿਆ ਗਿਆ ਪਰ ਵਕਤੀ ਤੌਰ 'ਤੇ ਵੱਖ-ਵੱਖ ਯੂਰੋਪੀਅਨ ਮੁਲਕਾਂ ਵਲੋਂ ਚੁੱਕਣ ਵਾਲੇ ਕਦਮਾਂ ਬਾਰੇ ਅਤੇ ਯੂਰੋਪੀਅਨ ਯੂਨੀਅਨ ਤੇ ਸੰਯੁਕਤ ਰਾਸ਼ਟਰ ਦੇ ਸ਼ਰਨਾਰਥੀ ਰਾਜਦੂਤ ਵਲੋਂ ਕੀਤੀ ਜਾਣ ਵਾਲੀ ਕਾਰਵਾਈ ਤੇ ਯਤਨਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਬਾਰੇ ਪਾਠਕਾਂ ਨਾਲ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕਰਨ ਤੋਂ ਪਹਿਲਾਂ ਇਹ ਜ਼ਿਕਰ ਜ਼ਰੂਰੀ ਹੈ ਕਿ ਕਿਸ਼ਤੀਆਂ ਜਾਂ ਸਮੁੰਦਰੀ ਜਹਾਜ਼ਾਂ ਰਾਹੀਂ ਉੱਤਰੀ ਅਫ਼ਰੀਕਾ ਅਤੇ ਮੱਧ ਪੂਰਬੀ ਮੁਲਕਾਂ ਤੋਂ ਯੂਰੋਪੀਅਨ ਯੂਨੀਅਨ ਦੇ ਮੈਂਬਰ ਮੁਲਕਾਂ ਵੱਲ ਅੱਜ ਕੱਲ੍ਹ ਕਿੰਨੇ ਕੁ ਪਰਵਾਸੀ ਜਾਂ ਵਿਦੇਸ਼ੀ ਨਾਗਰਿਕ ਪਿਛਲੇ ਚਾਰ ਪੰਜ ਸਾਲ ਤੋਂ ਆਵਾਸ ਕਰਦੇ ਆ ਰਹੇ ਹਨ।

ਆਵਾਸ-ਪਰਵਾਸ : ਇੱਕ-ਦੂਜੇ ਮੁਲਕ ਜਾਂ ਖ਼ਿੱਤੇ ਵਿੱਚ ਆਵਾਸ-ਪਰਵਾਸ ਬਾਰੇ ਕੌਮਾਂਤਰੀ ਅਦਾਰੇ, ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਆਫ਼ ਮਾਈਗਰੈਂਟਸ ਅਤੇ ਸੰਯੁਕਤ ਰਾਸ਼ਟਰ ਦੇ ਸ਼ਰਨਾਰਥੀਆਂ ਬਾਰੇ ਦੂਤਵਾਸ ਦੀਆਂ ਰਿਪੋਰਟਾਂ ਅਨੁਸਾਰ ਇਰਾਕ, ਸੀਰੀਆ, ਅਫ਼ਗਾਨਿਸਤਾਨ, ਲਿਬੀਆ, ਪਾਕਿਸਤਾਨ, ਬੰਗਲਾਦੇਸ਼ ਅਤੇ ਉੱਤਰੀ ਅਫ਼ਰੀਕੀ ਮੁਲਕਾਂ ਵਿੱਚੋਂ ਸਾਲ 2014 ਵਿੱਚ 247263, 2015 ਵਿੱਚ 1070625, 2016 ਵਿੱਚ 360329 ਅਤੇ 2017 ਵਿੱਚ 172362 ਪਰਵਾਸੀ ਯੂਰੋਪੀਅਨ ਯੂਨੀਅਨ ਦੇ ਮੈਂਬਰ ਮੁਲਕਾਂ ਤੱਕ ਪੁੱਜੇ ਹਨ ਜੋ ਵਧੇਰੇ ਕਰਕੇ ਇਟਲੀ, ਯੂਨਾਨ, ਸਪੇਨ, ਮਾਲਟਾ ਅਤੇ ਸਾਈਪਰਸ ਦੇ ਸਮੁੰਦਰੀ ਕੰਢਿਆਂ ਤੇ ਬੰਦਰਗਾਹਾਂ 'ਤੇ ਪੁੱਜੇ ਜਾਂ ਯੂਰੋਪੀਅਨ ਤੇ ਮੱਧ ਪੂਰਬੀ ਦਲਾਲਾਂ ਰਾਹੀਂ ਪਹੁੰਚਾਏ ਗਏ ਹਨ।

ਇਨ੍ਹਾਂ ਚਾਰ ਵਰ੍ਹਿਆਂ ਦੌਰਾਨ ਯੂਰੋਪ ਪੁੱਜਦੇ ਹੋਏ ਇਨ੍ਹਾਂ ਮੁਲਕਾਂ ਦੇ 16000 ਪਰਵਾਸੀ ਉਸੇ ਤਰ੍ਹਾਂ ਮਰੇ ਜਾਂ ਲਾਪਤਾ ਹੋਏ ਹਨ, ਜਿਵੇਂ 25-26 ਦਸੰਬਰ 1996 ਦੀ ਰਾਤ ਨੂੰ ਭਾਰਤ, ਪਾਕਿਸਤਾਨ ਤੇ ਸ੍ਰੀਲੰਕਾ ਤੋਂ ਇਟਲੀ ਪਹੁੰਚਾਏ ਜਾ ਰਹੇ ਪੰਜਾਬੀਆਂ ਸਮੇਤ 283 ਪਰਵਾਸੀ ਸਮੁੰਦਰੀ ਕਿਸ਼ਤੀ ਵਿੱਚ ਮਾਲਟਾ ਟਾਪੂ ਦੇ ਸਮੁੰਦਰੀ ਕੰਢੇ 'ਤੇ ਮਰ ਗਏ ਸਨ। ਸਾਲ 20 18 ਦੌਰਾਨ 24 ਜੂਨ ਤੱਕ 42845 ਪਰਵਾਸੀ ਲਿਬੀਆ, ਮਿਸਰ ਅਤੇ ਹੋਰ ਮੁਲਕਾਂ ਵਿੱਚ ਸਥਿਤ ਮਨੁੱਖੀ ਤਸਕਰਾਂ ਜਾਂ ਦਲਾਲਾਂ ਰਾਹੀਂ ਮਾਲਟਾ, ਸਾਈਪਰਸ, ਸਪੇਨ, ਯੂਨਾਨ ਤੇ ਇਟਲੀ ਦੇ ਸਮੁੰਦਰੀ ਕੰਢਿਆਂ ਤੇ ਪਹੁੰਚਾਏ ਗਏ ਹਨ, ਜਿਨ੍ਹਾਂ ਵਿੱਚੋਂ 21 ਜੂਨ ਨੂੰ ਪ੍ਰਕਾਸ਼ਿਤ ਵੇਰਵਿਆਂ ਅਨੁਸਾਰ ਤਕਰੀਬਨ 1000 ਪਰਵਾਸੀ ਮਾਰੇ ਗਏ ਜਾਂ ਲਾਪਤਾ ਹੋਏ ਦੱਸੇ ਜਾਂਦੇ ਹਨ। ਇਨ੍ਹਾਂ ਵਰ੍ਹਿਆਂ ਦੌਰਾਨ ਸਭ ਤੋਂ ਵੱਧ 7 ਲੱਖ ਪਰਵਾਸੀ ਅਤੇ ਸ਼ਰਨਾਰਥੀ ਪਨਾਹ ਲੈਣ ਜਾਂ ਵਸ ਜਾਣ ਲਈ ਇਟਲੀ ਦੇ 7600 ਕਿਲੋਮੀਟਰ ਸਮੁੰਦਰੀ ਕੰਢਿਆਂ 'ਤੇ ਪੁੱਜੇ ਜਾਂ ਪਹੁੰਚਾਏ ਗਏ ਹਨ।

2017 ਵਿੱਚ ਪਨਾਹਗੀਰ ਬਿਨੈਕਾਰ: ਯੂਰੋਪੀਅਨ ਮੁਲਕਾਂ ਵਿੱਚ ਭਾਵੇਂ ਬਾਹਰਲੇ ਮੁਲਕਾਂ ਤੋਂ ਆ ਕੇ ਦਹਾਕਿਆਂ ਤੋਂ ਭਾਰਤੀ ਅਤੇ ਅਫ਼ਗਾਨ ਸਿੱਖਾਂ ਅਤੇ ਬੰਗਲਾਦੇਸ਼ੀ ਮੁਸਲਮਾਨਾਂ ਸਮੇਤ ਹਜ਼ਾਰਾਂ ਲੋਕ ਪਨਾਹਗੀਰ ਦੇ ਤੌਰ 'ਤੇ ਬੇਨਤੀ ਪੱਤਰ ਦਿੰਦੇ ਆ ਰਹੇ ਹਨ ਪਰ ਪਿਛਲੇ ਵਰ੍ਹੇ ਯੂਰੋਪ ਦੇ ਮੁੱਖ ਪੱਛਮੀ ਮੁਲਕਾਂ ਵਿੱਚ ਪੁੱਜਣ ਪਿੱਛੋਂ ਜਿਨ੍ਹਾਂ ਪਰਵਾਸੀਆਂ ਅਤੇ ਪਨਾਹਗੀਰਾਂ ਨੇ ਬੇਨਤੀ ਪੱਤਰ ਦਿੱਤੇ ਹਨ, ਉਨ੍ਹਾਂ ਦੀ ਗਿਣਤੀ ਲੱਖਾਂ ਵਿੱਚ ਹੈ। ਇਹ ਬਿਨੈਕਾਰ ਜਰਮਨੀ ਵਿਚ 222560, ਇਟਲੀ ਵਿਚ 128850, ਫਰਾਂਸ ਵਿੱਚ 99330, ਸਪੇਨ 31130, ਯੂਨਾਨ 58650, ਯੂਕੇ ਵਿੱਚ 33780 ਅਤੇ ਹੋਰ ਮੁਲਕਾਂ ਵਿੱਚ ਸਿਰਫ 2017 ਵਿੱਚ 154180 ਬਿਨੈਕਾਰ ਦਰਜ ਹਨ। ਇਨ੍ਹਾਂ ਮੁਲਕਾਂ ਵਿੱਚ 2017 ਤੋਂ ਪਹਿਲਾਂ ਵੀ ਲੱਖਾਂ ਬੇਨਤੀ ਪੱਤਰ ਸੰਯੁਕਤ ਰਾਸ਼ਟਰ ਦੀ 1951 ਵਿਚਲੀ ਮਨੁੱਖੀ ਅਧਿਕਾਰ ਕਨਵੈਨਸ਼ਨ ਅਨੁਸਾਰ ਵਿਚਾਰ ਅਧੀਨ ਹਨ। ਇਹ ਬਿਨੈਕਾਰ ਵਰ੍ਹਿਆਂ ਤੋਂ ਇਨ੍ਹਾਂ ਯੂਰੋਪੀਅਨ ਮੁਲਕਾਂ ਵਿੱਚ ਅਸੁਰੱਖਿਅਤ, ਗ਼ੈਰ ਯਕੀਨੀ, ਅਸਥਿਰ ਅਤੇ ਘ੍ਰਿਣਾ ਭਰਪੂਰ ਡੰਗ-ਟਪਾਊ ਦਿਨ-ਕਟੀ ਕਰ ਰਹੇ ਹਨ।

ਸਿਖਰ ਸੰਮੇਲਨ ਤੇ ਯੂਰੋਪੀਅਨ ਆਗੂ: 28-29 ਜੂਨ ਵਾਲੀ ਇਸ ਯੂਰੋਪੀਅਨ ਕਾਨਫ਼ਰੰਸ ਵੇਲੇ ਯੂਰੋਪੀਅਨ ਮੁਲਕਾਂ ਦੇ ਮੁਖੀਆਂ, ਨੁਮਾਇੰਦਿਆਂ ਅਤੇ ਯੂਰੋਪੀਅਨ ਯੂਨੀਅਨ ਹੈੱਡਕੁਆਟਰ ਦੇ ਬਰੱਸਲਜ਼ ਸਥਿਤ ਆਗੂ ਅਤੇ ਮੁੱਖ ਅਧਿਕਾਰੀ ਵੀ 28-29 ਦੀ ਸਾਰੀ ਰਾਤ ਜਾਗਦੇ ਰਹੇ। ਇਨ੍ਹਾਂ ਵਿੱਚ 20 14 ਤੋਂ ਚਲੇ ਆ ਰਹੇ ਯੂਰੋਪੀਅਨ ਕੌਂਸਲ ਦੇ ਪ੍ਰਧਾਨ ਡੋਨਲਡ ਟਸਕ, ਯੂਰੋਪੀਅਨ ਕਮਿਸ਼ਨ ਦੇ ਪ੍ਰਧਾਨ ਜੀਨ ਕਲਾਡ ਜੰਕਰ, ਬਰਤਾਨੀਆ ਦੇ ਯੂਰੋਪ ਤੋਂ ਬਾਹਰ ਹੋ ਰਹੇ ਬ੍ਰੈਗਜ਼ਿਟ-ਯੂਰੋਪੀਅਨ ਸਕੱਤਰੇਤ ਦੇ ਮੁਖੀ ਤੇ ਫਰਾਂਸੀਸੀ ਆਗੂ ਮਾਈਕਲ ਬਾਰਨੀਅਰ ਸਮੇਤ ਬਰਤਾਨਵੀ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ, ਜਰਮਨੀ ਦੀ ਚਾਂਸਲਰ ਏਂਜਲਾ ਮਰਕਲ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੌਨ, ਆਸਟਰੀਆ ਦੇ ਚਾਂਸਲਰ ਸਿਬਾਸ਼ੀਅਨ ਕੁਰਜ਼, ਇਟਲੀ ਦੇ ਪ੍ਰਧਾਨ ਮੰਤਰੀ ਗਿਸੀਪ ਕੌਂਤੇ, ਸਪੇਨ ਦੇ ਪ੍ਰਧਾਨ ਮੰਤਰੀ ਪੈਡਰੋ ਸ਼ੈਂਜ ਆਦਿ ਨੇ ਯੂਰੋਪੀਅਨ ਏਕਤਾ ਅਤੇ ਵਿਦੇਸ਼ੀ ਪਰਵਾਸੀਆਂ ਦੀ ਯੂਰੋਪੀਅਨ ਮੁਲਕਾਂ ਨੂੰ ਬੇਲਗਾਮ ਆਵਾਜਾਈ ਦੀ ਰੋਕ ਲਈ ਵਧ-ਚੜ੍ਹ ਕੇ ਆਪਣੇ ਫ਼ੈਸਲਾਕੁਨ ਵਿਚਾਰ ਦਿੱਤੇ।

ਇਹ ਸਾਰੇ ਆਗੂ ਅਖ਼ੀਰਲੀ ਰਾਤ ਨੂੰ ਲਗਾਤਾਰ 9 ਘੰਟੇ ਨਰਮ, ਲਾਹੇਵੰਦ ਜਾਂ ਤਲਖ਼ ਵਿਚਾਰ-ਵਟਾਂਦਰੇ ਬਾਅਦ ਭਾਵੇਂ ਸਾਂਝੇ ਅਤੇ ਸਥਾਈ ਤੌਰ 'ਤੇ ਪਰਵਾਸੀਆਂ ਦੀ ਤੁਰੰਤ ਰੋਕ ਦਾ ਫ਼ੈਸਲਾ ਜਾਂ ਉਸ ਦਾ ਐਲਾਨ ਨਹੀਂ ਕਰ ਸਕੇ ਪਰ ਇਸ ਸਾਂਝੇ ਫ਼ੈਸਲੇ ਬਾਰੇ ਦਸੰਬਰ 2018 ਵਿੱਚ ਅਗਲੇ ਸਿਖਰ ਸੰਮੇਲਨ ਹੋਣ ਦਾ ਸਾਂਝਾ ਐਲਾਨ ਜ਼ਰੂਰ ਕਰ ਦਿੱਤਾ ਹੈ। ਉਦੋਂ ਤੱਕ ਪਰਵਾਸੀ ਮਾਮਲਿਆਂ ਤੋਂ ਪੀੜਤ ਯੂਰੋਪੀਅਨ ਮੁਲਕ ਆਪਣੇ ਤੌਰ 'ਤੇ ਆ ਰਹੇ ਪਰਵਾਸੀਆਂ ਵਾਲੇ ਮੁਲਕਾਂ ਦੀਆਂ ਸਰਕਾਰ ਨਾਲ ਬਹੁਮੁਲਕੀ ਜਾਂ ਇੱਕ ਮੁਲਕ ਨਾਲ ਦੋ-ਮੁਲਕੀ ਗੱਲਬਾਤ ਕਰਨਗੇ। ਇਸੇ ਦੌਰਾਨ ਕੁੱਝ ਹੋਰ ਅਹਿਮ ਵਿਚਾਰ ਜਾਂ ਤਜਵੀਜ਼ਾਂ ਵੀ ਸਾਡੇ ਸਾਹਮਣੇ ਆਈਆਂ।

ਯੂਰੋਪੀਅਨ ਸਰਕਾਰਾਂ ਆਪੋ-ਆਪਣੇ ਮੁਲਕਾਂ ਵਿੱਚ ਵਿਸ਼ੇਸ਼ ਨਵੇਂ ਨਜ਼ਰਬੰਦੀ ਜਾਂ ਸ਼ਰਨਾਰਥੀ ਕੇਂਦਰ ਕਾਇਮ ਕਰਨ ਜਿੱਥੇ ਕਾਨੂੰਨੀ, ਗ਼ੈਰ ਕਾਨੂੰਨੀ ਪਰਵਾਸੀ ਤੇ ਪਨਾਹਗੀਰ ਦੀ ਸਰਕਾਰੀ ਨਿਸ਼ਾਨਦੇਹੀ ਕੀਤੀ ਜਾਵੇ ਅਤੇ ਗ਼ੈਰ ਕਾਨੂੰਨੀ ਸ਼ਖ਼ਸ ਨੂੰ ਉਸ ਦੇ ਮੁਲਕ ਵਾਪਸ ਭੇਜਿਆ ਜਾਵੇ। ਯੂਰੋਪੀਅਨ ਖ਼ਿੱਤੇ ਤੋਂ ਬਾਹਰ ਜਿਹੜੇ ਮੁਲਕਾਂ ਤੋਂ ਦਲਾਲਾਂ ਰਾਹੀਂ ਕਥਿਤ ਪਨਾਹਗੀਰ ਜਾਂ ਪਰਵਾਸੀ ਆਉਂਦੇ ਹਨ, ਉੱਥੇ ਵੀ ਪੜਤਾਲ ਕੇਂਦਰਾਂ ਜਾਂ ਪੁਲੀਸ ਪ੍ਰਬੰਧ ਲਈ ਮਾਲੀ ਸਹਾਇਤਾ ਦਿੱਤੀ ਜਾਵੇ। ਅਫ਼ਰੀਕੀ ਮੁਲਕਾਂ ਲਈ ਯੂਰੋਪੀਅਨ ਯੂਨੀਅਨ ਦੇ 'ਅਫ਼ਰੀਕੀ ਫ਼ੰਡ' ਵਿੱਚੋਂ ਸਾਂਝੇ ਤੌਰ 'ਤੇ 440 ਮਿਲੀਅਨ ਪੌਂਡ (4021 ਕਰੋੜ ਰੁਪਏ) ਪੀੜਤ ਅਤੇ ਗ਼ਰੀਬ ਮੁਲਕਾਂ ਨੂੰ ਦਿੱਤੇ ਜਾਣ ਤਾਂ ਜੋ ਉਹ ਅਫ਼ਰੀਕੀ ਖ਼ਿੱਤੇ ਦੇ ਪਰਵਾਸੀਆਂ ਨੂੰ ਸਮੁੰਦਰੀ ਪਾਣੀਆਂ ਅਤੇ ਕਿਸ਼ਤੀਆਂ ਰਾਹੀਂ ਯੂਰਪੀ ਖ਼ਿੱਤੇ ਵਿੱਚ ਆਉਣ ਜਾਂ ਪਹੁੰਚਾਉਣ ਤੇ ਕੰਟਰੋਲ ਕਰਨ ਦੇ ਯੋਗ ਹੋਣ।

ਯੂਰੋਪੀਅਨ ਸਰਕਾਰਾਂ ਆਪੋ-ਆਪਣੀਆਂ ਸਰਹੱਦਾਂ ਅਤੇ ਸਮੁੰਦਰੀ ਤੱਟਾਂ ਉੱਤੇ ਵਿਦੇਸ਼ੀ ਗ਼ੈਰ ਕਾਨੂੰਨੀ ਪਰਵਾਸੀਆਂ ਦੀ ਚੋਰੀ-ਛਿਪੇ ਆਮਦ ਰੋਕਣ ਲਈ ਸਖ਼ਤ ਕੰਟਰੋਲ, ਸਰਹੱਦੀ ਤਾਰ ਜਾਂ ਸਖ਼ਤ ਪੁਲੀਸ ਕੰਟਰੋਲ ਕਰਨ। ਗ਼ੈਰ ਕਾਨੂੰਨੀ ਪਰਵਾਸੀਆਂ, ਦਲਾਲਾਂ ਅਤੇ ਕਿਸ਼ਤੀ ਮਾਲਕਾਂ ਨੂੰ ਵਾਪਸ ਉਨ੍ਹਾਂ ਦੇ ਮੁਲਕ ਭੇਜਣ ਜਾਂ ਸਜ਼ਾ ਦੇਣ ਦੇ ਹੀਲੇ-ਵਸੀਲੇ ਪੈਦਾ ਕੀਤੇ ਜਾਣ। ਤੁਰਕੀ ਅਤੇ ਮੋਰੱਕੋ ਨੂੰ ਆਰਥਿਕ ਸਹਿਯੋਗ ਜਾਂ ਸਹੂਲਤਾਂ ਦਿੱਤੀਆਂ ਜਾਣ ਜਿਨ੍ਹਾਂ ਨਾਲ ਉੱਥੇ ਪਹਿਲਾਂ ਪੁੱਜੇ ਜਾਂ ਟਿਕੇ ਹੋਏ ਪਰਵਾਸੀਆਂ ਜਾਂ ਪਨਾਹਗੀਰਾਂ ਨੂੰ ਯੂਰੋਪੀਅਨ ਸੰਘ ਮੈਂਬਰ ਮੁਲਕਾਂ ਵਿੱਚ ਜਾਣ ਜਾਂ ਦਾਖਿਲ ਹੋਣ ਦੇ ਸਾਧਨਾਂ 'ਤੇ ਰੋਕ ਲੱਗ ਸਕੇ। ਯੂਰੋਪੀਅਨ ਮੁਲਕ ਆਪਣੇ ਗੁਆਂਢੀ ਮੁਲਕ ਦੀ ਸਰਕਾਰ ਨਾਲ ਦੋ-ਮੁਲਕੀ ਸਬੰਧਾਂ ਰਾਹੀਂ ਸਰਹੱਦਾਂ ਦੀ ਵਿਦੇਸ਼ੀ ਪਰਵਾਸੀਆਂ ਅਤੇ ਗ਼ੈਰ ਕਾਨੂੰਨੀ ਆਵਾਸੀਆਂ ਦੀ ਖੁੱਲ੍ਹੀ ਆਵਾਜਾਈ ਤੇ ਸਖ਼ਤੀਆਂ ਅਤੇ ਰੋਕਾਂ ਦਾ ਪ੍ਰਬੰਧ ਕਰਨ। ਯੂਰੋਪੀਅਨ ਯੂਨੀਅਨ ਦੇ ਮੈਂਬਰ ਮੁਲਕਾਂ ਦੀ ਸਾਂਝੀ ਸਰਹੱਦੀ ਪੁਲੀਸ ਸੰਸਥਾ ਫਰੌਂਟੈਕਸ ਲਈ ਹੋਰ ਆਰਥਿਕ ਸਹਿਯੋਗ ਅਤੇ ਫ਼ੰਡ ਪੈਦਾ ਕੀਤੇ ਜਾਣ ਤਾਂ ਜੋ ਉਹ ਸਾਂਝੇ ਤੌਰ 'ਤੇ ਮੱਧ ਸਾਗਰ ਨਾਲ ਲਗਦੇ ਯੂਰੋਪੀਅਨ ਮੁਲਕਾਂ ਦੇ ਕੰਢਿਆਂ 'ਤੇ ਪਹਿਰਾ, ਚੌਕਸੀ ਅਤੇ ਨਿਗਰਾਨੀ ਵਧੀਆ ਢੰਗ ਨਾਲ ਕਰ ਸਕੇ।

ਇਨ੍ਹਾਂ ਤਜਵੀਜ਼ਾਂ ਨਾਲ ਡੰਗ-ਟਪਾਊ ਗ਼ੈਰ ਕਾਨੂੰਨੀ ਪਰਵਾਸ ਤਾਂ ਵਕਤੀ ਤੌਰ 'ਤੇ ਘਟ ਸਕਦਾ ਹੈ, ਪਰ ਪਰਵਾਸੀਆਂ ਅਤੇ ਪਨਾਹਗੀਰਾਂ ਦਾ ਜੋ ਪੀੜਤ ਮਸਲਾ ਅਮਰੀਕਾ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀਆਂ ਦੇ ਪਿੱਛੇ ਲੱਗ ਕੇ ਯੂਰੋਪ ਦੇ ਬਰਤਾਨਵੀ ਅਤੇ ਹੋਰ ਆਗੂਆਂ ਨੇ ਇਰਾਕ, ਸੀਰੀਆ ਅਤੇ ਲਿਬੀਆ ਵਿੱਚ ਕੰਡੇ ਬੀਜ ਕੇ ਪੈਦਾ ਕੀਤਾ ਹੈ, ਉਹ ਹਾਲਾਂ ਗੱਲਾਂ-ਬਾਤਾਂ ਜਾਂ ਕਾਨਫ਼ਰੰਸਾਂ ਦੇ ਆਗੂਆਂ ਵੱਲੋਂ ਇੱਕੋ ਰਾਤ ਵਿੱਚ ਚੁਗਣਾ ਸੌਖੀ ਗੱਲ ਨਹੀਂ। ਜਿਨ੍ਹਾਂ ਨੇ ਇਹ ਭੱਖੜੇ ਬੀਜੇ ਹਨ, ਉਨ੍ਹਾਂ ਦੇ ਵਾਰਿਸਾਂ ਨੂੰ ਹੀ ਇਹ ਚੁਗਣੇ ਪੈ ਰਹੇ ਹਨ।

# ਔਰਤਾਂ ਦੀ ਅਸੁਰੱਖਿਆ ਬਾਰੇ ਰਿਪੋਰਟ ਨਾਲ ਜੁੜੇ ਸਵਾਲ

**ਬੂਟਾ ਸਿੰਘ**
(ਸੰਪਰਕ : 94634-74342)

ਥੌਮਸਨ ਰਾਇਟਰਜ਼ ਫਾਊਂਡੇਸ਼ਨ ਨੇ ਆਪਣੇ ਤਾਜ਼ਾ ਸਰਵੇਖਣ ਵਿਚ ਭਾਰਤ ਨੂੰ ਉਨ੍ਹਾਂ ਪੰਜ ਮੁਲਕਾਂ ਦੀ ਸੂਚੀ ਵਿਚ ਸਭ ਤੋਂ ਉੱਪਰ ਰੱਖਿਆ ਹੈ ਜਿਥੇ ਔਰਤਾਂ ਜਿਨਸੀ ਜ਼ੁਲਮਾਂ ਅਤੇ ਤਸਕਰੀ ਕਾਰਨ ਸਭ ਤੋਂ ਵੱਧ ਅਸੁਰੱਖਿਅਤ ਹਨ। ਇਸੇ ਸੰਸਥਾ ਦੇ 2011 ਵਾਲੇ ਸਰਵੇਖਣ ਅਨੁਸਾਰ ਭਾਰਤ ਦਾ ਅਫ਼ਗਾਨਿਸਤਾਨ, ਕੌਂਗੋ ਅਤੇ ਪਾਕਿਸਤਾਨ ਤੋਂ ਬਾਅਦ ਚੌਥਾ ਨੰਬਰ ਸੀ। ਅਮਰੀਕਾ ਨੂੰ ਇਸ ਸੂਚੀ ਵਿੱਚ ਦਸਵੇਂ ਨੰਬਰ 'ਤੇ ਰੱਖਿਆ ਗਿਆ ਹੈ ਜਦੋਂਕਿ 2011 ਦੀ ਰਿਪੋਰਟ ਵਿਚ ਇਹ ਪਹਿਲੇ ਦਸ ਮੁਲਕਾਂ ਵਿੱਚ ਸ਼ੁਮਾਰ ਨਹੀਂ ਸੀ। ਇਹ ਸਰਵੇਖਣ ਇਸ ਕੌੜੀ ਹਕੀਕਤ ਦੀ ਤਸਦੀਕ ਕਰਦਾ ਹੈ ਕਿ 2012 ਵਿੱਚ ਦਿੱਲੀ ਵਿੱਚ ਵਾਪਰੇ ਨਿਰਭਯ ਕਾਂਡ ਤੋਂ ਬਾਅਦ ਔਰਤਾਂ ਦੀ ਸੁਰੱਖਿਆ ਲਈ 1000 ਕਰੋੜ ਰੁਪਏ ਵਿਸ਼ੇਸ਼ ਫੰਡ ਰੱਖਣ ਅਤੇ ਸਖ਼ਤ ਕਾਨੂੰਨੀ ਪੇਸ਼ਬੰਦੀਆਂ ਦੇ ਦਾਅਵਿਆਂ ਦੇ ਬਾਵਜੂਦ ਹਾਲਾਤ ਵਿੱਚ ਕੋਈ ਸੁਧਾਰ ਨਹੀਂ ਹੋਇਆ ਸਗੋਂ ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਔਰਤਾਂ ਦੀ ਜ਼ਿੰਦਗੀ ਹੋਰ ਵੀ ਅਸੁਰੱਖਿਅਤ ਅਤੇ ਖ਼ੌਫ਼ਨਾਕ ਹੋ ਗਈ ਹੈ।

ਥੌਮਸਨ ਰਾਇਟਰਜ਼ ਫਾਊਂਡੇਸ਼ਨ ਕੈਨੇਡਾ ਦੀ ਬਹੁਕੌਮੀ ਮਾਸ ਮੀਡੀਆ ਅਤੇ ਸੂਚਨਾ ਕੰਪਨੀ ਹੈ ਜਿਸ ਨੂੰ ਖ਼ਬਰਾਂ ਅਤੇ ਸੂਚਨਾ ਦਾ ਅਹਿਮ ਆਲਮੀ ਸਰੋਤ ਮੰਨਿਆ ਜਾਂਦਾ ਹੈ। ਇਸ ਦਾ ਨੈੱਟਵਰਕ ਸੌ ਤੋਂ ਵੱਧ ਮੁਲਕਾਂ ਵਿੱਚ ਕੰਮ ਕਰ ਰਿਹਾ ਹੈ। ਫਾਊਂਡੇਸ਼ਨ ਨੇ ਸਰਵੇਖਣ ਲਈ 26 ਮਾਰਚ ਤੋਂ 4 ਮਈ 2018 ਤਕ 759 ਮਾਹਿਰਾਂ (ਸਿੱਖਿਆ ਵਿਗਿਆਨੀਆਂ, ਨੀਤੀਘਾੜਿਆਂ, ਸਿਹਤ ਸੰਭਾਲ ਪੇਸ਼ੇਵਰਾਂ, ਐੱਨ.ਜੀ.ਓ. ਕਾਰਕੁੰਨਾਂ) ਦੇ ਵਿਚਾਰ ਲਏ। ਕੁੱਲ 759 ਵਿੱਚੋਂ 548 ਨੇ ਹੀ ਇਸ ਮੁੱਦੇ ਬਾਰੇ ਆਪਣੇ ਵਿਚਾਰ/ਪ੍ਰਭਾਵ ਦਿੱਤੇ ਜਿਨ੍ਹਾਂ ਵਿੱਚੋਂ 41 ਹਿੰਦੁਸਤਾਨੀ ਸਨ। ਉਨ੍ਹਾਂ ਨੂੰ ਪੁੱਛਿਆ ਗਿਆ ਸੀ ਕਿ ਸੰਯੁਕਤ ਰਾਸ਼ਟਰ ਦੇ ਮੈਂਬਰ 193 ਮੁਲਕਾਂ ਵਿੱਚੋਂ ਪੰਜ ਕਿਹੜੇ ਮੁਲਕ ਹਨ ਜਿਨ੍ਹਾਂ ਨੂੰ ਉਹ ਔਰਤਾਂ ਦੀ ਸਿਹਤ-ਸੰਭਾਲ, ਆਰਥਿਕ ਵਸੀਲਿਆਂ, ਸੱਭਿਆਚਾਰ ਜਾਂ ਰਵਾਇਤੀ ਦਸਤੂਰ, ਜਿਨਸੀ ਹਿੰਸਾ ਤੇ ਛੇੜਛਾੜ, ਗ਼ੈਰ-ਜਿਨਸੀ ਹਿੰਸਾ ਅਤੇ ਮਨੁੱਖੀ ਤਸਕਰੀ ਵਗੈਰਾ ਦੇ ਪੱਖਾਂ ਤੋਂ ਸਭ ਤੋਂ ਖ਼ਤਰਨਾਕ ਸਮਝਦੇ ਹਨ।

ਇਸ ਰਿਪੋਰਟ ਬਾਰੇ ਭਾਰਤ ਦਾ ਪ੍ਰਤੀਕਰਮ ਉਸੇ ਤਰ੍ਹਾਂ ਦਾ ਹੈ ਜੋ ਅਕਸਰ ਦੇਖਣ ਨੂੰ ਮਿਲਦਾ ਹੈ। ਯੂਨੀਸੈੱਫ ਦੀ ਨਵ-ਜਨਮੇ ਬੱਚਿਆਂ ਦੀ ਮੌਤ ਦਰ ਰਿਪੋਰਟ, ਆਲਮੀ ਭੁੱਖਮਰੀ ਇੰਡੈਕਸ ਰਿਪੋਰਟ, ਆਲਮੀ ਲਿੰਗ ਪਾੜਾ ਇੰਡੈਕਸ, ਹਿਊਮਨ ਰਾਈਟਸ ਵਾਚ ਦੀ ਦਲਿਤਾਂ ਉੱਪਰ ਜ਼ੁਲਮਾਂ ਬਾਰੇ ਰਿਪੋਰਟ, ਜਮਹੂਰੀਅਤ ਇੰਡੈਕਸ ਰਿਪੋਰਟ, ਕਸ਼ਮੀਰ ਵਿੱਚ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਬਾਰੇ ਯੂ.ਐੱਨ ਰਿਪੋਰਟ ਆਦਿ ਹਰ ਰਿਪੋਰਟ ਵਿੱਚ ਭਾਰਤ ਦੀ ਕਾਰਗੁਜ਼ਾਰੀ ਸਵਾਲਾਂ ਦੇ ਘੇਰੇ ਵਿੱਚ ਰਹੀ ਹੈ, ਪਰ ਹੁਕਮਰਾਨਾਂ ਦਾ ਹਾਲ ਸਦਾ ਇਹ ਰਿਹਾ ਹੈ: "ਉਮਰ ਭਰ 'ਗ਼ਾਲਿਬ' ਯੇਹੀ ਭੂਲ ਕਰਤਾ ਰਹਾ, ਧੂਲ ਚਿਹਰੇ ਪੇ ਥੀ ਔਰ ਆਈਨਾ ਸਾਫ਼ ਕਰਤਾ ਰਹਾ"। ਆਲਮੀ ਰਿਪੋਰਟਾਂ ਆਉਣ 'ਤੇ ਰਾਜਕੀ ਨੁਮਾਇੰਦੇ ਰਿਪੋਰਟਾਂ ਨੂੰ 'ਇੱਜ਼ਤ ਦਾ ਸਵਾਲ' ਬਣਾ ਕੇ ਨਿਖੇਧੀ ਬਿਆਨ ਦਾਗ਼ਣੇ ਸ਼ੁਰੂ ਕਰ ਦਿੰਦੇ ਹਨ। ਕੇਂਦਰੀ ਮਹਿਲਾ ਅਤੇ ਬਾਲ ਮੰਤਰਾਲੇ ਮੁਤਾਬਿਕ ਇਹ ਸਰਵੇਖਣ ਰਿਪੋਰਟ ਸਹੀ ਨਹੀਂ। ਔਰਤਾਂ ਲਈ ਕੌਮੀ ਕਮਿਸ਼ਨ ਦੀ ਦਲੀਲ ਹੈ ਕਿ ਔਰਤਾਂ ਉੱਪਰ ਜਿਨਸੀ ਜ਼ੁਲਮਾਂ ਦੀਆਂ ਘਟਨਾਵਾਂ ਵਿੱਚ ਇਜ਼ਾਫ਼ੇ ਦਾ ਭਾਵ ਹਿੰਸਾ ਵਧਣਾ ਨਹੀਂ ਸਗੋਂ ਰਿਪੋਰਟਾਂ ਦਾ ਵਧੇਰੇ ਤਾਦਾਦ ਵਿੱਚ ਉਜਾਗਰ ਹੋਣਾ ਹੈ। ਕੁਝ ਅਕਾਦਮਿਕ ਹਲਕਿਆਂ ਵੱਲੋਂ ਵੀ ਇਸ ਸਰਵੇਖਣ ਦੀ ਪ੍ਰਮਾਣਿਕਤਾ ਉੱਪਰ ਸਵਾਲ ਉਠਾਏ ਗਏ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਮਹਿਜ਼ ਸਾਢੇ ਪੰਜ ਸੌ ਮਾਹਿਰਾਂ ਦੀਆਂ ਰਾਵਾਂ ਅਤੇ ਪ੍ਰਭਾਵਾਂ ਦੇ ਅਧਾਰ 'ਤੇ ਇਹ ਨਤੀਜਾ ਕਿਵੇਂ ਕੱਢਿਆ ਜਾ ਸਕਦਾ ਹੈ? ਉਨ੍ਹਾਂ ਦੀ ਦਲੀਲ ਹੈ ਕਿ ਹਾਸਲ ਸਰਕਾਰੀ ਅਤੇ ਗ਼ੈਰਸਰਕਾਰੀ ਅੰਕੜਿਆਂ ਨੂੰ ਹੀ ਔਰਤਾਂ ਦੀ ਦਸ਼ਾ ਨੂੰ ਸਮਝਣ ਅਤੇ ਇਸ ਤਰ੍ਹਾਂ ਦੀ ਦਰਜੇਬੰਦੀ ਕਰਨ ਦਾ ਪੈਮਾਨਾ ਬਣਾਇਆ ਜਾਣਾ ਚਾਹੀਦਾ ਹੈ।



ਨਿਸ਼ਚੇ ਹੀ ਸਵਾਲਾਂ ਦਾ ਜਵਾਬ ਦੇਣ ਵਾਲੇ ਆਪਣੇ ਪ੍ਰਭਾਵਾਂ ਦੇ ਅਧਾਰ 'ਤੇ ਟਿੱਪਣੀ ਕਰਦੇ ਹਨ ਅਤੇ ਇਹ ਪ੍ਰਭਾਵ ਰੋਜ਼ਮੱਰਾ ਜ਼ਿੰਦਗੀ ਬਾਬਤ ਦੁਨੀਆ ਭਰ ਦੇ ਮੁਲਕਾਂ ਵਿੱਚੋਂ ਆ ਰਹੀਆਂ ਰਿਪੋਰਟਾਂ ਅਤੇ ਉਨ੍ਹਾਂ ਵਿਚਲੇ ਤੱਥਾਂ ਦੇ ਅਧਿਐਨ ਤੋਂ ਹੀ ਬਣਦੇ ਹਨ। ਰਿਪੋਰਟ ਨੂੰ ਮੁੱਢੋਂ ਖਾਰਜ ਕਰਨ ਵਾਲਿਆਂ ਦੀ ਸਮੱਸਿਆ ਇਹ ਹੈ ਕਿ ਉਹ ਸੰਸਥਾ ਦੇ ਪੈਮਾਨੇ ਨੂੰ ਰਵਾਇਤੀ ਐਨਕ ਨਾਲ ਤਕਨੀਕੀ ਤੌਰ 'ਤੇ ਦੇਖਦੇ ਹਨ ਅਤੇ ਜ਼ਮੀਨੀਂ ਹਕੀਕਤ ਨੂੰ ਅੱਖੋਂ-ਪਰੋਖੇ ਕਰਨਾ ਚਾਹੁੰਦੇ ਹਨ। ਉਨ੍ਹਾਂ ਦੀ ਦਲੀਲ ਵਿੱਚ ਦਿਆਨਤਦਾਰੀ ਦੀ ਬਜਾਏ ਮੁਲਕ ਦੀ 'ਇੱਜ਼ਤ' ਦੀ ਚਿੰਤਾ ਭਾਰੂ ਹੈ ਜਦੋਂਕਿ ਅਸਲ ਸਵਾਲ ਇਹ ਹੈ ਕਿ ਜਿਨ੍ਹਾਂ ਮੁਲਕਾਂ ਨੂੰ ਔਰਤਾਂ ਲਈ ਸਭ ਤੋਂ ਅਸੁਰੱਖਿਅਤ ਦੱਸਿਆ ਗਿਆ ਹੈ ਕੀ ਉੱਥੇ ਔਰਤਾਂ ਸਰਕਾਰੀ ਦਾਅਵਿਆਂ ਅਨੁਸਾਰ ਸੱਚਮੁੱਚ ਸੁਰੱਖਿਅਤ ਹਨ?

ਸਰਵੇਖਣ ਨੇ ਸਰਕਾਰੀ ਅੰਕੜਿਆਂ ਦੇ ਹਵਾਲੇ ਨਾਲ ਵੀ ਨੋਟ ਕੀਤਾ ਹੈ ਕਿ ਕਿ 2007 ਅਤੇ 2016 ਦਰਮਿਆਨ ਔਰਤਾਂ ਖ਼ਿਲਾਫ਼ ਜੁਰਮਾਂ ਵਿੱਚ 83 ਫੀਸਦੀ ਇਜ਼ਾਫ਼ਾ ਹੋਇਆ। (ਇਹ ਕੇਵਲ ਦਰਜ ਰਿਪੋਰਟਾਂ ਦੇ ਅੰਕੜੇ ਹਨ, ਜੋ ਮਾਮਲੇ ਵੱਖ-ਵੱਖ ਕਾਰਨਾਂ ਕਰਕੇ ਦਬਾ ਦਿੱਤੇ ਜਾਂਦੇ ਹਨ ਉਹ ਵੱਖਰੇ ਹਨ।) ਹਰ ਘੰਟੇ ਵਿੱਚ ਚਾਰ ਔਰਤਾਂ ਨਾਲ ਜਬਰ-ਜਨਾਹ ਹੁੰਦਾ ਹੈ। ਕੌਮੀ ਜੁਰਮ ਰਿਕਾਰਡ ਬਿਊਰੋ ਦੇ ਅੰਕੜਿਆਂ

**ਬਾਕੀ ਸਫ਼ਾ 30 'ਤੇ**

# ਥਰੂਰ ਦਾ ਹਿੰਦੂ ਪਾਕਿਸਤਾਨ ਤੇ ਆਰਐਸਐਸ ਦਾ ਹਿੰਦੂ ਰਾਸ਼ਟਰਵਾਦ 'ਚ ਕੀ ਅੰਤਰ ਏ ?

ਪ੍ਰੋ. ਬਲਵਿੰਦਰਪਾਲ ਸਿੰਘ
ਮੋ. 9815700916

"ਜੇਕਰ ਹਿੰਦੂ ਰਾਜ ਸੱਚਮੁੱਚ ਇਕ ਅਸਲੀਅਤ ਬਣ ਜਾਂਦਾ ਹੈ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਦੇਸ਼ ਦੇ ਲਈ ਭਿਆਨਕ ਸਥਿਤੀ ਹੋਵੇਗੀ, ਕਿਉਂਕਿ ਇਹ ਅਜ਼ਾਦੀ ਬਰਾਬਰੀ ਤੇ ਭਾਈਚਾਰੇ ਲਈ ਖਤਰਾ ਹੈ। ਇਸ ਦ੍ਰਿਸ਼ਟੀ ਤੋਂ ਇਹ ਲੋਕਤੰਤਰ ਨਾਲ ਮੇਲ ਨਹੀਂ ਖਾਂਦਾ। ਹਿੰਦੂ ਰਾਜ ਨੂੰ ਹਰ ਕੀਮਤ 'ਤੇ ਰੋਕਿਆ ਜਾਣਾ ਚਾਹੀਦਾ ਹੈ। " (ਡਾਕਟਰ ਅੰਬੇਡਕਰ ਪਾਕਿਸਤਾਨ ਔਰ ਪਾਰਟੀਸ਼ਨ ਆਫ ਇੰਡੀਆ 1946 ਮੁੰਬਈ ਪੰਨਾ 358)

ਮੀਡੀਆ ਜਿਸ ਤਰ੍ਹਾਂ ਸ਼ਸ਼ੀ ਥਰੂਰ ਦੇ ਬਿਆਨ ਨੂੰ ਲੈ ਕੇ ਉਬਲ ਰਿਹਾ ਹੈ, ਉਹ ਹੈਰਾਨ ਕਰਨ ਵਾਲਾ ਮਾਮਲਾ ਹੈ। ਭਾਰਤ ਵਿਚ ਹਿੰਦੂ ਪਾਕਿਸਤਾਨ ਬਣਨ ਦੇ ਖਤਰੇ ਨੂੰ ਲੈ ਕੇ ਬੀਤੇ ਕੁਝ ਸਾਲਾਂ ਤੋਂ ਸੈਂਕੜੇ ਲੋਕਾਂ ਨੇ ਹਿੰਸਕ, ਭਿਅੰਕਰ ਦ੍ਰਿਸ਼ ਦੇਖੇ ਹਨ ਤੇ ਹਿੰਦੂ ਰਾਸ਼ਟਰਵਾਦੀਆਂ ਦੇ ਫਾਸ਼ੀਵਾਦੀ ਬਿਆਨ ਵੀ ਮੀਡੀਆ ਵਿਚ ਪੜ੍ਹੇ, ਸੁਣੇ ਤੇ ਦੇਖੇ ਹਨ। ਥਰੂਰ ਨੇ ਕੋਈ ਨਵੀਂ ਗੱਲ ਨਹੀਂ ਕੀਤੀ। ਹਿੰਦੂ ਪਾਕਿਸਤਾਨ ਦਾ ਮਤਲਬ ਬਸ ਏਨਾ ਹੈ ਕਿ ਜਿਸ ਤਰ੍ਹਾਂ ਪਾਕਿਸਤਾਨ ਵਿਚ ਇਸਲਾਮ ਦੇ ਨਾਮ 'ਤੇ ਘੱਟ ਗਿਣਤੀਆਂ, ਤਰਕਵਾਦੀਆਂ, ਮਨੁੱਖੀ ਅਧਿਕਾਰ ਸੰਗਠਨਾਂ ਦੇ ਆਗੂਆਂ ਆਦਿ ਨੂੰ ਦੇਸ਼ਧ੍ਰੋਹੀ ਦੱਸ ਕੇ ਕੁਚਲਿਆ ਜਾ ਰਿਹਾ ਹੈ, ਇਸੇ ਤਰ੍ਹਾਂ ਹੀ ਭਾਰਤ ਵਿਚ ਹਿੰਦੁਤਵ ਦੇ ਨਾਮ 'ਤੇ ਸਭ ਵਾਪਰ ਰਿਹਾ ਹੈ। ਕੀ ਤੁਸੀਂ ਸਮਝਦੇ ਹੋ ਕਿ ਅਜਿਹਾ ਨਹੀਂ ਹੋ ਰਿਹਾ? ਗਊ ਹੱਤਿਆ ਜਾਂ ਕੋਈ ਹੋਰ ਦੋਸ਼ ਲਗਾ ਕੇ ਮੁਸਲਮਾਨਾਂ ਨੂੰ ਕੁੱਟ ਕੁੱਟ ਮਾਰ ਦਿੱਤਾ ਜਾਂਦਾ ਹੈ। ਜੇਕਰ ਪੀੜਤ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੀ ਲਾਸ਼ 'ਤੇ ਤਿਰੰਗਾ ਚੜ੍ਹਾਇਆ ਜਾਂਦਾ ਹੈ, ਕਿਸੇ ਕੇਂਦਰੀ ਮੰਤਰੀ ਦਾ ਹੱਤਿਆ ਦੇ ਦੋਸ਼ੀਆਂ ਨੂੰ ਮਾਲਾ ਪਾ ਕੇ ਸੁਆਗਤ ਕਰਨਾ ਤੇ ਕਿਸੇ ਮੰਤਰੀ ਦਾ ਆਏ ਦਿਨ ਮੁਸਲਮਾਨਾਂ ਨੂੰ ਪਾਕਿਸਤਾਨ ਭੇਜਣ ਦੀ ਧਮਕੀ ਦੇਣਾ ਤੇ ਇਸ ਬਾਰੇ ਪ੍ਰਧਾਨ ਮੰਤਰੀ ਮੋਦੀ ਦਾ ਚੁੱਪ ਰਹਿਣਾ ਸਾਫ਼ ਦਰਸਾ ਰਿਹਾ ਹੈ ਕਿ ਭਾਰਤ ਦੇ ਮਨੂਵਾਦੀਆਂ ਤੇ ਪਾਕਿਸਤਾਨ ਦੇ ਫਿਰਕੂ ਮੌਲਾਨਾਵਾਦੀਆਂ ਵਿਚ ਕੋਈ ਅੰਤਰ ਨਹੀਂ ਰਿਹਾ।

ਪਹਿਲੀ ਵਾਰ ਭਾਜਪਾ ਦਾ ਆਪਣੀ ਸਮਰੱਥਾ ਅਨੁਸਾਰ ਕੇਂਦਰ ਵਿਚ ਬਹੁਮਤ ਪ੍ਰਾਪਤ ਕਰਨਾ ਤੇ ਜੇਐਨਯੂ ਵਰਗੇ ਵਿਸ਼ਵ ਪ੍ਰਸਿੱਧ ਯੂਨੀਵਰਸਿਟੀ ਨੂੰ ਦੇਸ਼ਧ੍ਰੋਹੀ ਦੱਸਣਾ ਜਾਂ ਮੁਸਲਮਾਨਾਂ ਦੇ ਖਿਲਾਫ਼ ਚਲਾਈ ਜਾ ਰਹੀ ਨਫ਼ਰਤ ਭਰਪੂਰ ਮੁਹਿੰਮ ਦੇ ਵਿਚਾਲੇ ਸਿੱਧਾ ਰਿਸ਼ਤਾ ਹੈ। ਕਾਰਪੋਰੇਟ ਜਗਤ ਵਲੋਂ ਚਲਾਏ ਜਾ ਰਹੇ ਮੀਡੀਆ ਦਾ ਨਫ਼ਰਤ ਭਰਪੂਰ ਮੁਹਿੰਮ ਵਿਚ ਸ਼ਾਮਲ ਹੋਣਾ ਡੂੰਘੀ ਸਾਜ਼ਿਸ਼ ਦਾ ਹਿੱਸਾ ਹੈ, ਜੋ ਭਾਰਤ ਵਿਚ ਨਫ਼ਰਤ ਤੇ ਹਿੰਸਾ ਨੂੰ ਉਤਸ਼ਾਹਿਤ ਕਰ ਰਹੀ ਹੈ। ਇਹ ਸਮੁੱਚੀ ਮੁਹਿੰਮ ਨੂੰ ਧਾਰਮਿਕ ਨਹੀਂ, ਸਿਆਸਤ ਦੀ ਸਾਜ਼ਿਸ਼ੀ ਕਾਢ ਕਿਹਾ ਜਾ ਸਕਦਾ ਹੈ। ਇਸ ਵਿਚੋਂ ਆਰ ਐਸ ਐਸ ਦੀਆਂ ਰਣਨੀਤੀਆਂ ਦੀ ਝਲਕ ਦਿਖਾਈ ਦੇ ਰਹੀ ਹੈ। ਆਰਐਸਐਸ ਦੇ ਸਰਸੰਘਚਾਲਕ ਰਹੇ ਗੁਰੂ ਗੋਲਵਲਕਰ ਦੀ ਵਿਚਾਰਧਾਰਾ ਇਸ ਦਾ ਸਬੂਤ ਹੈ।

ਗੁਰੂ ਗੋਲਵਾਲਕਰ ਜੋ ਸੰਘ ਦੇ ਦਾਰਸ਼ਨਿਕ ਹਨ, ਨੇ ਵੀ ਮੁੰਜੇ ਤੇ ਸਾਵਰਕਰ ਦੀ ਤਰ੍ਹਾਂ ਇਟਲੀ ਤੇ ਜਰਮਨੀ ਨੂੰ ਆਪਣਾ ਆਦਰਸ਼ ਮੰਨਿਆ ਹੈ। ਭਾਰਤ ਵਿਚ ਉਸ ਦੀ ਨਸਲੀ ਚੇਤਨਾ ਦੇ ਆਦਰਸ਼ ਮੋਸੋਲਿਨੀ ਤੇ ਹਿਟਲਰ ਹੀ ਹਨ। ਹਿਟਲਰ ਨੇ ਯਹੂਦੀਆਂ ਦਾ ਕਤਲੇਆਮ ਕਰਵਾਇਆ ਸੀ ਜੋ ਮਨੁੱਖਤਾ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਅਪਰਾਧ ਸੀ। ਪਰ ਗੁਰੂ ਗੋਲਵਾਲਕਰ ਹਿਟਲਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਚੱਲਣ ਦੀ ਗੱਲ ਕਰਦਾ ਹੈ। ਗੋਲਵਲਕਰ ਨੇ ਆਪਣੀ ਪੁਸਤਕ 'ਵੀ ਆਰ ਨੇਸ਼ਨ ਹੁੱਡ ਡਿਫਾਈਨਡ' ਤੇ ਬਾਅਦ ਵਿਚ ਪ੍ਰਕਾਸ਼ਿਤ 'ਬੰਚ ਆਫ ਥਾਟਸ' ਵਿਚ ਜਰਮਨੀ ਵਿਚ ਨਾਤਸਕੀਆਂ ਦੁਆਰਾ ਕੀਤੀ ਗਈ ਯਹੂਦੀਆਂ ਦੀ ਨਸਲਕੁਸ਼ੀ ਤੇ ਇਟਲੀ ਦੇ ਫਾਸ਼ੀਵਾਦ ਦਾ ਭਰਪੂਰ ਸਮਰੱਥਨ ਕੀਤਾ। ਉਹ ਲਿਖਦਾ ਹੈ, 'ਆਪਣੀ ਜਾਤੀ ਤੇ ਸੰਸਕ੍ਰਿਤੀ ਦੀ ਸ਼ੁੱਧਤਾ ਬਣਾਈ ਰੱਖਣ ਲਈ ਜਰਮਨੀ ਨੇ ਦੇਸ਼ ਤੋਂ ਸਾਮੀ ਜਾਤੀਆਂ ਯਹੂਦੀਆਂ ਦਾ ਸਫਾਇਆ ਕਰਕੇ ਵਿਸ਼ਵ ਨੂੰ ਹੈਰਾਨ ਕਰ ਦਿੱਤਾ।' ਜਾਤੀ ਦਾ ਮਾਨ ਇੱਥੇ ਸਰਵਉੱਚ ਰੂਪ ਵਿਚ ਪ੍ਰਗਟ ਹੋਇਆ ਹੈ। ਜਰਮਨੀ ਨੇ ਇਹ ਵੀ ਦੱਸ ਦਿੱਤਾ ਕਿ ਸਾਰੀਆਂ ਇਛਾਵਾਂ ਦੇ ਬਾਵਜੂਦ ਜਿਨ੍ਹਾਂ ਜਾਤੀਆਂ ਤੇ ਸੰਸਕ੍ਰਿਤੀਆਂ ਵਿਚਾਲੇ ਵਿਚਾਰਧਾਰਕ ਤੇ ਸਿਧਾਂਤਕ ਫਰਕ ਹੋਵੇ, ਉਨ੍ਹਾਂ ਨੂੰ ਇਕ ਰੂਪ ਵਿਚ ਕਦੇ ਨਹੀਂ ਮਿਲਾਇਆ ਜਾ ਸਕਦਾ। ਹਿੰਦੁਸਤਾਨ ਵਿਚ ਸਾਡੇ ਲੋਕਾਂ ਦੇ ਲਾਭ ਲਈ ਅੱਛਾ ਸਬਕ ਹੈ।

('ਬੰਚ ਆਫ ਥਾਟਸ' ਪੰਨਾ-35)

ਹਿਟਲਰ ਦੀ ਇਸ ਸੋਚ ਨੂੰ ਗੋਲਵਲਕਰ ਭਾਰਤ ਵਿਚ ਇੰਝ ਲਾਗੂ ਕਰਨ ਦੀ ਸੋਚਦੇ ਹਨ : ਜਾਤੀ ਤੇ ਸੰਸਕ੍ਰਿਤੀ ਦੀ ਪ੍ਰਸ਼ੰਸ਼ਾ ਤੋਂ ਇਲਾਵਾ ਮਨ ਵਿਚ ਕੋਈ ਹੋਰ ਵਿਚਾਰ ਨਹੀਂ ਲਿਆਉਣਾ ਚਾਹੀਦਾ। ਅਰਥਾਤ ਸਭ ਨੂੰ ਹਿੰਦੂ ਰਾਸ਼ਟਰ ਵਿਚ ਸਮਾ ਜਾਣਾ ਚਾਹੀਦਾ ਹੈ ਤੇ ਹਿੰਦੂ ਜਾਤੀ ਵਿਚ ਮਿਲ ਕੇ ਆਪਣੀ ਸੁਤੰਤਰ ਹੋਂਦ ਨੂੰ ਗੁਆ ਦੇਣਾ ਚਾਹੀਦਾ ਜਾਂ ਇਸ ਦੇਸ਼ ਵਿਚ ਪੂਰੀ ਤਰ੍ਹਾਂ ਹਿੰਦੂ ਰਾਸ਼ਟਰ ਦੀ ਗੁਲਾਮੀ ਕਰਦੇ ਹੋਏ ਬਿਨਾਂ ਕੋਈ ਮੰਗ ਕੀਤੇ, ਬਿਨਾਂ ਕਿਸੇ ਪ੍ਰਕਾਰ ਦਾ ਵਿਸ਼ੇਸ਼ ਅਧਿਕਾਰ ਮੰਗੇ, ਵਿਸ਼ੇਸ਼ ਵਿਹਾਰ ਦੀ ਇੱਛਾ ਕਰਨ ਦੀ ਆਸ ਹੀ ਨਹੀਂ ਕਰਨੀ ਚਾਹੀਦੀ। ਇੱਥੋਂ ਤੱਕ ਬਿਨਾਂ ਨਾਗਰਿਕ ਅਧਿਕਾਰ ਦੇ ਰਹਿਣਾ ਹੋਵੇਗਾ...ਅਸੀਂ ਇਕ ਪ੍ਰਾਚੀਨ ਰਾਸ਼ਟਰ ਹਾਂ। ਸਾਨੂੰ ਉਨ੍ਹਾਂ ਵਿਦੇਸ਼ੀ ਨਸਲਾਂ ਜੋ ਸਾਡੇ ਦੇਸ਼ ਵਿਚ ਰਹਿ ਰਹੀਆਂ ਹਨ, ਨਾਲ ਇਸ ਤਰ੍ਹਾਂ ਨਿਪਟਣਾ ਚਾਹੀਦਾ ਹੈ, ਜਿਵੇਂ ਕਿ ਪ੍ਰਾਚੀਨ ਰਾਸ਼ਟਰ ਵਿਦੇਸ਼ੀ ਨਸਲਾਂ ਨਾਲ ਨਿਪਟਿਆ ਕਰਦੇ ਸਨ। (ਗੋਲਵਲਕਰ ਵੀ ਆਰ ਆਵਰ ਨੈਸ਼ਨਹੁੱਡ ਡਿਫਾਈਨਡ ਪੰਨਾ-47, 48) ਗੱਲ ਬਿਲਕੁਲ ਸਾਫ ਹੈ ਕਿ ਮੁਸਲਮਾਨਾਂ ਤੇ ਇਸਾਈਆਂ ਦੇ ਪ੍ਰਤੀ ਸੰਘ ਦਾ ਵਿਚਾਰ ਉਹੀ ਹੈ, ਜੋ ਯਹੂਦੀਆਂ ਦੇ ਪ੍ਰਤੀ ਹਿਟਲਰ ਦੇ ਸਨ।

ਭਾਰਤ ਵਿਚ 1933 ਵਿਚ ਖੁਫੀਆ ਵਿਭਾਗ ਨੇ ਇਕ ਰਿਪੋਰਟ ਪ੍ਰਕਾਸ਼ਿਤ ਕੀਤੀ ਜਿਸ ਵਿਚ ਕਿਹਾ ਗਿਆ ਭਾਰਤ ਵਿਚ ਆਰਐਸਐਸ ਉਹੀ ਵਿਚਾਰਧਾਰਾ ਲਿਆਉਣਾ ਚਾਹੁੰਦੀ ਹੈ ਜੋ ਇਟਲੀ ਵਿਚ ਫਾਸ਼ੀਵਾਦ ਤੇ ਜਰਮਨੀ ਵਿਚ ਨਾਜ਼ੀਵਾਦ ਹੈ। (ਐਨਏਆਈ, ਹੋਮ ਪੋਲ ਡਿਪਾਟਮੈਂਟ 88/33, 1933)।



ਥਰੂਰ ਦੀ ਭਵਿੱਖਬਾਣੀ ਵਿਚ ਇਕ ਡਰੇ ਹੋਏ ਕਾਂਗਰਸੀ ਦਾ ਡਰ ਬੋਲ ਰਿਹਾ ਹੈ, ਜੋ ਵਿਚਾਰਧਾਰਕ ਮੋਰਚੇ 'ਤੇ ਬੇਹੱਦ ਕਮਜ਼ੋਰ ਹੈ ਤੇ ਹਿੰਦੁਤਵ ਦੇ ਹਮਲੇ ਦੇ ਸਾਹਮਣੇ ਨਰਮ ਹਿੰਦੁਤਵ ਦੀ ਢਾਲ ਹੇਠਾਂ ਛੁਪ ਕੇ ਬਚਣਾ ਚਾਹੁੰਦਾ ਹੈ। ਜਦਕਿ ਉਸ ਦੇ ਕੋਲ ਅਜ਼ਾਦੀ ਅੰਦੋਲਨ ਦੇ ਇਤਿਹਾਸ ਤੇ ਸੰਵਿਧਾਨ ਦੀ ਵਿਚਾਰਧਾਰਾ ਨਾਲ ਜੁੜ ਕੇ ਵਿਚਾਰਧਾਰਕ ਹਮਲਾ ਵਿੱਢਣ ਦੀ ਲੋੜ ਹੈ। ਕੀ ਅਸੀਂ ਗਦਰੀ ਬਾਬਿਆਂ, ਜ਼ਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ, ਚੰਦਰਸ਼ੇਖਰ, ਭਗਤ ਸਿੰਘ ਤੇ ਗਾਂਧੀ ਦੀ ਨਾ-ਫੁਰਮਾਨੀ ਲਹਿਰ ਨੂੰ ਨਹੀਂ ਜਾਣਦੇ? ਕਾਂਗਰਸ ਨੇ ਜਿਸ ਤਰ੍ਹਾਂ ਥਰੂਰ ਦੇ ਬਿਆਨ ਤੋਂ ਪੱਲਾ ਝਾੜਿਆ ਹੈ, ਉਸ 'ਤੇ ਗੌਰ ਕਰਨਾ ਬਣਦਾ ਹੈ। ਹਿੰਦੂ ਪਾਕਿਸਤਾਨ ਉਹੀ ਰਾਸ਼ਟਰ ਹੈ, ਜਿਸ ਦਾ ਸੰਕਲਪ ਰੋਜ਼ ਸਵੇਰੇ ਆਰ ਐਸ ਐਸ ਦੀਆਂ ਸ਼ਾਖਾਵਾਂ ਵਿਚ ਲਿਆ ਜਾਂਦਾ ਹੈ, ਜਿਸ ਦੀ ਭਾਸ਼ਾ ਭਗਵੇਂ ਰਾਸ਼ਟਰਵਾਦੀ ਸ਼ਰੇਆਮ ਬੋਲਦੇ ਹਨ। ਇਹ ਫਾਸ਼ੀਵਾਦੀ ਵਿਚਾਰਧਾਰਾ ਵਾਲੇ ਲੋਕ ਹਿੰਦੂ ਰਾਸ਼ਟਰਵਾਦ ਦੇ ਨਾਮ 'ਤੇ ਭਾਰਤ ਦੀ ਜਮਹੂਰੀਅਤ ਨੂੰ ਫਾਂਸੀ 'ਤੇ ਚੜ੍ਹਾਉਣਾ ਚਾਹੁੰਦੇ ਹਨ।

ਭਾਰਤ ਦੇ ਸੰਵਿਧਾਨ ਨਿਰਮਾਤਾ ਡਾਕਟਰ ਅੰਬੇਡਕਰ ਨੇ ਇਸੇ ਲਈ ਕਿਹਾ ਸੀ ਕਿ ਹਿੰਦੂ ਰਾਸ਼ਟਰਵਾਦ ਲੋਕਤੰਤਰ ਨਾਲ ਮੇਲ ਨਹੀਂ ਖਾਂਦਾ ਤੇ ਇਹ ਹਰ ਕੀਮਤ 'ਤੇ ਰੋਕਿਆ ਜਾਣਾ ਚਾਹੀਦਾ ਹੈ। ਭਾਰਤ ਦੇ ਕੋਲ ਇਸ ਮੁਸੀਬਤ ਨਾਲ ਜੂਝਣ ਤੋਂ ਇਲਾਵਾ ਕੋਈ ਰਸਤਾ ਨਹੀਂ ਹੈ। ਭਾਰਤ ਦੇ ਲੋਕਾਂ ਨੇ 1947 ਦਾ ਦੁਖਾਂਤ ਭੋਗਿਆ ਹੈ। ਇਸ ਦਾ ਸੇਕ ਖਾਸ ਕਰਕੇ ਪੰਜਾਬ ਨੂੰ ਲੱਗਾ ਹੈ ਤੇ ਕੋਈ ਨਹੀਂ ਚਾਹੁੰਦਾ ਕਿ ਫਿਰਕਾਪ੍ਰਸਤੀ ਦੇ ਨਾਮ 'ਤੇ ਹਿੰਸਾ ਹੋਵੇ। ਇਨ੍ਹਾਂ ਦਿਨਾਂ ਦੌਰਾਨ ਫੇਕ ਨਿਊਜ਼ ਭਾਰਤੀ ਭਾਈਚਾਰੇ ਨੂੰ ਖਾਸਾ ਨੁਕਸਾਨ ਪਹੁੰਚਾ ਰਹੇ ਹਨ।

ਜੋ ਲੋਕ ਨਫ਼ਰਤ ਤੇ ਫਿਰਕਾਪ੍ਰਸਤੀ ਦੀ ਖੇਡ ਖੇਡ ਰਹੇ ਹਨ, ਉਹ ਜਾਣਦੇ ਹਨ ਕਿ ਸੱਤਾਧਾਰੀ ਉਨ੍ਹਾਂ ਦੇ ਨਾਲ ਹਨ। ਮਹੇਸ਼ ਸ਼ਰਮਾ ਵਰਗੇ ਕੁਝ ਕੇਂਦਰੀ ਮੰਤਰੀਆਂ ਨੇ ਦਾਦਰੀ ਕਾਂਡ ਦੇ ਇਕ ਦੋਸ਼ੀ ਦੇ ਅੰਤਮ ਸਸਕਾਰ ਵਿਚ ਹਿੱਸਾ ਲਿਆ। ਅਜੇ ਹੁਣੇ ਜਿਹੇ ਕੇਂਦਰੀ ਮੰਤਰੀ ਜਿਅੰਤ ਸਿਨਹਾ ਨੇ ਉਨ੍ਹਾਂ ਲੋਕਾਂ ਦਾ ਫੁੱਲਾਂ ਦੇ ਨਾਲ ਸੁਆਗਤ ਕੀਤਾ ਜਿਨ੍ਹਾਂ ਨੇ ਇਲਾਮੋਦੀਨ ਨੂੰ ਕੁੱਟ ਕੁੱਟ ਕੇ ਮਾਰਨ ਦੇ ਦੋਸ਼ ਵਿਚ ਸਜ਼ਾ ਮਿਲਣ ਦੇ ਬਾਅਦ, ਹਾਈਕੋਰਟ ਦੁਆਰਾ ਜ਼ਮਾਨਤ ਦੇ ਦਿੱਤੀ ਗਈ। ਹੁਣ ਤਾਂ ਹਾਲਾਤ ਇਥੋਂ ਤੱਕ ਪਹੁੰਚ ਗਏ ਹਨ ਕਿ ਬਲਾਤਕਾਰਾਂ ਦੀਆਂ ਘਟਨਾਵਾਂ ਨੂੰ ਫਿਰਕੂ ਰੰਗ ਦਿੱਤਾ ਜਾ ਰਿਹਾ ਹੈ। ਇਹ ਕਿੰਨੀ ਸ਼ਰਮਨਾਕ ਗੱਲ ਹੈ ਕਿ ਕਠੂਆ ਬਲਾਤਕਾਰ ਕਾਂਡ ਵਿਚ ਹੋਈਆਂ ਗ੍ਰਿਫ਼ਤਾਰੀਆਂ ਵਿਚ ਵਿਸ਼ਵ ਹਿੰਦੂ ਏਕਤਾ ਮੰਚ ਦੁਆਰਾ ਕੀਤਾ ਗਿਆ ਵਿਰੋਧ ਪ੍ਰਦਰਸ਼ਨ ਵਿਚ ਜੰਮੂ-ਕਸ਼ਮੀਰ ਸਰਕਾਰ ਦੇ ਤੱਤਕਾਲੀਨ ਮੰਤਰੀਆਂ, ਚੌਧਰੀ ਲਾਲ ਸਿੰਘ ਤੇ ਚੰਦ ਪ੍ਰਕਾਸ਼ ਨੇ ਭਾਗ ਲਿਆ ਸੀ। ਹੁਣ ਮੱਧ ਪ੍ਰਦੇਸ਼ ਦੇ ਮੰਦਸੌਰ ਵਿਚ ਹੋਈ ਸਮੂਹਿਕ ਬਲਾਤਕਾਰ ਦੀ ਘਟਨਾ ਦਾ ਇਸਤੇਮਾਲ ਮੁਸਲਮਾਨ ਭਾਈਚਾਰੇ ਨੂੰ ਬਦਨਾਮ ਕਰਨ ਦੇ ਲਈ ਕੀਤਾ ਜਾ ਰਿਹਾ ਹੈ। ਅਜਿਹਾ ਇਸ ਲਈ ਕਿ ਦੋਨੋਂ ਦੋਸ਼ੀ ਮੁਸਲਮਾਨ ਹਨ। ਕਈ ਮੁਸਲਮਾਨ ਜੱਥੇਬੰਦੀਆਂ ਦੇ ਆਗੂਆਂ ਨੇ ਜਨਤਕ ਤੌਰ 'ਤੇ ਇਹ ਮੰਗ ਕੀਤੀ ਕਿ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦੇਣੀ ਚਾਹੀਦੀ ਹੈ। ਕਾਂਗਰਸ ਸਾਂਸਦ ਜਯੋਤ੍ਰਿਪਾਰਾਦਿਤਯ ਸਿੰਧੀਆ ਨੇ ਵੀ ਇਕ ਮੋਮਬੱਤੀ ਦੇ ਜਲੂਸ ਦੀ ਅਗਵਾਈ ਕਰਦੇ ਹੋਏ ਇਹ ਮੰਗ ਚੁੱਕੀ ਸੀ ਕਿ ਯੌਨ ਹਿੰਸਾ ਦੇ ਦੋਸ਼ੀ ਵਿਅਕਤੀਆਂ ਨੂੰ ਫਾਹੇ ਲਗਾਉਣਾ ਚਾਹੀਦਾ ਹੈ। ਸ਼ੋਸ਼ਲ ਮੀਡੀਆ ਵਿਚ ਇਸ ਪ੍ਰਦਰਸ਼ਨ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ, ਜਿਵੇਂ ਸਿੰਧੀਆ ਦੋਸ਼ੀਆਂ ਦੀ ਰਿਹਾਈ ਦੀ ਮੰਗ ਕਰ ਰਹੇ ਸਨ। ਇਸ ਜਲੂਸ ਦੇ ਤਸਵੀਰਾਂ ਨਾਲ ਛੇੜਛਾੜ ਕਰਕੇ ਮੁਸਲਮਾਨਾਂ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਗਿਆ। ਸ਼ੋਸ਼ਲ ਮੀਡੀਏ 'ਤੇ ਇਹ ਪ੍ਰਚਾਰਿਆ ਕਿ ਮੁਸਲਮਾਨਾਂ ਨੇ ਮੰਦਸੌਰ ਵਿਚ ਇਕ ਜਲੂਸ ਕੱਢ ਕੇ ਇਹ ਮੰਗ ਕੀਤੀ ਕਿ ਦੋਸ਼ੀਆਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਮੰਦਸੌਰ ਵਿਚ ਜੋ ਜਲੂਸ ਕੱਢਿਆ ਗਿਆ ਸੀ, ਉਸ ਵਿਚ ਪ੍ਰਦਰਸ਼ਨਕਾਰੀ ਤਖਤੀਆਂ ਲੈ ਕੇ ਚੱਲ ਰਹੇ ਸਨ। ਤਖਤੀਆਂ 'ਤੇ ਲਿਖਿਆ ਸੀ ਕਿ 'ਅਸੀਂ ਆਪਣੀਆਂ ਬੱਚੀਆਂ 'ਤੇ ਇਸ ਤਰ੍ਹਾਂ ਦੇ ਹਮਲੇ ਸਹਿਣ ਨਹੀਂ ਕਰਾਂਗੇ'। ਇਕ ਟਵੀਟ ਵਿਚ ਕਿਹਾ ਗਿਆ ਕਿ ਐਨਸੀਆਰਬੀ ਦੀ ਇਕ ਰਿਪੋਰਟ ਅਨੁਸਾਰ ਭਾਰਤ ਔਰਤਾਂ ਦੇ ਲਈ ਸਭ ਤੋਂ ਅਸੁਰੱਖਿਅਤ ਦੇਸ਼ ਹੈ। ਭਾਰਤ ਵਿਚ ਬਲਾਤਕਾਰ ਦੇ 95% ਮਾਮਲਿਆਂ ਵਿਚ ਦੋਸ਼ੀ ਮੁਸਲਮਾਨ ਹਨ। ਦੇਸ਼ ਵਿਚ ਕੁਲ ਬਲਾਤਕਾਰ ਦੀਆਂ 84734 ਘਟਨਾਵਾਂ ਵਿਚੋਂ 81 ਹਜ਼ਾਰ ਦੋਸ਼ੀ ਮੁਸਲਮਾਨ ਹਨ ਤੇ 96% ਪੀੜਤ ਗ਼ੈਰ ਮੁਸਲਮਾਨ ਹਨ। ਮੁਸਲਮਾਨਾਂ ਦੀ ਅਬਾਦੀ ਵਿਚ ਵਾਧੇ ਨਾਲ ਬਲਾਤਕਾਰ ਵਧਣਗੇ। ਇਹ ਟਵੀਟ ਝੂਠਾ ਤੇ ਦੂਸਰੇ ਭਾਈਚਾਰੇ ਖਿਲਾਫ਼ ਨਫ਼ਰਤ ਫੈਲਾਉਣ ਵਾਲਾ ਹੈ। ਐਨਸੀਆਰਬੀ ਦੀਆਂ ਰਿਪੋਰਟਾਂ ਵਿਚ ਦੋਸ਼ੀਆਂ ਦੇ ਧਰਮ ਦਾ ਵੇਰਵਾ ਨਹੀਂ ਹੁੰਦਾ। ਇਹੋ ਜਿਹੇ ਟਵੀਟ ਫਿਰਕੂ ਹਿੰਸਾ ਫੈਲਾਉਣ ਲਈ ਕੀਤਾ ਜਾਂਦੇ ਹਨ। ਇਸ ਲਈ ਜ਼ਰੂਰੀ ਹੈ ਕਿ ਅਸੀਂ ਅਮਨ, ਸ਼ਾਂਤੀ, ਭਾਈਚਾਰੇ ਨੂੰ ਜਿਉਂਦਾ ਰੱਖੀਏ, ਜੋ ਸਾਡੀ ਅਜ਼ਾਦੀ ਸੰਗਰਾਮ ਦਾ ਪ੍ਰਮੁੱਖ ਅੰਗ ਰਹੇ ਹਨ।

ਪਰ ਇਸ ਦਾ ਹੱਲ ਥਰੂਰ ਟਾਇਪ ਭਵਿੱਖਬਾਣੀ ਨਾਲ ਨਹੀਂ ਸਰੇਗਾ। ਇਹ ਕਿਸੇ ਇਕ ਚੋਣ ਜਿੱਤਣ ਜਾ ਹਾਰਨ ਦਾ ਮਸਲਾ ਨਹੀਂ। ਇਹ ਤਾਂ 1947 ਵਾਲੀ ਦੇਸ਼ ਵੰਡ ਦੌਰਾਨ ਹੋਏ ਫਿਰਕੂ ਦੰਗਿਆਂ ਵਾਲੇ ਨਫ਼ਰਤ ਭਰਪੂਰ ਵਾਤਾਵਰਣ ਤੋਂ ਭਾਰਤ ਨੂੰ ਤੇ ਭਾਰਤ ਦੇ ਲੋਕਾਂ ਨੂੰ ਬਚਾਉਣ ਦਾ ਹੈ। ਅਜਿਹਾ ਤਾਂ ਸੰਭਵ ਹੈ ਜੇਕਰ ਘੱਟ ਗਿਣਤੀਆਂ, ਬਹੁਜਨ ਸਮਾਜ ਤੇ ਜਮਹੂਰੀ ਢੰਗ ਨਾਲ ਸੋਚਣ ਵਾਲੇ ਲੋਕ, ਬੁੱਧੀਜੀਵੀ, ਨਿਰਪੱਖ ਹਿੰਦੂ ਭਾਈਚਾਰਾ ਇਕੱਠਾ ਹੋ ਕੇ ਇਕ ਮੋਰਚਾ ਵਿੱਢੇ। ਨਾਅਰਾ ਇਹ ਹੋਵੇ 'ਅਮਨ, ਸ਼ਾਂਤੀ, ਇਨਸਾਫ਼ ਤੇ ਸਰਬੱਤ ਦਾ ਭਲਾ' ਤੇ 'ਸੰਵਿਧਾਨ ਬਚਾਓ, ਦੇਸ਼ ਬਚਾਓ'। ਜੇਕਰ ਅਸੀਂ ਅਜਿਹਾ ਨਹੀਂ ਕਰਦੇ ਤਾਂ ਭਾਰਤ ਵਿਚ ਜਮਹੂਰੀਅਤ ਨਹੀਂ ਬਚਾਈ ਜਾ ਸਕੇਗੀ।

---

## ਗੁਰੂ ਅਮਰਦਾਸ ਜੀ ( ਕਵਿਤਾ )

**ਅਰਸ਼ਪ੍ਰੀਤ ਸਿੰਘ ਮਧਰੇ**

ਬੀਬੀ ਅਮਰੋ ਜੀ ਬਾਣੀ ਨੇ ਪਏ ਗਾਉਂਦੇ,
ਬੜੇ ਬੋਲ ਮਿੱਠੇ ਕੰਨੀਂ ਅੱਜ ਪੈਣ ਲੱਗੇ।
ਕਿੱਥੋਂ ਸਿੱਖੀ ਹੈ ਧੀਏ ਤੂੰ ਇਹ ਬਾਣੀ ,
ਬਾਬਾ ਅਮਰਦਾਸ ਜੀ ਕਹਿਣ ਲੱਗੇ।
"ਗੁਰੂ ਨਾਨਕ ਸਾਹਿਬ ਦਾ ਸ਼ਬਦ ਹੈ ਇਹ,
ਜਿਸ ਵੱਲ ਹੈ ਤੁਸੀਂ ਧਿਆਨ ਦਿੱਤਾ।
ਦੂਜੇ ਵਾਰਸ ਉਸ ਜੋਤਿ ਦੇ ਪਿਤਾ ਮੇਰੇ ,
ਉਨ੍ਹਾਂ ਮੈਨੂੰ ਇਹ ਇਲਾਹੀ ਗਿਆਨ ਦਿੱਤਾ।"
"ਮੇਰੇ ਮਨ ਨੂੰ ਵੱਜੀ ਹੈ ਸੱਟ ਭਾਰੀ ,
ਰਹਿ ਨਿਗੁਰਾ ਮੈਂ ਜੀਵਨ ਗਵਾ ਲਿਆ ਏ।
ਪਿਤਾ ਆਪਣੇ ਪਾਸ ਮੈਨੂੰ ਲੈ ਚੱਲ ਤੂੰ ,
ਗੁਰੂ ਧਾਰਨਾ ਮੈਂ ਮਨ ਬਣਾ ਲਿਆ ਏ।"
ਗੁਰੂ ਅੰਗਦ ਸਾਹਿਬ ਦੇ ਚਹਿ ਚਰਨੀਂ,
ਸੇਵਾ , ਸਿਮਰਨ ਦੀ ਵੱਡੀ ਕਮਾਈ ਕੀਤੀ।
ਗਾਗਰ ਪਾਣੀ ਦੀ ਭਰ ਲਿਆਂਵਦੇ ਨੇ ,
ਕਈ ਵਰ੍ਹੇ ਉਮਰ ਇਸ ਤਰ੍ਹਾਂ ਬੀਤੀ।
ਡਿੱਗੇ ਅੜ ਕੇ ਖੱਡੀ ਦੇ ਨਾਲ ਇੱਕ ਦਿਨ ,
ਜੁਲਾਹੀ ਆਖਦੀ ਅਮਰੂ ਨਿਥਾਵਾਂ ਹੈ ਇਹ।
"ਸਤਿਗੁਰ ਆਖਿਆ ਝੱਲੀਏ ਕੀ ਆਖੇਂ ,
ਨਿਥਾਵਿਆਂ ਵਾਸਤੇ ਇੱਕ ਇੱਕੋ ਥਾਂਵਾਂ ਹੈ ਇਹ।"
ਬਖ਼ਸ਼ੀ ਗੁਰਤਾਗੱਦੀ ਗੁਰੂ ਅਮਰਦਾਸ ਜੀ ਨੂੰ,
ਸੁਣ ਸ਼ੋਭਾ ਲੱਖਾਂ ਸੰਗਤਾਂ ਆਉਣ ਲੱਗੀਆਂ।
ਗੋਇੰਦਵਾਲ ਦੀ ਧਰਤ ਹੈ ਮਹਿਕ ਉੱਠੀ ,
ਕਣ-ਕਣ ਚੋਂ ਖੁਸ਼ਬੋਆਂ ਆਉਣ ਲੱਗੀਆਂ।

---

## ਪੰਜਾਬ ਦੀਆਂ ਸਾਰੀਆਂ ਜ਼ਿਲ੍ਹਾ ਪ੍ਰੀਸ਼ਦਾਂ, ਪੰਚਾਇਤ ਸਮਿਤੀਆਂ ਅਤੇ ਗਰਾਮ ਪੰਚਾਇਤਾਂ ਭੰਗ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿਚ ਜ਼ਿਲ੍ਹਾ ਪ੍ਰੀਸ਼ਦ, ਪੰਚਾਇਤ ਸਮਿਤੀਆਂ ਅਤੇ ਗਰਾਮ ਪੰਚਾਇਤਾਂ ਨੂੰ ਸਰਕਾਰੀ ਕੰਟਰੋਲ ਹੇਠ ਲਿਆਂਦਾ ਗਿਆ ਹੈ। ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਨੇ ਨੋਟੀਫਿਕੇਸ਼ਨ ਜਾਰੀ ਕਰਕੇ ਚੁਣੇ ਹੋਏ ਨੁਮਾਇੰਦਿਆਂ ਦੀ ਥਾਂ ਪ੍ਰਬੰਧਕ ਲਾ ਦਿੱਤੇ ਤੇ ਦਿਹਾਤੀ ਸੰਸਥਾਵਾਂ ਭੰਗ ਕਰ ਦਿੱਤੀਆਂ। ਪੰਜਾਬ ਵਿਚ 22 ਜ਼ਿਲ੍ਹਾ ਪ੍ਰੀਸ਼ਦਾਂ, 150 ਪੰਚਾਇਤ ਸਮਿਤੀਆਂ ਅਤੇ 13 ਹਜ਼ਾਰ ਦੇ ਕਰੀਬ ਪੰਚਾਇਤਾਂ ਹਨ।

ਇਸ ਫੈਸਲੇ ਦੇ ਨਾਲ ਹੀ ਪੰਜਾਬ ਦੇ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਨੇ ਸੂਬੇ ਦੀਆਂ ਸਮੂਹ ਗਰਾਮ ਪੰਚਾਇਤਾਂ ਭੰਗ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਸਰਕਾਰ ਵੱਲੋਂ ਸੂਬਾਈ ਚੋਣ ਕਮਿਸ਼ਨ ਨੂੰ 30 ਸਤੰਬਰ ਤੱਕ ਗਰਾਮ ਪੰਚਾਇਤਾਂ ਅਤੇ 31 ਅਗਸਤ ਤੱਕ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਕਰਾਏ ਜਾਣ ਲਈ ਲਿਖਿਆ ਗਿਆ ਹੈ। ਰਾਜ ਸਰਕਾਰ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਅਗਸਤ ਮਹੀਨੇ 'ਚ ਕਰਾਉਣ ਲਈ ਲਿਖਿਆ ਗਿਆ ਹੈ। ਪੰਜਾਬ ਵਿਚ ਇਸ ਸਮੇਂ ਗਰਾਮ ਪੰਚਾਇਤਾਂ, ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਉਪਰ ਅਕਾਲੀ ਦਲ ਦਾ ਕਬਜ਼ਾ ਹੈ ਤੇ ਪਿਛਲੇ ਇੱਕ ਦਹਾਕੇ ਤੋਂ ਅਕਾਲੀ ਦਲ ਨਾਲ ਸਬੰਧਤ ਬੰਦੇ ਹੀ ਕਾਬਜ਼ ਹਨ। ਸਰਕਾਰ ਦੇ ਇਨ੍ਹਾਂ ਨਿਰਦੇਸ਼ਾਂ ਤੋਂ ਬਾਅਦ ਦਿਹਾਤੀ ਖੇਤਰ ਵਿੱਚ ਅਕਾਲੀ ਦਲ ਦੇ ਬੰਦਿਆਂ ਦਾ ਦਬਦਬਾ ਖ਼ਤਮ ਹੋ ਜਾਵੇਗਾ ਤੇ ਪੰਚਾਇਤਾਂ ਦੀ ਵਾਗਡੋਰ ਵਿਭਾਗ ਹਵਾਲੇ ਹੋਵੇਗੀ। ਪੰਜਾਬ 'ਚ ਕੈਪਟਨ ਸਰਕਾਰ ਦੇ ਹੋਂਦ 'ਚ ਆਉਣ ਤੋਂ ਬਾਅਦ ਦਿਹਾਤੀ ਖੇਤਰ ਦੀਆਂ ਚੋਣਾਂ ਪਹਿਲੀ ਵਾਰ ਹੋ ਰਹੀਆਂ ਹਨ।

# ਅਫਗਾਨਿਸਤਾਨ ਦੇ ਸਿੱਖਾਂ ਨੂੰ ਕੈਨੇਡਾ ਵਿਚ ਪਨਾਹ ਦਿੱਤੀ ਜਾਵੇ : ਹੰਸਰਾ

## *"ਕੈਨੇਡੀਅਨ ਸਿੱਖ ਭਾਈਚਾਰਾ ਕਰੇਗਾ ਅਫਗਾਨੀ ਸਿੱਖਾਂ ਦੀ ਦੇਖਭਾਲ ਕਰੇਗਾ, ਕੈਨੇਡੀਅਨ ਸਰਕਾਰ 'ਤੇ ਇਸ ਦਾ ਕੋਈ ਭਾਰ ਨਹੀਂ ਪੈਣ ਦਿੱਤਾ ਜਾਵੇਗਾ"*

**ਟੋਰਾਂਟੋ/ਬਿਊਰੋ ਨਿਊਜ਼ :** "ਅਫਗਾਨਿਸਤਾਨ ਦੇ ਸ਼ਹਿਰ ਜਲਾਲਾਬਾਦ ਵਿਚ 1 ਜੁਲਾਈ 2018 ਨੂੰ ਹੋਏ ਬੰਬ ਧਮਾਕੇ ਵਿਚ 19 ਸਿੱਖ ਸ਼ਹੀਦ ਹੋਣ ਦੀ ਦੁਖਦਾਈ ਖਬਰ ਨੇ ਸਮੁੱਚੇ ਸਿੱਖ ਜਗਤ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਧਮਾਕੇ ਵਿਚ ਸ਼ਹੀਦ ਹੋਣ ਵਾਲਿਆਂ ਵਿਚ ਅਕਤੂਬਰ ਮਹੀਨੇ ਚੋਣਾਂ ਲੜ ਕੇ ਅਫਗਾਨਿਸਤਾਨ ਵਿਚ ਪਹਿਲੇ ਸਿੱਖ ਐਮਪੀ ਵਜੋਂ ਸਥਾਪਤ ਹੋਣ ਜਾ ਰਹੇ ਭਾਈ ਅਵਤਾਰ ਸਿੰਘ ਖਾਲਸਾ ਤੋਂ ਇਲਾਵਾ ਇਲਾਕੇ ਦੇ ਆਗੂ ਭਾਈ ਰਵੇਲ ਸਿੰਘ ਸ਼ਾਮਲ ਸਨ। ਅਸੀਂ ਕੈਨੇਡਾ ਦੀ ਸਰਕਾਰ ਤੋਂ ਇਹ ਮੰਗ ਕਰਦੇ ਹਾਂ ਕਿ ਅਫਗਾਨਿਸਤਾਨ ਵਿਚ ਰਹਿ ਰਹੇ ਸਿੱਖਾਂ ਅਤੇ ਹਿੰਦੂਆਂ ਨੂੰ ਤੁਰੰਤ ਕੈਨੇਡਾ ਵਿਚ ਪਨਾਹ ਦੇਣ ਦਾ ਐਲਾਨ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਕੈਨੇਡਾ ਲਿਆਉਣ ਦਾ ਪ੍ਰਬੰਧ ਕੀਤਾ ਜਾਵੇ।" ਇਹ ਮੰਗ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੈਨੇਡਾ ਈਸਟ ਵਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਪੱਤਰ ਲਿਖ ਕੇ ਕੀਤੀ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੈਨੇਡਾ ਈਸਟ ਦੇ ਪ੍ਰਧਾਨ ਸੁਖਮਿੰਦਰ ਸਿੰਘ ਹੰਸਰਾ ਅਤੇ ਯੂਥ ਪ੍ਰਧਾਨ ਪਰਮਿੰਦਰ ਸਿੰਘ ਨੇ ਦੱਸਿਆ ਕਿ ਇਲਾਕੇ ਦੇ ਐਮਪੀਜ਼, ਸਿੱਖ ਮੰਤਰੀਆਂ ਤੋਂ ਇਲਾਵਾ ਕੈਨੇਡਾ ਦੇ ਫਾਰਨ ਅਫੇਅਰਜ਼ ਮੰਤਰੀ ਮੈਡਮ ਕ੍ਰਿਸਟੀਆ ਫਰੀਲੈਂਡ ਨੂੰ ਪੱਤਰ ਲਿਖ ਕੇ ਇਹ ਮੰਗ ਦੁਹਰਾਈ ਗਈ ਹੈ। ਸ. ਹੰਸਰਾ ਨੇ ਕਿਹਾ ਕਿ ਅਸੀਂ ਕੈਨੇਡੀਅਨ ਸਰਕਾਰ ਨੂੰ ਯਕੀਨ ਦੁਆਉਣ ਦੀ ਕੋਸ਼ਿਸ਼ ਕਰਾਂਗੇ ਕਿ ਕੈਨੇਡੀਅਨ ਸਿੱਖ ਭਾਈਚਾਰਾ ਅਫਗਾਨੀ ਸਿੱਖਾਂ ਦੀ ਦੇਖਭਾਲ ਕਰੇਗਾ, ਕੈਨੇਡੀਅਨ ਸਰਕਾਰ 'ਤੇ ਇਸ ਦਾ ਕੋਈ ਭਾਰ ਨਹੀਂ ਪੈਣ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸਿੱਖ ਇਸ ਦੇਸ਼ ਅੰਦਰ ਬੜੀ ਚੜ੍ਹਦੀ ਕਲਾ ਵਿਚ ਰਹਿੰਦੇ ਸਨ ਪਰ ਯੋਜਨਾਬੱਧ ਤਰੀਕੇ ਨਾਲ ਸਮੁੱਚੀ ਸਿੱਖ ਲੀਡਰਸ਼ਿਪ ਨੂੰ ਸ਼ਹੀਦ ਕਰ ਦਿੱਤਾ ਗਿਆ ਹੈ। ਇਸ ਕਾਰਨ ਸਮੁੱਚੀ ਦੁਨੀਆ ਵਿਚ ਵਸਦੇ ਸਿੱਖ ਚਿੰਤਾਜਨਕ ਆਲਮ ਵਿਚ ਗੁਜ਼ਰ ਰਹੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਅਫਗਾਨਿਸਤਾਨ ਵਿਚ ਕਿਸੇ ਸਮੇਂ ਸਿੱਖਾਂ ਅਤੇ ਹਿੰਦੂਆਂ ਦੀ ਵਸੋਂ 1200 ਪਰਿਵਾਰਾਂ ਦੀ ਮੰਨੀ ਜਾਂਦੀ ਸੀ ਜਦਕਿ ਹੁਣ ਇਹ ਘਟ ਕੇ 300 ਪਰਿਵਾਰ ਹੀ ਰਹਿ ਗਈ ਹੈ। ਬਹੁਤਾਤ ਵਿਚ ਸਿੱਖਾਂ ਅਤੇ ਹਿੰਦੂਆਂ ਦੀ ਵਸੋਂ ਜਲਾਲਾਬਾਦ, ਗਜ਼ਨੀ ਅਤੇ ਕਾਬੁਲ ਵਿਚ ਵਸ ਰਹੀ ਸੀ ਜੋ ਪਸ਼ਤੋ ਦੇ ਨਾਲ-ਨਾਲ ਹਿੰਦੀ, ਦਾਰੀ ਅਤੇ ਪੰਜਾਬੀ ਭਾਸ਼ਾ ਬੋਲਦੇ ਸਨ। ਗੌਰਤਲਬ ਹੈ ਕਿ 20 ਮਾਰਚ ਸੰਨ 2000 ਨੂੰ ਜਦੋਂ ਅਮਰੀਕਾ ਦੇ ਰਾਸ਼ਟਰਪਤੀ ਬਿੱਲ ਕਲਿੰਟਨ ਭਾਰਤ ਦੇ ਦੌਰੇ ਤੇ ਗਏ ਸਨ, ਤਾਂ ਉਦੋਂ ਵੀ 35 ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਬਾਅਦ ਵਿਚ ਜੋ ਹਕੀਕਤ ਸਾਹਮਣੇ ਆਈ ਕਿ ਇਹ ਭਾਰਤੀ ਖੁਫੀਆ ਏਜੰਸੀਆਂ ਵਲੋਂ ਅਮਰੀਕਨ ਪ੍ਰਧਾਨ ਦੇ ਆਉਣ 'ਤੇ ਆਪਣਾ ਪੱਖ ਮਜ਼ਬੂਤ ਕਰਨ ਵਾਸਤੇ ਕੀਤਾ ਸੀ। ਉਸੇ ਤਰਜ਼ 'ਤੇ ਹੁਣ ਜਦੋਂ ਅਮਰੀਕੀ ਡਿਪਲੋਮੈਟ ਐਲੇਸ ਵਿਲਜ਼ ਦੋ ਰੋਜ਼ਾ ਅਫਗਾਨਿਸਤਾਨ ਦੌਰੇ ਤੇ ਸਨ ਤਾਂ ਕਾਬਲ ਵਿਚ ਅਫਗਾਨਿਸਤਾਨ ਦੇ ਪ੍ਰਧਾਨ ਅਸ਼ਰਫ ਘਾਨੀ ਨੂੰ ਮਿਲਣ ਜਾ ਰਹੇ ਸਿੱਖ ਸ਼ਹੀਦ ਕਰ ਦਿੱਤੇ ਗਏ।

---

## ਪੰਜਾਬ ਦੀ ਰਾਜਨੀਤੀ ਵਿਚ ਪੰਥਕ ਮੁੱਦਿਆਂ ਦਾ ਬੋਲਬਾਲਾ

ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਤੋਂ ਆਪਣਾ ਹੱਥ ਉੱਪਰ ਰੱਖਣ ਲਈ ਹੁਣ ਤੋਂ ਹੀ ਯਤਨਸ਼ੀਲ ਹੋ ਗਏ ਹਨ। ਸੰਨ 2004 'ਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਗੁਰਪੁਰਬ ਮੌਕੇ ਖਡੂਰ ਸਾਹਿਬ ਵਿਖੇ ਕਰਵਾਏ ਸਮਾਗਮਾਂ ਦੀ ਵਾਗਡੋਰ ਕੈਪਟਨ ਹੀ ਸਾਂਭ ਗਏ ਸਨ। ਉਹ ਉਸ ਸਮੇਂ ਵੀ ਪੰਜਾਬ ਦੇ ਮੁੱਖ ਮੰਤਰੀ ਸਨ ਤੇ ਇਨ੍ਹਾਂ ਸਮਾਗਮਾਂ ਲਈ ਸਰਕਾਰ ਨੇ ਮੂਹਰੇ ਹੋ ਕੇ ਕੰਮ ਕੀਤੇ ਸਨ। ਬਰਗਾੜੀ ਵਿਖੇ ਚੱਲ ਰਹੇ ਇਨਸਾਫ਼ ਮੋਰਚੇ ਦੀਆਂ ਮੰਗਾਂ ਮੰਨੇ ਜਾਣ ਦੀ ਚਰਚਾ ਵੀ ਉਨ੍ਹਾਂ ਵਲੋਂ ਪੰਥਕ ਮਸਲਿਆਂ 'ਚ ਹੱਥ ਉੱਚਾ ਰੱਖਣ ਵੱਲ ਹੀ ਸੇਧਿਤ ਸਮਝੀ ਜਾ ਰਹੀ ਹੈ। ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੀਤੀ ਗਈ ਬੇਅਦਬੀ ਦੇ ਸਾਰੇ ਦੋਸ਼ੀ ਫੜੇ ਜਾ ਚੁੱਕੇ ਹਨ ਤੇ ਬਹਿਬਲ ਕਲਾਂ ਪੁਲਿਸ ਗੋਲੀ ਕਾਂਡ ਬਾਰੇ ਸਰਕਾਰੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਸਰਕਾਰ ਕੋਲ ਆ ਚੁੱਕੀ ਹੈ। ਇਸ ਰਿਪੋਰਟ ਬਾਰੇ ਫ਼ੈਸਲਾ ਸਰਕਾਰ ਕਿਸੇ ਸਮੇਂ ਵੀ ਲੈ ਸਕਦੀ ਹੈ। ਇਹ ਗੱਲ ਆਮ ਲੋਕ ਪ੍ਰਵਾਨ ਕਰਦੇ ਹਨ ਕਿ ਕਾਂਗਰਸ ਆਗੂ ਹੁੰਦਿਆਂ ਹੋਇਆਂ ਵੀ ਕੈਪਟਨ ਸਿੱਖ ਪੰਥ ਤੇ ਪੰਜਾਬ ਦੇ ਮੁੱਦਿਆਂ 'ਤੇ ਮਨਮਰਜ਼ੀ ਦੇ ਸਟੈਂਡ ਤੇ ਫ਼ੈਸਲੇ ਲੈ ਜਾਂਦੇ ਹਨ ਪਰ ਅਸਲੀਅਤ ਵਿਚ ਅਜਿਹਾ ਕਦੇ ਵੀ ਨਹੀਂ ਹੁੰਦਾ। ਇਹ ਸਿਰਫ ਅਮਰਿੰਦਰ ਕਿਆਂ ਤੇ ਬਾਦਲਕਿਆਂ ਵਿਚਾਲੇ ਚੱਲਦੇ ਕੁਰਸੀ ਯੁੱਧ ਦੇ ਦਾਅ ਮਾਤਰ ਹੁੰਦੇ ਹਨ, ਪੰਥ ਦੇ ਭਲੇ ਜਾਂ ਹਿੱਤਾਂ ਦੀ ਗੱਲ ਕਿਤੇ ਵੀ ਨਹੀਂ ਹੁੰਦੀ।

ਪਿਛਲੇ ਵਰ੍ਹੇ ਸਰਕਾਰ ਬਣਨ ਤੋਂ ਕੁਝ ਮਹੀਨੇ ਬਾਅਦ ਹੀ ਕੈਨੇਡਾ ਦੇ ਪਹਿਲੇ ਦਸਤਾਰਧਾਰੀ ਸਿੱਖ ਰੱਖਿਆ ਮੰਤਰੀ ਸ. ਹਰਜੀਤ ਸਿੰਘ ਸੱਜਣ ਦੀ ਪਹਿਲੀ ਪੰਜਾਬ ਫੇਰੀ ਪ੍ਰਤੀ ਰੁੱਖ਼ਾ ਵਤੀਰਾ ਅਪਣਾਏ ਜਾਣ ਤੇ ਫਿਰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਫੇਰੀ ਸਮੇਂ ਭਾਰਤ ਸਰਕਾਰ ਦੇ 'ਠੰਢੇ' ਸਵਾਗਤ ਤੇ ਕੈਪਟਨ ਵਲੋਂ ਟਰੂਡੋ ਨਾਲ ਮੁਲਾਕਾਤ ਸਮੇਂ ਗਰਮਜੋਸ਼ੀ ਨਾਲ ਸਵਾਗਤ ਦੀ ਥਾਂ ਕੁਝ ਗਰਮ ਖਿਆਲੀਆਂ ਦੀ ਸੂਚੀ ਹੱਥ ਫੜਾ ਕੇ ਵਿਵਾਦ ਖੜ੍ਹਾ ਕਰਨ ਦੀ ਘਟਨਾ ਨੇ ਬਹੁਤੇ ਸਿੱਖ ਹਲਕਿਆਂ ਖ਼ਾਸ ਕਰ ਪ੍ਰਵਾਸੀ ਸਿੱਖਾਂ ਦੇ ਮਨਾਂ 'ਚ ਉਨ੍ਹਾਂ ਬਾਰੇ ਤੌਖ਼ਲੇ ਤੇ ਸ਼ੰਕੇ ਖੜ੍ਹੇ ਕਰ ਦਿੱਤੇ ਸਨ। ਅਮਰਿੰਦਰ ਸਿੰਘ ਇਸ ਤਰ੍ਹਾਂ ਪੰਥ ਪ੍ਰਤੀ ਤਾਜ਼ਾ ਹੇਜ ਪ੍ਰਗਟ ਕਰਕੇ ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਕ ਤਾਂ ਉਹ ਅਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਐਨਆਰਆਈ ਸਿੱਖਾਂ ਵਿਚ ਆਪਣੀ ਭੱਲ ਬਣਾਉਣੀ ਚਾਹੁੰਦਾ ਹੈ, ਦੂਜਾ ਅਕਾਲੀ ਦਲ ਕੋਲੋਂ ਖਿਸਕ ਕੇ ਆਮ ਆਦਮੀ ਪਾਰਟੀ ਵੱਲ ਗਏ ਪੰਥਕ ਵੋਟਰ ਨੂੰ ਆਪਣੇ ਵੱਲ ਖਿੱਚ ਕੇ ਅਕਾਲੀਆਂ ਦੀ ਜ਼ਮੀਨ ਖਿਸਕਾਉਣ ਦੀ ਤਾਕ ਵਿਚ ਹੈ।

ਉਧਰ ਤਮਾਮ ਜਥੇਬੰਦਕ ਤੇ ਆਪਸੀ ਮੱਤਭੇਦਾਂ ਵਿਚ ਗ੍ਰਸੀਆਂ ਰਹਿਣ ਵਾਲੀਆਂ ਪੰਥ ਤੇ ਪੰਜਾਬ ਲਈ ਸੱਚੇ ਦਿਲੋਂ ਘੋਲ ਕਰਨ ਵਾਲੀਆਂ ਧਿਰਾਂ ਵੀ ਮੈਦਾਨ ਵਿਚ ਡਟੀਆਂ ਚਲੀਆਂ ਆ ਰਹੀਆਂ ਹਨ। ਇਨ੍ਹਾਂ ਦੀ ਆਪਸੀ ਏਕਤਾ ਨਾ ਹੋ ਸਕਣ ਤੇ ਸਾਂਝੇ ਪਲੇਟਫਾਰਮ ਦੀ ਅਣਹੋਂਦ ਕਾਰਨ ਪੰਥਕ ਵੋਟਰ ਦਾ ਭਰੋਸਾ ਨਹੀਂ ਬਣਦਾ, ਜਿਸ ਕਾਰਨ ਹਰ ਵਾਰ ਦੀਆਂ ਚੋਣਾਂ ਵਿਚ ਪੰਜਾਬ ਦੀ ਸਿਆਸੀ ਹੋਣੀ ਤੈਅ ਕਰਨ ਵਾਲੇ ਪੰਥ ਦੀ ਆਪਣੀ ਹੋਣੀ 'ਚ ਰੁਲਣਾ ਤੇ ਮਾਰ ਖਾਂਦੇ ਰਹਿਣਾ ਹੀ ਨਸੀਬ ਹੋ ਰਿਹਾ ਹੈ।

ਕੈਪਟਨ ਦੀ ਸਿੱਖ ਮੁੱਦਿਆਂ 'ਤੇ ਤਾਜ਼ਾ ਪਹਿਲਕਦਮੀ ਤੋਂ ਅਕਾਲੀ ਦਲ ਕਾਫ਼ੀ ਚਿੰਤਤ ਹੈ ਪਰ ਉਹ ਹਾਲ ਦੀ ਘੜੀ ਇਸ ਬਾਰੇ ਕੋਈ ਤਿੱਖਾ ਪ੍ਰਤੀਕ੍ਰਮ ਜ਼ਾਹਰ ਕਰਕੇ ਨਵਾਂ ਬਖੇੜਾ ਖੜ੍ਹਾ ਕਰਨ ਤੋਂ ਪਾਸਾ ਹੀ ਵੱਟ ਰਿਹਾ ਹੈ। ਉਂਝ ਦਲ ਦੇ ਨੀਤੀ ਘਾੜੇ ਸਾਰੇ ਹਾਲਾਤ 'ਤੇ ਤਿੱਖੀ ਨਜ਼ਰ ਰੱਖ ਰਹੇ ਦੱਸੇ ਜਾਂਦੇ ਹਨ ਪਤਾ ਲੱਗਾ ਹੈ ਕਿ ਪਾਰਟੀ ਨੇ ਸਾਰੇ ਅਹਿਮ ਆਗੂਆਂ ਨੂੰ ਬਰਗਾੜੀ ਮੋਰਚੇ ਅਤੇ ਇਸ ਸਬੰਧੀ ਕੈਪਟਨ ਸਰਕਾਰ ਦੇ ਵਤੀਰੇ ਬਾਰੇ ਕਿਸੇ ਵੀ ਤਰ੍ਹਾਂ ਦੀ ਟਿੱਪਣੀ ਕਰਨ ਤੋਂ ਰੋਕ ਰੱਖਿਆ ਹੈ। ਇਥੋਂ ਤਕ ਕਿ ਪਾਰਟੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਵੀ ਇਕ ਅਹਿਮ ਇੰਟਰਵਿਊ ਵਿਚ ਪੁੱਛੇ ਸਵਾਲ ਦਾ ਇਹ ਕਹਿ ਕੇ ਜਵਾਬ ਟਾਲ ਗਏ ਕਿ ਸਾਰੀ ਸਥਿਤੀ ਸਾਹਮਣੇ ਆਉਣ ਦਿਓ, ਫਿਰ ਦੱਸਾਂਗੇ। ਉਂਝ ਬਰਗਾੜੀ ਕਾਂਡ, ਬਹਿਬਲ ਕਲਾਂ ਗੋਲੀ ਕਾਂਡ ਤੇ ਸਿੱਖ ਬੰਦੀਆਂ ਦੀ ਰਿਹਾਈ ਵਰਗੇ ਮਸਲਿਆਂ 'ਤੇ ਅਕਾਲੀ ਲੀਡਰਸ਼ਿਪ ਵਾਹ ਲਗਦੀ ਸਰਕਾਰ ਤੇ ਸਰਬੱਤ ਖ਼ਾਲਸਾ ਧਿਰ ਨਾਲ ਸਿੱਧੇ ਟਕਰਾਅ 'ਚ ਆਉਣ ਦੀ ਬਜਾਏ ਕਿਸੇ ਵਿਚਕਾਰਲੇ ਤਰੀਕੇ ਲੜਾਈ ਲੜਨ ਦੀ ਰਣਨੀਤੀ ਅਪਣਾਏ ਜਾਣ ਨੂੰ ਤਰਜੀਹ ਦਿੰਦੀ ਦਿਖਾਈ ਦੇ ਰਹੀ ਹੈ ਪਰ ਹੈ ਇਹ ਬੜਾ ਗੁੰਝਲਦਾਰ ਤੇ ਪੇਚੀਦਾ ਮਾਮਲਾ। ਇਹ ਤਾਜ਼ਾ ਸੰਕਟ ਪਾਰਟੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਲਈ ਵੀ ਇਮਤਿਹਾਨ ਬਣ ਰਿਹਾ ਹੈ।

## ਹੁਣ ਅਮਰੀਕਾ 'ਚ ਰਹਿਣ ਦੀ ਪੱਕੀ ਗਾਰੰਟੀ ਨਹੀਂ ਦੇਵੇਗਾ 'ਗਰੀਨ ਕਾਰਡ'

ਵਾਲੇ ਇਮੀਗ੍ਰਾਂਟਾਂ ਨੂੰ ਵੀ ਵਾਪਸ ਭੇਜਿਆ ਜਾ ਸਕੇਗਾ।

ਯੂਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਦੁਆਰਾ ਪਿਛਲੇ ਹਫਤੇ ਲਾਗੂ ਕੀਤੇ ਨਵੇਂ ਦਿਸ਼ਾ-ਨਿਰਦੇਸ਼ਾਂ ਮੁਤਾਬਕ ਜਿਹੜੇ ਇੰਮੀਗਰਾਂਟਸ ਨੇ "ਜਨਤਕ ਲਾਭ ਨਾਲ ਸਬੰਧਿਤ ਪ੍ਰੋਗਰਾਮ" ਦੀ ਦੁਰਵਰਤੋਂ ਕੀਤੀ ਹੈ, ਉਹ ਇੰਮੀਗ੍ਰੇਸ਼ਨ ਅਦਾਲਤ ਵਿਚ ਪੇਸ਼ ਹੋਣ ਲਈ ਤਲਬ ਕੀਤੇ ਜਾਣਗੇ। ਇਸ ਬਾਰੇ ਜਾਰੀ ਗਾਈਡਲਾਈਨਜ਼ ਵਿਚ ਕਿਹਾ ਗਿਆ ਹੈ ਕਿ ਜੇ ਕਿਸੇ ਨੇ ਚਿਰ ਪਹਿਲਾਂ ਵੀ ਕਿਸੇ ਸਰਕਾਰੀ ਏਜੰਸੀ ਨਾਲ ਪਰਵਾਸੀਆਂ ਨੂੰ ਮਿਲਦੇ ਕਿਸੇ ਵੀ ਸਰਕਾਰੀ ਲਾਭ ਵਾਸਤੇ ਬਿਨੈ-ਪੱਤਰ ਰਾਹੀਂ ਗਲਤ ਜਾਣਕਾਰੀ ਦੇ ਕੇ ਧੋਖਾਧੜੀ ਕਰਨ ਦੇ ਸਬੂਤ ਮਿਲੇ ਤਾਂ ਉਨ੍ਹਾਂ ਨੂੰ ਦੇਸ਼ ਵਿਚੋਂ ਬਾਹਰ ਕਰਨ ਦੀ ਪ੍ਰਕਿਰਿਆ ਆਰੰਭੀ ਜਾਵੇਗੀ। ਆਮ ਕਰਕੇ ਇਸ ਤਰ੍ਹਾਂ ਦੇ ਲਾਭ ਅਮਰੀਕਾ ਵਿਚ ਕਾਨੂੰਨੀ ਰਿਹਾਇਸ਼ ਦੇ ਪਰਮਿਟ ਵਾਲੇ ਪਰਵਾਸੀ, ਜਿਨ੍ਹਾਂ ਨੂੰ ਗ੍ਰੀਨ ਕਾਰਡ ਹੋਲਡਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਪ੍ਰਾਪਤ ਕਰ ਸਕਦੇ ਹਨ। ਘੱਟ ਆਮਦਨ ਜਾਂ ਅੰਗਹੀਣ ਲੋਕਾਂ ਲਈ ਮੈਡੀਕਲ ਸਹੂਲਤ, ਲੋੜਵੰਦ ਪਰਿਵਾਰਾਂ ਲਈ ਅਸਥਾਈ ਸਹਾਇਤਾ, ਬੱਚਿਆਂ ਨਹੀ ਪੋਸ਼ਣ ਸਹਾਇਤਾ ਪ੍ਰੋਗਰਾਮ, ਅਤੇ ਬੱਚਿਆਂ ਦਾ ਸਿਹਤ ਬੀਮਾ ਪ੍ਰੋਗਰਾਮ ਇਸ ਵਿਚ ਸ਼ਾਮਲ ਹੁੰਦੇ ਹਨ। ਇਨ੍ਹਾਂ ਪ੍ਰੋਗਰਾਮਾਂ ਤਹਿਤ ਗਲਤ ਜਾਣਕਾਰੀ ਦੇ ਕੇ ਲਾਭ ਲੈਣ ਵਾਲੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸੇ ਤਰ੍ਹਾਂ ਹੋਮਲੈਂਡ ਸਕਿਓਰਿਟੀ ਡਿਪਾਰਟਮੈਂਟ ਦੁਆਰਾ ਪ੍ਰਸਤਾਵਿਤ ਗ੍ਰੀਨ ਕਾਰਡ ਹੋਲਡਰ ਦੁਆਰਾ ਅਮਰੀਕਾ ਦੀ ਨਾਗਰਿਕਤਾ ਲੈਣ ਦੀ ਦਿਤੀ ਗਈ ਅਰਜ਼ੀ ਨੂੰ ਨੁਕਸਾਨ ਪਹੁੰਚ ਸਕਦਾ ਹੈ।

ਟਰੰਪ ਪ੍ਰਸ਼ਾਸਨ ਵੱਲੋਂ ਦਲੀਲ ਦਿੱਤੀ ਗਈ ਹੈ ਕਿ ਕਿਸੇਵੀ ਪਰਵਾਸੀ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਟੈਕਸਦਾਤਾ ਦੇ ਖਰਚੇ 'ਤੇ ਆਉਂਦੀ ਹੈ ਅਤੇ ਅਜਿਹੇ ਜਨਤਕ ਲਾਭਾਂ ਦੀ ਉਪਲਬਧਤਾ ਸੰਯੁਕਤ ਰਾਜ ਵਿਚ ਪਰਵਾਸ ਕਰਨ ਲਈ ਪਰਵਾਸੀਆਂ ਵਾਸਤੇ ਪ੍ਰੇਰਨਾ ਪ੍ਰਦਾਨ ਕਰ ਸਕਦੀ ਹੈ। ਇਸ ਕਰਕੇ ਜਨਤਕ ਲਾਭ ਪ੍ਰਾਪਤ ਕਰਨ ਵਾਲੇ ਦਸਤਾਵੇਜ਼ਾਂ 'ਚ ਗੜਬੜੀ ਹੋਣ ਤੋਂ ਰੋਕਣ ਲਈ ਇਹ ਨਿਯਮ ਤਿਆਰ ਕੀਤਾ ਗਿਆ ਹੈ।

ਇੰਮੀਗ੍ਰੇਸ਼ਨ ਮਾਹਰਾਂ ਅਨੁਸਾਰ ਸੋਧੇ ਹੋਏ ਨਿਯਮਾਂ ਤਹਿਤ ਯੂਐੱਸਸੀਆਈਐੱਸ ਦੇ ਅਮਰੀਕੀ ਅਧਿਕਾਰੀ ਸਥਾਈ ਨਾਗਰਿਕਤਾ ਲਈ ਅਰਜ਼ੀ ਦੇਣ ਵਾਲੇ ਨਿਵਾਸੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਯੂਐਸਸੀਆਈਐਸ ਪਾਲਿਸੀ ਮੈਮੋਰੈਂਡਮ ਵਿਚ ਸੰਕੇਤ ਦਿੱਤਾ ਗਿਆ ਹੈ ਕਿ ਇਸ ਦੇ ਕਰਮਚਾਰੀਆਂ ਨੂੰ ਉਹਨਾਂ ਪਰਵਾਸੀਆਂ ਦੇ ਦੇਸ਼ ਨਿਕਾਲੇ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਵਧੇਰੇ ਛੋਟ ਹੋਵੇਗੀ, ਜਿਨ੍ਹਾਂ ਦੀਆਂ ਸਿਟੀਜ਼ਨਸ਼ਿਪ ਐਪਲੀਕੇਸ਼ਨਾਂ ਨੂੰ ਚੰਗੇ ਨੈਤਿਕ ਮਾਪਦੰਡਾਂ ਦੇ ਅਧਾਰ ਤੇ ਰੱਦ ਕਰ ਦਿੱਤਾ ਗਿਆ ਹੈ। ਇਸ ਵਿਚ "29 ਨਵੰਬਰ, 1990 ਤੋਂ ਪਹਿਲਾਂ ਦੇ ਗੈਰ ਕਾਨੂੰਨੀ ਸਥਾਈ ਨਿਵਾਸ (ਐੱਲਪੀਆਰ.) ਪ੍ਰਾਪਤ ਵੀ ਸ਼ਾਮਲ ਹਨ।

## ਭਾਰਤੀ ਸੁਪਰੀਮ ਕੋਰਟ ਵੱਲੋਂ ਕਾਤਲ ਹਜੂਮਾਂ ਨੂੰ ਨੱਥ ਪਾਉਣ ਲਈ ਕਾਨੂੰਨ ਬਣਾਉਣ ਦੀ ਸਲਾਹ

ਕੀਤਾ ਜਾ ਸਕੇ। ਸਮਾਜ ਅੰਦਰ ਕਾਨੂੰਨ ਵਿਵਸਥਾ ਯਕੀਨੀ ਬਣਾਉਣ ਅਤੇ ਕਾਨੂੰਨ ਦਾ ਰਾਜ ਕਾਇਮ ਕਰਨਾ ਰਾਜ ਸਰਕਾਰਾਂ ਦਾ ਜ਼ਿੰਮਾ ਹੈ।

ਬੈਂਚ ਨੇ ਕਿਹਾ ਕਿ ਸਰਕਾਰਾਂ ਨੂੰ ਸਖ਼ਤ ਕਦਮ ਉਠਾ ਕੇ ਭੀੜਤੰਤਰ ਤੇ ਭੀੜ ਹਿੰਸਾ ਦੀ ਰੋਕਥਾਮ ਕਰਨ ਦੀ ਲੋੜ ਹੈ। ਸੁਸ਼ਾਸਨ ਤੇ ਕੌਮੀ ਉਸਾਰੀ ਲਈ ਰਾਜ ਦਾ ਪਵਿੱਤਰ ਫ਼ਰਜ਼ ਹੈ ਕਿ ਰਾਜ ਆਪੋ-ਧਾਪੀ ਦਾ ਮਾਹੌਲ ਪੈਦਾ ਨਾ ਹੋਣ ਦੇਵੇ। ਬੈਂਚ ਨੇ ਕਿਹਾ " ਜਦੋਂ ਕੋਈ ਕਿਸੇ ਵਿਚਾਰ ਦਾ ਧਾਰਨੀ ਕੋਈ ਕੋਰ ਗਰੁੱਪ ਕਾਨੂੰਨ ਆਪਣੇ ਹੱਥਾਂ ਵਿੱਚ ਲੈਂਦਾ ਹੈ ਤਾਂ ਅਰਾਜਕਤਾ, ਅਫਰਾ ਤਫ਼ਰੀ, ਲਾਕਾਨੂੰਨੀਅਤ ਪੈਦਾ ਹੁੰਦੇ ਹਨ ਤੇ ਅੰਤ ਨੂੰ ਸਮੁੱਚਾ ਸਮਾਜ ਹਿੰਸਾ ਦੀ ਲਪੇਟ ਵਿੱਚ ਆ ਜਾਂਦਾ ਹੈ। ਅਣਚਾਹੇ ਚੌਕਸੀਵਾਦ (ਵਿਜੀਲੈਂਟਿਜ਼ਮ) ਨੂੰ ਕਿਸੇ ਵੀ ਸੂਰਤ ਵਿੱਚ ਸਿਰ ਨਹੀਂ ਚੁੱਕਣ ਦਿੱਤਾ ਜਾ ਸਕਦਾ ਕਿਉਂਕਿ ਇਹ ਆਪਣੇ ਆਪ ਵਿੱਚ ਵਿਗੜੀ ਹੋਈ ਧਾਰਨਾ ਹੈ। ਔਖੇ ਹਾਲਾਤ ਵਿੱਚ ਸਾਡੇ ਦੇਸ਼ ਦੇ ਨਾਗਰਿਕਾਂ ਦਰਮਿਆਨ ਏਕਤਾ ਬਰਕਰਾਰ ਤੇ ਬਚਾ ਕੇ ਰੱਖਣ ਦੀ ਲੋੜ ਹੁੰਦੀ ਹੈ ਜੋ ਵੱਖ ਵੱਖ ਜਾਤਾਂ, ਅਕੀਦਿਆਂ ਤੇ ਨਸਲਾਂ ਨਾਲ ਸਬੰਧ ਰੱਖਦੇ ਤੇ ਅੱਡੋ ਅੱਡਰੇ ਧਰਮਾਂ ਦਾ ਪਾਲਣ ਕਰਦੇ ਹਨ ਤੇ ਵੱਖ ਵੱਖ ਜ਼ੁਬਾਨਾਂ ਬੋਲਦੇ ਹਨ। ਇਹ ਬਹੁਤ ਜ਼ਰੂਰੀ ਹੈ ਕਿ ਸਾਡੇ ਦੇਸ਼ ਅੰਦਰ ਇਕਮੁੱਠਤਾ ਤੇ ਸਦਭਾਵਨਾ ਦਾ ਅਹਿਸਾਸ ਪੈਦਾ ਹੋਵੇ ਤਾਂ ਏਕਤਾ ਦਾ ਸੂਤਰ ਸਾਡਾ ਸਮੂਹਿਕ ਕਿਰਦਾਰ ਹੋ ਨਿੱਬੜੇ।" ਇਹ ਫ਼ੈਸਲਾ ਮਹਾਤਮਾ ਗਾਂਧੀ ਦੇ ਪੋਤਰੇ ਤੁਸ਼ਾਰ ਗਾਂਧੀ ਤੇ ਕਾਂਗਰਸ ਆਗੂ ਤਹਿਸੀਨ ਪੂਨਾਵਾਲਾ ਸਮੇਤ ਵੱਖ ਵੱਖ ਧਿਰਾਂ ਵੱਲੋਂ ਦਾਇਰ ਪਟੀਸ਼ਨਾਂ 'ਤੇ ਦਿੱਤਾ ਗਿਆ ਹੈ।

## ਪਾਕਿਸਤਾਨ 'ਚ ਗੁਰਦੁਆਰਿਆਂ ਦੀ ਬਹੁਤੀ ਜ਼ਮੀਨ 'ਤੇ ਨਜਾਇਜ਼ ਕਬਜ਼ੇ

ਦੇ ਮੈਂਬਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਪਾਕਿਸਤਾਨ ਦੀ ਸਥਾਪਤੀ ਮੌਕੇ 1947 ਵਿੱਚ ਸਿੱਖ ਧਾਰਮਿਕ ਅਸਥਾਨਾਂ ਦੇ ਕਬਜ਼ੇ ਹੇਠ ਜਗੀਰਾਂ ਦੇ ਰੂਪ ਵਿਚ ਮਿਲੀ ਲਗਪਗ 64 ਹਜ਼ਾਰ ਏਕੜ ਜਾਂ 2800 ਮੁਰੱਬੇ ਜ਼ਮੀਨ ਸੀ। ਨਾਰੋਵਾਲ ਆਧਾਰਿਤ ਸੂਬਾਈ ਅਸੈਂਬਲੀ ਦੇ ਮੈਂਬਰ ਰਮੇਸ਼ ਸਿੰਘ ਅਰੋੜਾ ਨੇ ਪਾਕਿਸਤਾਨ ਵਿੱਚ ਗੁਰਦੁਆਰਿਆਂ ਤੇ ਮੰਦਿਰਾਂ ਹੇਠ ਆਉਂਦੇ ਜ਼ਮੀਨੀ ਰਕਬੇ ਨੂੰ 19800 ਏਕੜ ਦੇ ਕਰੀਬ ਦੱਸਿਆ ਹੈ। ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਦੇ ਨਾਂ ਅਜੇ ਵੀ ਨਨਕਾਣਾ ਸਾਹਿਬ ਸ਼ਹਿਰ ਵਿੱਚ 1800 ਏਕੜ ਤੋਂ ਵੱਧ ਜ਼ਮੀਨ ਬੋਲਦੀ ਹੈ। ਰਾਏ ਭੋਇੰ ਦੀ ਤਲਵੰਡੀ (ਨਨਕਾਣਾ ਸਾਹਿਬ) ਜਿੱਥੇ ਗੁਰੂ ਨਾਨਕ ਦੇਵ ਦਾ ਜਨਮ ਹੋਇਆ ਸੀ, ਦੇ ਮੁਖੀ ਤੇ ਰਾਜਪੂਤ ਮੁਸਲਿਮ ਰਾਏ ਬੁਲਾਰ ਦੀ ਲਗਪਗ 3600 ਏਕੜ ਜ਼ਮੀਨ ਸੀ, ਜਿਸ ਵਿੱਚੋਂ ਅੱਧੀ ਉਨ੍ਹਾਂ 'ਹਜ਼ਰਤ' ਨਾਨਕ ਨੂੰ ਦਾਨ ਕਰ ਦਿੱਤੀ। ਰਾਏ ਬੁਲਾਰ ਦੇ ਉੱਤਰਾਧਿਕਾਰੀਆਂ ਨੇ 80ਵਿਆਂ 'ਚ ਇਸ ਜ਼ਮੀਨ 'ਤੇ ਆਪਣਾ ਕਾਨੂੰਨੀ ਹੱਕ ਜਤਾਇਆ, ਜਿਸ ਨੂੰ ਸੁਪਰੀਮ ਕੋਰਟ ਨੇ ਮਗਰੋਂ ਖਾਰਜ ਕਰ ਦਿੱਤਾ।

## ਔਰਤਾਂ ਦੀ ਅਸੁਰੱਖਿਆ ਬਾਰੇ ਰਿਪੋਰਟ ਨਾਲ ਜੁੜੇ ਸਵਾਲ

ਅਨੁਸਾਰ 2012 ਅਤੇ 2016 ਦਰਮਿਆਨ ਔਰਤਾਂ ਖ਼ਿਲਾਫ਼ ਜੁਰਮ, ਜਿਨ੍ਹਾਂ ਵਿੱਚ ਜਬਰ-ਜਨਾਹ ਤੇ ਜਿਨਸੀ ਹਮਲੇ, ਤੇਜ਼ਾਬ ਸੁੱਟਣਾ ਅਤੇ ਦਾਜ ਕਾਰਨ ਮੌਤਾਂ ਸ਼ਾਮਲ ਹਨ, ਵਿੱਚ 40 ਫੀਸਦੀ ਇਜ਼ਾਫ਼ਾ ਹੋਇਆ। ਇਸੇ ਅਰਸੇ ਦੇ ਅੰਕੜਿਆਂ ਅਨੁਸਾਰ ਜਬਰ-ਜਨਾਹ ਦੇ ਰਿਪੋਰਟ ਕੀਤੇ ਮਾਮਲਿਆਂ ਵਿੱਚੋਂ 40 ਫੀਸਦੀ ਨਾਬਾਲਗ ਬੱਚੀਆਂ ਨਾਲ ਹੋਏ ਅਤੇ 95 ਫੀਸਦੀ ਮਾਮਲਿਆਂ ਵਿੱਚ ਬਲਾਤਕਾਰੀ ਉਨ੍ਹਾਂ ਦੇ ਜਾਣਕਾਰ ਸਨ। 2016 ਵਿੱਚ ਮਨੁੱਖੀ ਤਸਕਰੀ ਦੇ 15000 ਮਾਮਲੇ ਦਰਜ ਕੀਤੇ ਗਏ। ਇਨ੍ਹਾਂ ਵਿੱਚੋਂ ਦੋ-ਤਿਹਾਈ 18 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਸਨ ਜਿਨ੍ਹਾਂ ਨੂੰ ਤਸਕਰਾਂ ਵੱਲੋਂ ਆਪਣੇ ਚੁੰਗਲ ਵਿਚ ਫਸਾ ਕੇ ਦੇਹ ਵਪਾਰ ਜਾਂ ਘਰੇਲੂ ਗ਼ੁਲਾਮੀ ਵਿੱਚ ਧੱਕ ਦਿੱਤਾ ਗਿਆ। 2012 ਵਿੱਚ ਦਿੱਲੀ ਵਿੱਚ ਜਬਰ-ਜਨਾਹ ਦੇ 706 ਮਾਮਲੇ ਦਰਜ ਹੋਏ ਪਰ ਕੇਵਲ ਇੱਕੋਇੱਕ ਨਿਰਭਯਾ ਮਾਮਲੇ ਵਿੱਚ ਹੀ ਮੁਲਜ਼ਮਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਇਹ ਔਰਤਾਂ ਦੀ ਘੋਰ ਅਸੁਰੱਖਿਅਤ ਸਥਿਤੀ ਦੇ ਚੰਦ ਨਮੂਨੇ ਹਨ।

ਜੇ ਸੁਰੱਖਿਆ ਦੀ ਹਾਲਤ ਐਨੀ ਮਾੜੀ ਨਹੀਂ, ਫਿਰ ਹੁਕਮਰਾਨਾਂ ਨੂੰ 'ਬੇਟੀ ਬਚਾਓ, ਬੇਟੀ ਪੜ੍ਹਾਓ' ਦੀਆਂ ਨਸੀਹਤਾਂ ਦੇਣ ਦੀ ਲੋੜ ਕਿਉਂ ਪੈਂਦੀ ਹੈ ? ਕੀ ਇਹ ਹਕੀਕਤ ਨਹੀਂ ਕਿ ਭਰੂਣ-ਹੱਤਿਆ ਕਾਰਨ ਔਰਤ-ਮਰਦ ਦੀ ਜਨਮ ਦਰ ਦਾ ਸਮਾਜੀ ਤਵਾਜ਼ਨ ਬੁਰੀ ਤਰ੍ਹਾਂ ਵਿਗੜ ਚੁੱਕਾ ਹੈ ? ਕੀ ਕੁੜੀਆਂ ਦੇ ਜਬਰੀ ਵਿਆਹ, ਅਣਖ ਖ਼ਾਤਰ ਕਤਲ, ਘਰ ਤੇ ਬਾਹਰ ਤੋਂ ਬਾਹਰ ਜਿਨਸੀ ਹਮਲੇ, ਡੈਣ ਕਰਾਰ ਦੇ ਕੇ ਔਰਤਾਂ ਦੇ ਕਤਲ, ਘਰੇਲੂ ਗ਼ੁਲਾਮੀ ਆਦਿ ਜ਼ੁਲਮ ਅਤੇ ਵਿਤਕਰਾ ਨਹੀਂ ? ਔਰਤ ਦੇ ਆਪਣੀ ਜ਼ਿੰਦਗੀ ਦੇ ਫ਼ੈਸਲੇ ਕਰਨ ਅਤੇ ਮਨਪਸੰਦ ਪਹਿਰਾਵਾ ਪਹਿਨਣ ਉੱਪਰ ਮੱਧਯੁੱਗੀ ਬੰਦਿਸ਼ਾਂ ਹਨ। ਇਨ੍ਹਾਂ ਬੰਦਿਸ਼ਾਂ ਨੂੰ ਬਾਕਾਇਦਾ ਸਮਾਜੀ ਵਾਜਬੀਅਤ ਮੁਹੱਈਆ ਕਰਨ ਵਾਲੀ ਮਨੂਵਾਦੀ ਵਿਚਾਰਧਾਰਾ ਦੇ ਪੈਰੋਕਾਰ ਸੱਤਾਧਾਰੀ ਹੋਣ ਕਾਰਨ ਔਰਤਾਂ ਉੱਪਰ ਅਜਿਹੇ ਜ਼ੁਲਮਾਂ ਵਿੱਚ ਹੋਰ ਇਜ਼ਾਫ਼ਾ ਸਾਫ਼ ਨਜ਼ਰ ਆ ਰਿਹਾ ਹੈ। ਆਪਣੇ ਹੱਕਾਂ ਲਈ ਲੜ ਰਹੇ ਸਮੂਹਾਂ ਨੂੰ ਸਬਕ ਸਿਖਾਉਣ ਅਤੇ ਜ਼ਲੀਲ ਕਰਨ ਲਈ ਉਨ੍ਹਾਂ ਦੀਆਂ ਔਰਤਾਂ ਨਾਲ ਜਬਰ-ਜਨਾਹ ਰਾਜਕੀ ਹਥਿਆਰ ਬਣ ਚੁੱਕਾ ਹੈ। ਕਸ਼ਮੀਰ, ਉੱਤਰ-ਪੂਰਬੀ ਰਾਜਾਂ ਅਤੇ ਮਾਓਵਾਦੀਆਂ ਦੇ ਰਸੂਖ਼ ਵਾਲੇ ਇਲਾਕਿਆਂ ਵਿੱਚੋਂ ਅਜਿਹੀਆਂ ਖ਼ਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ। ਕਠੂਆ ਅਤੇ ਉਨਾਓਂ ਦੇ ਜਬਰ-ਜਨਾਹ ਕਾਂਡ, ਹਾਲ ਹੀ ਵਿੱਚ ਝਾਰਖੰਡ ਦੇ ਖੂੰਟੀ ਜ਼ਿਲ੍ਹੇ ਵਿੱਚ ਪੰਜ ਔਰਤ ਕਲਾਕਾਰਾਂ ਨਾਲ ਸਮੂਹਿਕ ਜਬਰ ਜਨਾਹ (ਇਹ ਔਰਤਾਂ ਮਨੁੱਖੀ ਤਸਕਰੀ ਖ਼ਿਲਾਫ਼ ਜਾਗਰੂਕਤਾ ਮੁਹਿੰਮ ਵਿੱਚ ਸ਼ਾਮਿਲ ਸਨ), ਮੰਦਸੌਰ (ਮੱਧ ਪ੍ਰਦੇਸ) ਵਿੱਚ ਅੱਠ ਸਾਲ ਦੀ ਬੱਚੀ ਨਾਲ ਜਬਰ-ਜਨਾਹ, ਬੁੰਦੇਲਖੰਡ ਵਿੱਚ ਦਲਿਤ ਔਰਤ ਨਾਲ ਜਬਰ-ਜਨਾਹ ਤੋਂ ਬਾਅਦ ਨਿਰਵਸਤਰ ਪੂਰੇ ਪਿੰਡ ਵਿੱਚ ਘੁੰਮਾਉਣਾ ਵਿਆਪਕ ਵਰਤਾਰੇ ਨਾਲ ਜੁੜੀਆਂ ਮਿਸਾਲਾਂ ਹਨ।

ਸਰਵੇਖਣ ਦੇ ਤਰੀਕਾਕਾਰ ਦੀ ਪ੍ਰਮਾਣਿਕਤਾ ਨਾਲੋਂ ਵਧੇਰੇ ਮਹੱਤਵਪੂਰਨ ਸਵਾਲ ਇਹ ਹੈ ਕਿ ਜੋ ਮੁੱਦਾ ਉਠਾਇਆ ਗਿਆ ਹੈ, ਉਹ ਹਕੀਕੀ ਹੈ ਜਾਂ ਨਹੀਂ। ਇਸ ਬਾਰੇ ਸਥਾਪਤੀ ਖ਼ਾਮੋਸ਼ ਹੈ। ਉਹ ਮੁਲਕ ਔਰਤਾਂ ਲਈ ਸਭ ਤੋਂ ਅਸੁਰੱਖਿਅਤ ਕਿਉਂ ਨਹੀਂ ਮੰਨਿਆ ਜਾਣਾ ਚਾਹੀਦਾ ਜਿੱਥੇ ਆਪਣੇ ਹੱਕਾਂ ਲਈ ਲੜ ਰਹੇ ਲੋਕਾਂ ਨੂੰ ਜ਼ਲੀਲ ਕਰਨ ਅਤੇ ਸਟੇਟ ਦੀ ਤਾਕਤ ਅੱਗੇ ਬੇਵਸੀ ਦਾ ਅਹਿਸਾਸ ਕਰਾਉਣ ਲਈ ਔਰਤਾਂ ਦਾ ਸਵੈਮਾਣ ਕੁਚਲਿਆ ਜਾਂਦਾ ਹੈ। ਜਿੱਥੇ ਮੰਤਰੀ ਕੌਮੀ ਝੰਡੇ ਚੁੱਕ ਕੇ ਬਲਾਤਕਾਰੀਆਂ ਨੂੰ ਬਚਾਉਣ ਦੇ ਇਰਾਦੇ ਨਾਲ ਸੜਕਾਂ ਉੱਪਰ ਅੰਦੋਲਨ ਕਰਦੇ ਹਨ, ਜਿੱਥੇ ਔਰਤਾਂ ਖ਼ਿਲਾਫ਼ ਜੁਰਮ ਨਾਲੋਂ ਮੁਲਜ਼ਮਾਂ ਦੇ ਧਰਮ ਨੂੰ ਅਹਿਮੀਅਤ ਦਿੱਤੀ ਜਾਵੇ। ਅਜਿਹਾ ਸ਼ਾਇਦ ਹੀ ਸੰਸਾਰ ਦੇ ਕਿਸੇ ਹੋਰ ਮੁਲਕ ਵਿੱਚ ਹੋਇਆ ਹੋਵੇ ਕਿ ਵਕੀਲਾਂ ਦੀ ਬਾਰ ਐਸੋਸੀਏਸ਼ਨ ਜਾਂਚ ਦੇ ਅਮਲ ਅਤੇ ਅਦਾਲਤੀ ਕਾਰਵਾਈ ਵਿੱਚ ਵਿਘਨ ਪਾਵੇ। ਹੋਰ ਤਾਂ ਹੋਰ, ਅਸਾਮ ਵਿੱਚ ਪੜ੍ਹਾਈ ਦੇ ਬਹਾਨੇ ਤਿੰਨ ਆਦਿਵਾਸੀ ਜ਼ਿਲ੍ਹਿਆਂ ਵਿੱਚੋਂ ਪੰਜ ਸੌ ਬੱਚੀਆਂ ਨੂੰ ਖ਼ਾਸ ਵਿਚਾਰਧਾਰਾ ਦੀਆਂ ਪ੍ਰਚਾਰਕ ਬਣਾਉਣ ਦੀ ਕਥਿਤ ਤਸਕਰੀ ਦਾ ਨਿਆਂ ਪ੍ਰਣਾਲੀ ਅਤੇ ਕਿਸੇ ਹੋਰ ਵੱਲੋਂ ਕੋਈ ਨੋਟਿਸ ਨਹੀਂ ਲਿਆ ਗਿਆ। ਚਲੋ, ਆਲਮੀ ਰਿਪੋਰਟ ਪ੍ਰਮਾਣਿਕ ਨਾ ਸਹੀ, ਇਨ੍ਹਾਂ ਪ੍ਰਤੱਖ ਹਕੀਕਤਾਂ ਤੋਂ ਕੌਣ ਮੁੱਕਰ ਸਕਦਾ ਹੈ ?

# Sir Speedy Tustin

Printers to the Community

## Outdoor 3'x11' Promo Flag
Only $29/-
Pole & Spike $55/-

## Outdoor 3'x6' Durable Banner
All weather, durable to sunlight, rain and wear & tear. Text only.
Only $69/-

## Receipt Books
Customized with your information and design. 2 part carbonless with numbering and perforation.
Call for Price

## Retractable 33"x 80" Banner
Includes stand and carry bag. Hi-res imaging, durable and Brilliant colors!
Only $225/-

## All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4

## 11" Printed Balloons
Printed with your logo and info. One color, one location. Min. qty 1000
19¢ each

## Your Printed T-Shirts
White T-Shirts, 1 color screen printing in 1 position. Min Qty. 100
Only $4.99

## Your Printed Caps
1 color in 1 position. Min Qty. 100
Only $4.99

## Trip Envelopes Qty 1000
Only $199/-

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

## ਸਵਿੱਸ ਬੈਂਕਾਂ ਵਿਚ ਹਨ ਬਹੁਤ ਸਾਰੇ ਲਾਵਾਰਿਸ ਖ਼ਾਤੇ

ਜਾਂਦੀ ਹੈ ਕਿ ਖ਼ਾਤਾਧਾਰਕਾਂ ਦੇ ਕਾਨੂੰਨੀ ਵਾਰਸਾਂ ਨੂੰ ਉਨ੍ਹਾਂ 'ਤੇ ਦਾਅਵਾ ਪੇਸ਼ ਕਰਨ ਦਾ ਮੌਕਾ ਮਿਲ ਸਕੇ। ਸਹੀ ਦਾਅਵੇਦਾਰ ਮਿਲਣ ਤੋਂ ਬਾਅਦ ਸੂਚੀ 'ਚੋਂ ਖਾਤੇ ਦੀਆਂ ਜਾਣਕਾਰੀਆਂ ਹਟਾ ਦਿੱਤੀਆਂ ਜਾਂਦੀਆਂ ਹਨ। ਸਾਲ 2017 ਵਿਚ ਸੂਚੀ 'ਚੋਂ 40 ਖਾਤਿਆਂ ਅਤੇ ਦੋ ਸੁਰੱਖਿਅਤ ਜਮ੍ਹਾਂ ਪੇਟੀਆਂ ਦੀ ਜਾਣਕਾਰੀ ਹਟਾਈ ਜਾ ਚੁੱਕੀ ਹੈ। ਹਾਲਾਂਕਿ ਅਜੇ ਵੀ ਸੂਚੀ 'ਚ 3500 ਤੋਂ ਵੱਧ ਅਜਿਹੇ ਖ਼ਾਤੇ ਹਨ ਜਿਨ੍ਹਾਂ ਵਿਚ ਘੱਟ ਤੋਂ ਘੱਟ ਛੇ ਭਾਰਤੀ ਨਾਗਰਿਕਾਂ ਨਾਲ ਜੁੜੇ ਹੋਏ ਹਨ ਤੇ ਇਨ੍ਹਾਂ ਦੇ ਦਾਅਵੇਦਾਰ ਨਹੀਂ ਮਿਲ ਰਹੇ ਹਨ। ਸਵਿੱਸ ਨੈਸ਼ਨਲ ਬੈਂਕ ਵੱਲੋਂ ਜਾਰੀ ਤਾਜ਼ੇ ਅੰਕੜਿਆਂ ਅਨੁਸਾਰ, ਸਵਿੱਸ ਬੈਂਕਾਂ ਵਿਚ ਭਾਰਤੀ ਲੋਕਾਂ ਦਾ ਜਮ੍ਹਾਂ 2017 ਵਿਚ 50 ਫੀਸਦੀ ਵਧ ਕੇ 1.01 ਅਰਬ ਸੀਐਚਐਫ਼ (ਸਵਿੱਸ ਫਰੈਂਕ) ਯਾਨੀ ਕਰੀਬ 7 ਹਜ਼ਾਰ ਕਰੋੜ ਰੁਪਏ ਤਕ ਪਹੁੰਚ ਗਿਆ।

## ਰਹਿਤ ਮਰਯਾਦਾ ਬਨਾਮ ਹੈਲਮਟ

ਬੀਬੀ ਦੇ ਨਾਮ ਨਾਲ ਕੌਰ ਲੱਗਿਆ ਹੋਇਆ ਹੈ ਉਹ ਸਿੱਖ ਹੈ ਅਤੇ ਹੈਲਮਟ ਨਹੀਂ ਪਾਵੇਗੀ, ਕੀ ਇਹ ਜਾਣਕਾਰੀ ਦੇਣ ਦੀ ਖੇਚਲ ਕਰਨਗੇ ਕਿ ਬੀਬੀ ਗੁਰਲੀਨ ਕੌਰ ਨੂੰ ਸ਼੍ਰੋਮਣੀ ਕਮੇਟੀ ਨੇ ਆਪਣੇ ਵਿਦਿਅਕ ਅਦਾਰੇ ਵਿਚ ਦਾਖ਼ਲਾ ਦੇਣ ਤੋਂ ਇਨਕਾਰ ਕਿਉਂ ਕੀਤਾ ਸੀ ? ਕੀ ਉਨ੍ਹਾਂ ਸਾਰੀਆਂ ਬੀਬੀਆਂ, ਜਿਨ੍ਹਾਂ ਦੇ ਨਾਮ ਨਾਲ ਕੌਰ ਲਗਦਾ ਹੈ, ਸਿੱਖ ਰਹਿਤ ਮਰਯਾਦਾ ਅਨੁਸਾਰ ਸਿੱਖ ਹੋਣ ਦੀ ਸ਼ਰਤ ਪੂਰੀ ਕਰਦੀਆਂ ਹਨ ?ਕੀਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਸਾਰੀਆਂ ਬੀਬੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਹੈ ?ਜੇ ਨਹੀ ਤਾਂ ਕਿਉ ਇਕ ਫ਼ਜ਼ੂਲ ਦੇ ਮੁੱਦੇ ਤੇ ਸਿਆਸਤ ਕੀਤੀ ਜਾ ਰਹੀ ਹੈ ?ਅਖ਼ਬਾਰਾਂ ਵਿੱਚ ਇਕ ਦੂਜੇ ਤੋਂ ਅੱਗੇ ਹੋ ਕੇ ਬਿਆਨ ਲਵਾਉਣ ਵਾਲਿਆਂ ਵਿੱਚੋਂ,(ਹੁਣ ਇਸ ਦੌੜ ਵਿਚ ਦਲਜੀਤ ਸਿੰਘ ਚੀਮਾ ਵੀ ਸ਼ਾਮਿਲ ਹੋ ਗਿਆ ਹੈ) ਕੀ ਸ਼੍ਰੋਮਣੀ ਕਮੇਟੀ ਜਾਂ ਅਕਾਲੀ ਦਲ ਦਾ ਨੁਮਾਇੰਦਾ, ਇਹ ਜਾਣਕਾਰੀ ਸਾਂਝੀ ਕਰਨ ਦੀ ਖੇਚਲ ਕਰੇਗਾ ਕਿ ਸਿੱਖਾਂ ਲਈ, ਸੁਰੱਖਿਆ ਪੱਖੋਂ ਹੈਲਮਟ ਪਾਉਣ ਦੀ ਮਨਾਹੀ ਕਿਸ ਨੇ ਕਦੋਂ ਅਤੇ ਕਿਉਂ ਕੀਤੀ ਸੀ ?ਕੀ ਉਦੋਂ,ਬੀਬੀਆਂ ਸਕੂਟਰ ਚਲਾਉਂਦੀਆਂ ਸਨ ?ਹੁਣ ਜਦੋਂ ਬੀਬੀ ਜਗੀਰ ਕੌਰ ਮੰਨਦੀ ਹੈ ਕਿ ਜਦੋਂ ਮੌਤ ਆਉਣੀ ਹੈ ਤਾਂ ਹੈਲਮਟ ਨੇ ਨਹੀਂ ਰੋਕਣੀ। ਤਾਂ ਕੀ ਸਿਆਸੀ ਅਤੇ ਧਾਰਮਿਕ ਲੀਡਰ ਆਪਣੇ ਸੁਰੱਖਿਆ ਵਿੱਚ ਲੱਗੇ ਹੋਏ ਕਰਮਚਾਰੀ, ਵਾਪਸ ਕਰਨਗੇ ? ਕਿਉਂ ਇਨ੍ਹਾਂ ਨੇ ਆਪਣੀ ਸੁਰੱਖਿਆ ਦੇ ਨਾਮ ਤੇ ਪੰਜਾਬ ਦੇ ਖਜਾਨੇ ਉਪਰ ਕਰੋੜਾਂ ਦਾ ਬੋਝ ਪਾਇਆ ਹੋਇਆ ਹੈ ? ਨਹੀਂ !ਉਹ ਅਜੇਹਾ ਨਹੀਂ ਕਰਨਗੇ। ਇਸੇ ਨੂੰ ਤਾਂ ਸਿਆਸਤ ਕਹਿੰਦੇ ਹਨ। ਇਨ੍ਹਾਂ ਨੇ ਤਾਂ ਆਪਣੇ ਮੁਫ਼ਾਦ ਖਾਤਰ ਲੋਕਾਂ ਨੂੰ ਭੜਕਾਉਣਾ ਹੈ।ਲੀਡਰਾਂ ਦੇ ਇਸ ਵਤੀਰੇ ਨੂੰ ਸਮਝਣ ਦੀ ਲੋੜ ਹੈ।

ਪੁਰਾਣੇ ਸਮਿਆਂ ਵਿੱਚ ਫੌਜੀਆਂ ਵੱਲੋਂ ਆਪਣੀ ਸੁਰੱਖਿਆ ਲਈ ਖਾਸ ਪ੍ਰਬੰਧ ਕੀਤੇ ਜਾਂਦੇ ਸਨ।ਜਿਸ ਨੂੰ ਸੰਜੋਅ, ਬਖਤਰ ਜਾਂ ਕਵਚ ਕਹਿੰਦੇ ਸਨ।ਸਿੱਖ ਸਿਪਾਹੀ ਵੀ ਦਸਤਾਰ ਸਜਾਉਣਵੇਲੇ, ਦਸਤਾਰ ਵਿਚ ਖਾਸ ਤਰ੍ਹਾਂ ਦੇ ਚੱਕਰ ਸਜਾਉਂਦੇ ਸਨ।ਟੋਪੀ ਦੀ ਆੜ ਵਿੱਚ, ਜੋ ਅੱਜ ਫ਼ੈਸ਼ਨ ਲਈ ਵਰਤੀ ਜਾਂਦੀ ਹੈ, ਸਿਰ ਦੀ ਸੁਰੱਖਿਆ ਲਈ ਵਰਤੇ ਜਾਣ ਵਾਲੇ ਹੈਲਮਟ ਦਾ ਵਿਰੋਧ ਕਰਨਾ, ਧਾਰਮਿਕ ਭਾਵਨਾ ਨੂੰ ਹੋਛੀ ਸਿਆਸਤ ਲਈ ਭੜਕਾਉਣਾ ਹੀ ਮੰਨਿਆ ਜਾਵੇਗਾ, ਨਾ ਕਿ ਧਰਮ ਦੀ ਸੇਵਾ।ਲੀਡਰਾਂ ਨੂੰ ਬੇਨਤੀ ਹੈ ਕਿ ਸਿਆਸਤ ਕਰੋ, ਪਰਸਮੇਂ ਦੇ ਹਾਣ ਦੀ,ਜਿਸ ਨਾਲ ਕੌਮ ਦਾ ਕੋਈ ਭਲਾ ਹੋਵੇ। ਅੱਜ ਸੰਤ ਫਤਹਿ ਸਿੰਘ ਦੇ ਵੇਲੇ ਵਾਲੀ ਸਿਆਸਤ ਲਈ ਸਮਾਜ ਵਿਚ ਕੋਈ ਥਾਂ ਨਹੀਂ ਹੈ। ਸ਼ਾਧਸ਼ੰਗਤ ਜੀ, ਪਹਿਲਾ ਤਾਂ ਕਾਂਗਰਸ ਨੇ ਭਾਖੜੇ,ਸੱਤਲੁਜ ਦਰਿਆ ਨੂੰ ਬੰਨ ਮਾਰ ਕੇ, ਪਾਣੀ 'ਚ ਬਿਜਲੀ ਕੱਢ ਲਈ, ਫੇਰ ਨੰਗਲ ਬੰਨ ਮਾਰ ਲਿਆ ਹੁਣ ਉਥੇ ਪਾਣੀ ▾ਚ ਖਾਦ ਕੱਢ ਕੇ ਫੋਕਾ ਪਾਣੀ ਨਹਿਰਾਂ ਵਿਚ ਛੱਡ ਦਿੱਤਾ, ਇਸ ਲਈ ਕਾਂਗਰਸਨੂੰ ਵੋਟ ਨਹੀ ਪਾਉਣੀ। ਸਰੋਤਿਆਂ ਵਿੱਚੋਂ ਇਕ ਸਿੰਘ, ਬੋਲੇ ਸੋ ਨਿਹਾਲ....!

ਰਹਿਤਨਾਮੇ ਜਿਨ੍ਹਾਂ ਦੀ ਆਪਣੀ ਪ੍ਰਮਾਣਿਕਤਾ ਹੀ ਸ਼ੱਕੀ ਹੈ, ਦਾ ਹਵਾਲਾ ਦੇ ਕੇ ਦੋ ਪਹੀਆਂ ਵਾਹਣ ਚਾਲਕ ਬੀਬੀਆਂ ਦੀ ਸੁਰੱਖਿਆ ਨੂੰ ਖਤਰੇ ਵਿਚ ਪਾਉਣਾ, ਕਿਸੇ ਵੀ ਦਲੀਲ ਨਾਲ ਸਹੀ ਨਹੀਂ ਠਹਿਰਾਇਆ ਜਾ ਸਕਦਾ। ਬੀਬੀਆਂ ਨੂੰ ਵੀ ਬੇਨਤੀ ਹੈ ਕਿ ਆਪਣੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਦਸਤਾਰ ਸਜਾਉਣ, ਨਹੀਂ ਤਾਂ ਹੈਲਮਟ ਪਾਉਣ। ਸਿਆਸੀ ਲੀਡਰਾਂ ਦੇ ਮਗਰ ਲੱਗ ਕੇ ਆਪਣੇ ਲਈ ਖ਼ਤਰਾ ਨਾ ਸਹੇੜੋ। ਰੱਬ ਨਾ ਕਰੇ ਕੋਈ ਅਣਹੋਣੀ ਘਟਨਾ ਵਾਪਰ ਜਾਵੇ ਤਾਂ ਫੇਰ ਕਿਸੇ ਨੇ ਤੁਹਾਡੀ ਬਾਂਹ ਨਹੀਂ ਫੜਨੀ।

## ਦੇਸ਼ ਵੰਡ ਦੌਰਾਨ ਜਿਨਾਹ ਅਤੇ ਸਿੱਖ ਲੀਡਰਸ਼ਿਪ ਦੀਆਂ ਮੀਟਿੰਗਾਂ

ਤੋਂ ਮਾੜਾ ਪ੍ਰਭਾਵ ਸਿੱਖਾਂ ਉੱਤੇ ਪਵੇਗਾ। ਇਸ ਨਾਲ ਸਿੱਖ ਇੰਡੀਆ ਅਤੇ ਪਾਕਿਸਤਾਨ ਵਿਚ ਵੰਡੇ ਜਾਣਗੇ ਤਾਂ ਵਾਇਸਰਾਏ ਨੇ ਉਤਰ ਦਿੱਤਾ ਕਿ ਸਿੱਖਾਂ ਨੂੰ ਸਮਝੌਤੇ ਦੁਆਰਾ ਆਪਣੀ ਪੋਜੀਸ਼ਨ ਸੁਧਾਰਨੀ ਚਾਹੀਦੀ ਹੈ। ਇਸੇ ਕਰਮ ਵਿਚ ਜਿਨਾਹ ਅਤੇ ਸਿੱਖਾਂ ਵਿਚ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ। ਇਸ ਮੀਟਿੰਗ ਵਿਚ ਜਿਨਾਹ ਅਤੇ ਲਿਆਕਤ ਅਲੀ ਖਾਨ ਅਤੇ ਪਟਿਆਲਾ ਦਾ ਮਹਾਰਾਜਾ ਯਾਦਵਿੰਦਰ ਸਿੰਘ ਸ਼ਾਮਲ ਹੋਏ।

ਸਿੱਖ ਪਹਿਲੀ ਹੀ ਸਿੱਖ ਸਟੇਟ ਦੀ ਮੰਗ ਰੱਖ ਚੁੱਕੇ ਸਨ ਸੋ ਇਸ ਵਿਸ਼ੇ ਤੇ ਹੀ ਗੱਲਬਾਤ ਹੋਈ। ਜਿਨਾਹ ਅਤੇ ਲਿਆਕਤ ਅਲੀ ਖਾਨ ਨੇ ਸਿੱਖ ਸਟੇਟ ਦੀ ਸਥਾਪਨਾ ਲਈ ਤਿਆਰ ਹੋ ਗਏ। ਇਸ ਸਿੱਖ ਸਟੇਟ ਦਾ ਮੁਖੀ ਬਨਣ ਦੀ ਪੇਸ਼ਕਸ਼ ਮਹਾਰਾਜੇ ਪਟਿਆਲੇ ਨੂੰ ਕੀਤੀ ਗਈ। ਇਸ ਸਿੱਖ ਸਟੇਟ ਵਿਚ ਸਿੱਖ ਆਪਣੀ ਸੈਨਾ ਵੀ ਰੱਖ ਸਕਣਗੇ। ਪਰ ਮਹਾਰਾਜਾ ਪਹਿਲਾਂ ਹੀ ਇਸ ਵਿਸ਼ੇ ਤੇ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨਾਲ ਵਿਸਥਾਰ ਪੂਰਵਕ ਗੱਲਬਾਤ ਕਰ ਚੁੱਕਾ ਸੀ, ਸੋ ਮਹਾਰਾਜੇ ਨੇ ਜਿਨਾਹ ਦੀ ਪੇਸ਼ਕਸ਼ ਠੁਕਰਾ ਦਿੱਤੀ।

ਮੁਸਲਿਮ ਲੀਗ ਨੇਤਾਵਾਂ ਨਾਲ ਗੱਲਬਾਤ ਦੌਰਾਨ ਸਿੱਖ ਨੇਤਾਵਾਂ ਨੇ ਕੁਝ ਸੰਵਿਧਾਨਿਕ ਅਧਿਕਾਰ ਮੰਨਣ ਤੇ ਜ਼ੋਰ ਦਿੱਤਾ, ਪਰ ਜਿਨਾਹ ਮੰਨਣ ਨੂੰ ਤਿਆਰ ਨਹੀਂ ਸੀ। ਮਾਸਟਰ ਤਾਰਾ ਸਿੰਘ ਅਤੇ ਹੋਰ ਅਕਾਲੀ ਨੇਤਾਵਾਂ ਨੇ ਇਹ ਸ਼ਰਤ ਰੱਖੀ ਕਿ ਸਿੱਖ ਜਦੋਂ ਚਾਹੁਣ ਉਦੋਂ ਹੀ ਉਹਨਾਂ ਨੂੰ ਪਾਕਿਸਤਾਨ ਨਾਲੋਂ ਅਲੱਗ ਹੋਣਾ ਦਾ ਅਧਿਕਾਰ ਹੋਣਾ ਚਾਹੀਦਾ ਹੈ, ਪਰ ਜਿਨਾਹ ਨੇ ਇਹ ਸ਼ਰਤ ਮੰਨਣ ਤੋਂ ਇਨਕਾਰ ਕਰ ਦਿੱਤਾ। ਆਖਿਰ ਗੱਲਬਾਤ ਟੁੱਟ ਗਈ।

ਬਲਦੇਵ ਸਿੰਘ ਨੇ ਜਿਨਾਹ ਦੇ ਰਵੱਈਏ ਦੀ ਤੁਲਨਾ ਇਕ ਅਜਿਹੇ ਸੇਲਜ਼ਮੈਨ ਨਾਲ ਕੀਤੀ ਜੋ ਆਪਣਾ ਘੋੜਾ ਵੇਚਣਾ ਚਾਹੁੰਦਾ ਸੀ, ਪਰ ਉਹ ਘੋੜੇ ਦੇ ਗੁਣ ਪਰਖਣ ਦੀ ਇਜਾਜ਼ਤ ਨਹੀਂ ਦੇਂਦਾ ਸੀ, ਪਰ ਉਹ ਦਾਅਵਾ ਕਰਦਾ ਸੀ ਕਿ ਉਸ ਦਾ ਘੋੜਾ ਬਹੁਤ ਵਧੀਆ ਹੈ।

ਆਖਿਰ ਸਿੱਖਾਂ ਨੇ ਭਾਰਤ ਨਾਲ ਰਹਿਣ ਦਾ ਫੈਸਲਾ ਕਰ ਲਿਆ। ਹੁਣ ਕਾਫੀ ਸਮੇਂ ਤੋਂ ਇਸ ਗੱਲ ਦਾ ਪ੍ਰਚਾਰ ਹੋ ਰਿਹਾ ਸੀ ਕਿ ਜਿਨਾਹ ਤਾਂ ਸਿੱਖਾਂ ਨਾਲ ਸਮਝੌਤਾ ਕਰਨਾ ਚਾਹੁੰਦਾ ਸੀ, ਪਰ ਸਿੱਖ ਨੇਤਾ ਖਾਸ ਕਰ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਆਦਿ ਜਵਾਹਰ ਲਾਲ ਨਹਿਰੂ ਅਤੇ ਕਾਂਗਰਸੀਆਂ ਨਾਲ ਮਿਲੇ ਹੋਏ ਸਨ, ਉਨ੍ਹਾਂ ਨੇ ਕੌਮ ਨੂੰ ਵੇਚ ਦਿੱਤਾ। ਉਹਨਾਂ ਨੇ ਆਪਣੇ ਲਾਭ ਲਈ ਸਿੱਖ ਪੰਥ ਨਾਲ ਗੱਦਾਰੀ ਕੀਤੀ ਆਦਿ ਅਜਿਹੇ ਇਲਜ਼ਾਮ ਲਾਏ ਗਏ ਹਨ।

ਪਰ ਹਕੀਕਤ ਇਹ ਹੈ ਕਿ 1947 ਵਿਚ ਮਾਸਟਰ ਤਾਰਾ ਸਿੰਘ ਤਾਂ ਕੀ ਕੋਈ ਸੂਝਵਾਨ ਸਿੱਖ ਵੀ ਪਾਕਿਸਤਾਨ ਦਾ ਸਮਰਥਕ ਨਹੀਂ ਸੀ, ਕਿਉਂਕਿ ਇਕ ਤਾਂ ਸ਼ੁਰੂ ਤੋਂ ਹੀ ਮੁਸਲਮਾਨ ਸ਼ਾਸ਼ਕਾਂ ਨੇ ਸਿੱਖਾਂ ਤੇ ਅੱਤਿਆਚਾਰ ਕੀਤੇ ਸਨ ਤੇ ਉਹਨਾਂ ਦੇ ਇਤਿਹਾਸਕ ਸੰਬੰਧ ਤਣਾਅਪੂਰਨ ਸਨ, ਦੂਜਾ ਸਿੱਖਾਂ ਨੇ ਹੀ ਬਟਵਾਰੇ ਦਾ ਸਭ ਤੋਂ ਜ਼ਿਆਦਾ ਵਿਰੋਧ ਕੀਤਾ ਸੀ। ਸਿੱਖ ਪਾਕਿਸਤਾਨ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਸਨ। ਭਾਵੇਂ ਅਣਵੰਡੇ ਪੰਜਾਬ ਵਿਚ ਸਿੱਖ 11 ਫੀਸਦੀ ਸਨ, ਪਰ ਤਾਂ ਵੀ ਪੰਜਾਬ ਨੂੰ ਆਪਣਾ ਘਰ ਮੰਨਦੇ ਸਨ। ਜਿਨਾਹ ਅਤੇ ਦੂਜੇ ਮੁਸਲਿਮ ਲੀਡਰ ਉਨ੍ਹਾਂ ਨੂੰ ਆਪਣੇ ਕੱਟੜ ਦੁਸ਼ਮਣ ਜਾਪਦੇ ਸਨ। ਇਸੇ ਤਰ੍ਹਾਂ ਸੋਚਦੇ ਸਨ ਕਿ ਸਾਡਾ ਘਰ ਖੋਹਿਆ ਜਾ ਰਿਹਾ ਹੈ। ਅਜਿਹੀ ਹਾਲਤ ਵਿਚ ਸਿੱਖਾਂ ਤੇ ਜਿਨਾਹ ਦਾ ਸਮਝੌਤਾ ਹੋ ਹੀ ਨਹੀਂ ਸਕਦਾ ਸੀ।

ਪਰ ਕਈ ਵਿਦਵਾਨ ਇਸੇ ਤੇ ਜ਼ੋਰ ਦਿੰਦੇ ਹਨ ਕਿ 1947 ਵਿਚ ਸਿੱਖਾਂ ਨੂੰ ਪਾਕਿਸਤਾਨ ਨਾਲ ਮਿਲ ਜਾਣਾ ਚਾਹੀਦਾ ਸੀ, ਪਰ ਜੇ ਅਸੀਂ ਚੰਗੀ ਤਰ੍ਹਾਂ ਦੇਖੀਏ ਤਾਂ ਹਾਲੇ ਤੱਕ ਪਾਕਿਸਤਾਨ ਵਿਚ ਗਏ ਭਾਰਤੀ ਮੁਸਲਮਾਨਾਂ ਨੂੰ ਚੰਗੀ ਤਰ੍ਹਾਂ ਸਵੀਕਾਰ ਨਹੀਂ ਕੀਤਾ ਗਿਆ। ਬੰਗਾਲ ਦੇਸ਼ ਬਨਣ ਸਮੇਂ ਜਿਨ੍ਹਾਂ ਮੁਸਲਮਾਨਾਂ ਨੇ ਪਾਕਿਸਤਾਨ ਦੀ ਹਮਾਇਤ ਕੀਤੀ ਸੀ, ਉਹਨਾਂ ਨੂੰ ਪਾਕਿਸਤਾਨ ਨੇ ਲੈਣ ਤੋਂ ਹੀ ਇਨਕਾਰ ਕਰ ਦਿੱਤਾ। ਸੋ 1947 ਵਿਚ ਸਿੱਖ ਨੇਤਾਵਾਂ ਦਾ ਭਾਰਤ ਨਾਲ ਮਿਲਣ ਦਾ ਫੈਸਲਾ ਬਿਲਕੁਲ ਠੀਕ ਸੀ, ਪਰ ਜੇ ਉਹ ਚਾਹੁੰਦੇ ਤਾਂ ਇਸ ਪਾਕਿਸਤਾਨ ਦੇ ਨਾਲ ਮਿਲਣ ਦੇ ਸੁਝਾਅ ਦਾ ਦਬਾਅ ਪਾ ਕੇ ਕਾਂਗਰਸੀ ਨੇਤਾਵਾਂ ਕੋਲੋਂ ਵਧ ਸਹੂਲਤਾਂ ਹਾਸਲ ਕਰ ਸਕਦੇ ਸਨ, ਪਰ ਅਜਿਹਾ ਨਾ ਕਰਕੇ ਸਿੱਖਾਂ ਨੇ ਇਕ ਵੱਡੀ ਗਲਤੀ ਕੀਤੀ ਉਹਨਾਂ ਨੂੰ ਘੱਟੋ ਘੱਟ ਕਸ਼ਮੀਰ ਦੀ ਤਰ੍ਹਾਂ ਦਾ ਖਾਸ ਦਰਜਾ ਤਾਂ ਮਿਲ ਸਕਦਾ ਸੀ।

ਇਸ ਗਲਤੀ ਦਾ ਅਹਿਸਾਸ ਸਿੱਖਾਂ ਨੂੰ ਜਲਦੀ ਹੀ ਹੋ ਗਿਆ ਜਦੋਂ ਕਾਂਗਰਸ ਸਰਾਰ ਨੇ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬਾ ਬਨਾਉਣ ਤੋਂ ਵੀ ਇਨਕਾਰ ਕਰ ਦਿੱਤਾ ਸੀ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅਜ਼ਾਦੀ ਤੋਂ ਬਾਅਦ ਲਗਾਤਾਰ ਪੰਜਾਬ ਦੇ ਹਿੱਤਾਂ ਦੀ ਪ੍ਰਵਾਹ ਨਹੀਂ ਕੀਤੀ ਗਈ।

## ਸਿੱਖ ਮੋਰਚੇ ਅਤੇ ਬਰਗਾੜੀ ਮੋਰਚਾ

ਸਵੀਕਾਰਿਆ। ਇਨਾਂ ਵਲੋਂ ਹਮੇਸ਼ਾ ਮੰਦ ਭਾਵਨਾ ਨਾਲ ਸਿੱਖਾਂ ਨੂੰ ਦਬਾਉਣ ਜਾ ਖਤਮ ਕਰਨ ਲਈ ਚਾਲਾਂ ਦਾ ਸਹਾਰਾ ਲਿਆ ਜਾਂਦਾ ਰਿਹਾ ਹੈ। ਸਿੱਖਾਂ ਨੇ ਹਮੇਸ਼ਾ ਸ਼ਾਂਤਮਈ ਸੰਘਰਸ਼ ਨੂੰ ਅਪਣਾਇਆ ਪਰ ਸਿੱਖ ਕੌਮ ਦੀਆਂ ਰਵਾਇਤਾਂ ਅਨੁਸਾਰ ਜਦੋਂ ਵੀ ਦੁਸ਼ਮਣ ਨੇ ਪੰਥ ਵੱਲ ਮਾੜੀ ਜਾ ਕੈਰੀ ਨਜ਼ਰ ਕੀਤੀ ਉਦੋਂ ਹੀ ਏਕਤਾ ਕਰਕੇ ਆਈਆਂ ਮੁਸੀਬਤਾਂ ਦਾ ਸਿੱਖਾਂ ਨੇ ਡਟ ਕੇ ਮੁਕਾਬਲਾ ਕੀਤਾ ਅਤੇ ਫਤਹਿ ਹਾਸਲ ਕੀਤੀ।

ਅਗਰ ਜਥੇਬੰਦੀਆਂ, ਪਾਰਟੀਆਂ, ਸੰਪਰਦਾਵਾਂ ਅਤੇ ਸਮੂਹ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਨਿਰੰਤਰ ਏਕੇ ਦਾ ਸਬੂਤ ਦਿੱਤਾ ਤਾਂ ਬਰਗਾੜੀ ਮੋਰਚੇ ਨੂੰ ਸਫਲ ਹੋਣੋਂ ਕੋਈ ਨਹੀਂ ਰੋਕ ਸਕੇਗਾ। ਇਨਸਾਫ ਲਈ ਸਰਕਾਰ ਦੇ ਨੱਕ ਵਿਚ ਦਮ ਕਰਨ ਦੀ ਕਵਾਇਦ ਨੂੰ ਹੋਰ ਪੀਡਾ ਕਰਕੇ ਹੀ ਸਫਲ ਹੋਇਆ ਜਾ ਸਕਦਾ ਹੈਂ। ਅਮਨ ਸ਼ਾਂਤੀ ਹੀ ਇਕ ਮੂਲ ਧੁਰਾ ਹੈ ਇਨਸਾਫ ਲਈ ਮੰਜ਼ਿਲ 'ਤੇ ਲੈ ਜਾਣ ਦਾ। ਜੋ ਲੋਕਤੰਤਰ ਦੀ ਦੁਹਾਈ ਪਾਉਂਦੇ ਹਨ ਉਹਨਾਂ ਵਲੋਂ ਇਨਸਾਫ ਨੂੰ ਵੀ ਲੋਕਤੰਤਰ ਦਾ ਹਿੱਸਾ ਮੰਨਣਾ ਚਾਹੀਦਾ ਹੈ।

## ਭਾਰਤੀ ਸਿਆਸਤਦਾਨ ਵਹਿਮਾਂ ਭਰਮਾਂ 'ਚ ਉਲਝੇ

ਬਾਬੇ ਨੇ ਕਿਹਾ ਕਿ ਉਹ ਵਿਧਾਨ ਸਭਾ ਨੂੰ ਆਪਣੇ ਸੰਕਲਪ ਨਾਲ 'ਬੰਨ੍ਹਣ' ਆਇਆ ਹੈ ਤਾਂ ਕਿ ਸੂਬੇ ਵਿਚ ਚੌਥੀ ਵਾਰ ਵੀ ਭਾਜਪਾ ਦੀ ਹੀ ਸਰਕਾਰ ਬਣੇ ਅਤੇ ਇਹੋ 'ਸੰਕਲਪ' ਲੈ ਕੇ ਉਹ ਤੀਰਥ ਯਾਤਰਾ 'ਤੇ ਜਾ ਰਿਹਾ ਹੈ।

ਬਿਹਾਰ ਵਿਚ ਰਾਜਦ ਮੁਖੀ ਲਾਲੂ ਦੇ ਬੇਟੇ ਤੇਜ ਪ੍ਰਤਾਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਚਾਏ ਪਰ ਚਰਚਾ' ਵਾਲੀ ਸ਼ੈਲੀ 'ਤੇ 'ਸੱਤੂ ਪਾਰਟੀ ਤੇਜ ਪ੍ਰਤਾਪ ਕੇ ਸੰਗ' ਮੁਹਿੰਮ ਸ਼ੁਰੂ ਕੀਤੀ ਹੈ। ਇਸੇ ਸਿਲਸਿਲੇ ਵਿਚ ਉਸ ਨੇ 9 ਜੁਲਾਈ ਨੂੰ ਇਕ ਪਿੰਡ ਵਿਚ ਮਸ਼ੀਨ ਨਾਲ ਪੱਠੇ ਕੁਤਰ ਕੇ ਗਾਂ ਨੂੰ ਖੁਆਏ ਅਤੇ ਉਸ ਨੂੰ ਪੁੱਛਿਆ, "ਕੀ ਤੂੰ ਭਾਜਪਾ ਨੂੰ ਹਰਾਏਂਗੀ ?" ਗਾਂ ਨੇ ਸਿਰ ਹਿਲਾਇਆ ਤਾਂ ਤੇਜ ਪ੍ਰਤਾਪ ਯਾਦਵ ਦੇ ਸਮਰਥਕ ਕਹਿ ਉੱਠੇ, "ਬੋਲ ਰਹੀ ਹੈ ਹਾਂ ਮੈਂ ਹਰਾਵਾਂਗੀ।" ਤੇਜ ਪ੍ਰਤਾਪ ਯਾਦਵ ਖੁਸ਼ ਹੋ ਗਏ।

ਭਾਰਤ ਦੇ ਸਿਆਸਤਦਾਨਾਂ ਦੇ ਅੰਧ-ਵਿਸ਼ਵਾਸ ਦੇ ਇਹ ਤਾਂ ਕੁਝ ਤਾਜ਼ਾ ਨਮੂਨੇ ਮਾਤਰ ਹਨ, ਇਨ੍ਹਾਂ ਤੋਂ ਇਲਾਵਾ ਵੀ ਪਤਾ ਨਹੀਂ ਕਿੰਨੇ ਅਜਿਹੇ ਅੰਧ-ਵਿਸ਼ਵਾਸਾਂ ਵਿਚ ਸਾਡੇ ਨੇਤਾ ਪਏ ਹੋਏ ਹਨ।

## ਨਸ਼ਿਆਂ ਦੀਆਂ ਨਵੀਆਂ ਕਿਸਮਾਂ

ਵਿਚ ਲੱਗੇ ਏਸੀ. ਵੀ ਨਸ਼ਾ ਦੇ ਸਕਦੇ ਹਨ। ਜੌਹਨ ਹੌਪਕਿਨ ਮੈਡੀਕਲ ਸੈਂਟਰ ਨੇ ਮਾਪਿਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਦੁਨੀਆ ਭਰ ਵਿਚ ਸਭ ਤੋਂ ਸੌਖਾ ਮੁਹਈਆ ਹੋ ਰਿਹਾ ਨਸ਼ਾ ਏਸੀ. ਵਿਚ ਭਰੀ ਜਾਂਦੀ ਗੈਸ 'ਫਰੀਓਨ' ਬਣ ਚੁੱਕੀ ਹੈ। ਪੇਚਕਸਾਂ ਨਾਲ ਏਸੀ. ਦੀ ਮਸ਼ੀਨ ਖੋਲ੍ਹ ਕੇ ਉਸ ਵਿਚਲੀ ਭਰੀ ਗੈਸ ਨੂੰ ਸੁੰਘ ਕੇ ਵੀ ਨਸ਼ਾ ਕੀਤਾ ਜਾਂਦਾ ਹੈ। ਇਸ ਨਾਲ ਬੱਚਿਆਂ ਦੀ ਜ਼ਬਾਨ ਥਥਲਾਉਣ ਲੱਗ ਸਕਦੀ ਹੈ ਤੇ ਚਮੜੀ, ਨੱਕ ਤੇ ਮੂੰਹ ਅੰਦਰਲੀ ਪਰਤ ਸੜ ਸਕਦੀ ਹੈ। ਜੇ ਲੋੜੋਂ ਵੱਧ ਹੋ ਜਾਏ ਤਾਂ ਦਿਮਾਗ਼ ਪੂਰੀ ਤਰ੍ਹਾਂ ਨਕਾਰਾ ਕਰ ਸਕਦੀ ਹੈ।

11. ਕੀ-ਬੋਰਡ ਕਲੀਨਰ : ਕੰਪਿਊਟਰ ਦੇ ਕੀ-ਬੋਰਡ ਨੂੰ ਸਾਫ਼ ਕਰਨ ਵਾਲੇ ਕਲੀਨਰ ਨੂੰ 'ਡਸਟ ਔਫ' ਦੇ ਨਾਂ ਨਾਲ ਨਸ਼ੇ ਲਈ ਵਰਤਿਆ ਜਾ ਰਿਹਾ ਹੈ। ਨਸ਼ੇ ਦੀ ਦੁਨੀਆ ਵਿਚ ਇਸ ਨਸ਼ੇ ਨੂੰ ਨੌਜਵਾਨਾਂ ਦੀ ਜ਼ਬਾਨ ਵਿਚ 'ਡਸਟਿੰਗ' ਕਹਿ ਕੇ ਗੱਲ ਕੀਤੀ ਜਾਂਦੀ ਹੈ। ਕੀ-ਬੋਰਡ ਉੱਤੇ ਜ਼ਿਆਦਾ ਮਾਤਰਾ ਵਿਚ ਛਿੜਕ ਕੇ ਉਸ ਨੂੰ ਕਾਫੀ ਦੇਰ ਲਈ ਸੁੰਘਿਆ ਜਾਂਦਾ ਹੈ।

12. ਵਿਪ-ਇਟਸ ਨਸ਼ਾ : ਫੈਂਟੀਆਂ ਕਰੀਮਾਂ ਦੇ ਬਣੇ ਸਪਰੇਅ ਜਿਨ੍ਹਾਂ ਵਿਚ 'ਨਾਈਟਰੱਸ ਓਕਸਾਈਡ' ਗੈਸ ਹੁੰਦੀ ਹੈ ਵੀ ਕਾਫੀ ਵਰਤੋਂ ਵਿਚ ਆ ਰਿਹਾ ਹੈ।

13. ਦੰਦਾਂ ਦੇ ਡਾਕਟਰਾਂ ਵੱਲੋਂ ਦੰਦ ਸੁੰਨ ਕੀਤੇ ਜਾਣ ਵਾਲਾ ਸਪਰੇਅ ਵੀ ਕੁਝ ਸਕਿੰਟਾਂ ਤੋਂ ਲੈ ਕੇ ਅੱਠ ਦਸ ਮਿੰਟਾਂ ਤਕ ਨਸ਼ੇ ਦੀ ਪੀਨਕ ਲਾ ਸਕਦਾ ਹੈ। ਜ਼ਿਆਦਾ ਮਾਤਰਾ ਵਿਚ ਇਹ ਖ਼ਤਰਨਾਕ ਸਾਬਤ ਹੋ ਸਕਦਾ ਹੈ। ਅਦਾਕਾਰਾ ਡੈਮੀ ਮੂਰ ਇਸੇ ਸਪਰੇਅ ਦੇ ਨਾਲ ਵਿਪ-ਇਟਸ ਦੀ ਵਾਧੂ ਵਰਤੋਂ ਸਦਕਾ ਹਸਪਤਾਲ ਦਾਖਲ ਕਰਨੀ ਪਈ ਸੀ।

ਇਨ੍ਹਾਂ ਤੋਂ ਇਲਾਵਾ ਵੀ ਅਨੇਕ ਰੋਜ਼ਮਰਾ ਦੀਆਂ ਘਰ ਅੰਦਰ ਵਰਤੀਆਂ ਜਾ ਰਹੀਆਂ ਚੀਜ਼ਾਂ ਵਿਚੋਂ ਅੱਜਕੱਲ੍ਹ ਨਸ਼ਾ ਤਿਆਰ ਕੀਤਾ ਜਾਂਦਾ ਹੈ ਤੇ ਵੱਡੀ ਗਿਣਤੀ ਬੱਚੇ ਇਸ ਦੀ ਵਰਤੋਂ ਆਮ ਹੀ ਕਰਦੇ ਪਏ ਹਨ। ਇਹ ਜਾਣਕਾਰੀ ਇਸ ਲਈ ਜ਼ਰੂਰੀ ਸੀ ਤਾਂ ਜੋ ਮਾਪੇ, ਸਰਕਾਰਾਂ ਤੇ ਕਾਨੂੰਨੀ ਅਦਾਰੇ ਇਸ ਪੱਖੋਂ ਜਾਗ੍ਰਿਤ ਹੋ ਸਕਣ ਕਿ ਜਿੰਨਾ ਨਸ਼ਾ ਇਸ ਸਮੇਂ ਫੜਿਆ ਜਾ ਰਿਹਾ ਹੈ, ਉਸ ਤੋਂ ਕਈ ਗੁਣਾ ਵੱਧ ਛੋਟੀ ਉਮਰ ਦੇ ਬੱਚੇ ਨਵੇਂ ਕਿਸਮਾਂ ਦੇ ਨਸ਼ੇ ਅਜ਼ਮਾ ਕੇ ਅੱਗੋਂ ਨਸ਼ਿਆਂ ਦੇ ਦਰਿਆ ਵਿਚ ਤਾਰੀਆਂ ਲਾਉਣ ਲਈ ਤਿਆਰ ਹੋ ਚੁੱਕੇ ਹਨ। 'ਟਿੱਪ ਆਫ਼ ਦ ਆਈਸਬਰਗ' ਵਾਂਗ ਨਿੱਕੇ ਮੋਟੇ ਸੌਦਾਗਰ ਫੜ ਲੈਣ ਨਾਲ ਇਹ ਹੜ੍ਹ ਵਾਂਗ ਤਹਿਸ ਨਹਿਸ ਕਰਨ ਨੂੰ ਤਿਆਰ ਹੋਈ ਪਈ ਫੌਜ ਸੰਭਾਲੀ ਨਹੀਂ ਜਾਣੀ।

ਜੇ ਕਿਸੇ ਵੀ ਹਾਲ ਵਿਚ ਪੰਜਾਬੀ ਪੌਦ ਨੂੰ ਬਚਾਉਣਾ ਹੈ ਤਾਂ ਹਰ ਕਿਸੇ ਨੂੰ ਆਪੋ ਆਪਣਾ ਰੋਲ ਅਦਾ ਕਰਨਾ ਪੈਣਾ ਹੈ। ਮਾਪੇ, ਅਧਿਆਪਕ, ਸਾਹਿਤਕਾਰ, ਗੀਤਕਾਰ, ਪੁਲਿਸ, ਪੱਤਰਕਾਰ, ਕਾਨੂੰਨ, ਸਿਆਸਤਦਾਨ, ਗੱਲ ਕੀ, ਹਰ ਜਣੇ ਨੂੰ ਸਾਂਝੇ ਤੌਰ ਉੱਤੇ ਉੱਦਮ ਕਰਨਾ ਪੈਣਾ ਹੈ। ਜੇ ਹਾਲੇ ਵੀ ਨਹੀਂ, ਤਾਂ ਫੇਰ ਨਸ਼ਿਆਂ ਦੀ ਦਲਦਲ ਵਿਚ ਧਸ ਚੁੱਕੇ ਪੈਰਾਂ ਨੇ ਝਟਪਟ ਪੰਜਾਬ ਦੀ ਜਵਾਨੀ ਨੂੰ ਆਪਣੇ ਅੰਦਰ ਘੜੀਸ ਕੇ ਪੰਜਾਬੀ ਪੌਦ ਨੂੰ ਨੇਸਤਾ-ਨਾਬੂਤ ਕਰ ਦੇਣਾ ਹੈ। ਫੇਰ ਕਿਸੇ ਤਰ੍ਹਾਂ ਦੇ ਉੱਦਮ ਦੀ ਲੋੜ ਹੀ ਨਹੀਂ ਰਹਿਣੀ। ਜਿਸ ਨੂੰ ਹਾਲੇ ਵੀ ਕੋਈ ਰਤਾ ਮਾਸਾ ਸ਼ੱਕ ਰਹਿ ਗਿਆ ਹੋਵੇ ਤਾਂ ਉਹ ਨਿਊਜ਼ੀਲੈਂਡ ਦੇ ਮਾਓਰੀ, ਅਮਰੀਕਾ ਦੇ ਮੂਲ ਨਿਵਾਸੀ ਤੇ ਕਨੇਡਾ ਦੇ ਇਨੂਇਟਸ ਨੂੰ ਵੇਖ ਕੇ ਅੰਦਾਜ਼ਾ ਲਾ ਸਕਦਾ ਹੈ ਕਿ ਉੱਥੋਂ ਦੇ ਅਸਲ ਵਸਨੀਕਾਂ ਨੂੰ ਨਸ਼ੇ ਦੀ ਲਤ ਲਾ ਕੇ ਕਿਵੇਂ ਉਨ੍ਹਾਂ ਦੀ ਹੋਂਦ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਅਗਲੇ 50 ਸਾਲਾਂ ਬਾਅਦ ਇਹੋ ਹਾਲ ਪੰਜਾਬੀਆਂ ਦਾ ਹੋਣ ਵਾਲਾ ਹੈ। ਹਾਲੇ ਵੀ ਜਾਗ ਜਾਈਏ ਨਹੀਂ ਤਾਂ ਪੰਜਾਬ ਮੋਹਿੰਜੋਦੜੋ ਵਿਚ ਤਬਦੀਲ ਹੋ ਜਾਣ ਵਿਚ ਕੋਈ ਕਸਰ ਬਾਕੀ ਨਹੀਂ ਰਹਿਣੀ।

## ਸੱਭਿਅਤਾ ਦਾ ਮਹਾਂ-ਸੰਕਟ

ਮੰਡੀ ਦੇ ਫਾਰਮੂਲੇ ਮੁਤਾਬਿਕ ਜੇਕਰ ਲੱਚਰਤਾ ਵਿੱਚੋਂ ਪੈਸਾ ਬਣਦਾ ਹੈ ਤਾਂ ਵੀ ਜਾਇਜ਼ ਹੈ। ਇਸ ਸੱਭਿਆਚਾਰਕ ਹਕੀਕਤ ਨੂੰ ਪੰਜਾਬ ਭੁਗਤ ਰਿਹਾ ਹੈ। ਪੰਜਾਬ ਵਿੱਚ ਹਿੰਸਾ ਦਾ ਆਲਮ ਹੈ, ਕਿਸਾਨ-ਮਜ਼ਦੂਰ ਦੀ ਖ਼ੁਦਕੁਸ਼ੀ, ਨਸ਼ੇ ਕਾਰਨ ਮਰਨ ਵਾਲਿਆਂ ਦੀ ਵਧ ਰਹੀ ਗਿਣਤੀ, ਨਾਮੁਰਾਦ ਬਿਮਾਰੀਆਂ ਕਰਕੇ ਬੇਇਲਾਜ ਲੋਕਾਂ ਦੀਆਂ ਹੋ ਰਹੀਆਂ ਮੌਤਾਂ ਅਸਲ ਵਿੱਚ ਕੁਦਰਤੀ ਨਹੀਂ ਬਲਕਿ ਸਿਸਟਮ ਦੀ ਖ਼ਰਾਬੀ ਕਾਰਨ ਹੋ ਰਹੀਆਂ ਹੱਤਿਆਵਾਂ ਹਨ। ਬੰਦਾ ਭੀੜ ਵਿੱਚ ਵੀ ਇਕੱਲਾ ਹੈ। ਦੂਸਰੇ ਲੋਕਾਂ ਨਾਲੋਂ ਹੀ ਨਹੀਂ ਆਪਣੇ ਆਪ ਨਾਲੋਂ ਵੀ ਟੁੱਟ ਚੁੱਕੇ ਵਿਅਕਤੀ ਨੂੰ ਜਿੱਥੇ ਫੌਰੀ ਰਾਹਤ ਦੀ ਲੋੜ ਹੈ, ਉੱਥੇ ਵੱਡੇ ਪੈਮਾਨੇ ਉੱਤੇ ਇੱਕ ਜਾਗਰੂਕਤਾ ਆਧਾਰਿਤ ਸਮੂਹਿਕ ਵਿਕਲਪ ਦੀ ਵੀ ਲੋੜ ਹੈ।

ਬੇਸ਼ੱਕ ਹਰ ਹੀਲੇ ਮੁਨਾਫ਼ਾ ਕਮਾਉਣ ਦੇ ਕੁਦਰਤ ਅਤੇ ਮਨੁੱਖ ਵਿਰੋਧੀ ਕਾਰਪੋਰਟ ਵਿਕਾਸ ਮਾਡਲ ਕਾਰਨ ਦੁਨੀਆਂ ਪੱਧਰ ਉੱਤੇ ਮਨੁੱਖ ਵਿੱਚੋਂ ਮਨੁੱਖ ਹੋਣ ਦੇ ਅਹਿਸਾਸ ਕਮਜ਼ੋਰ ਹੋ ਰਹੇ ਹਨ, ਪਰ ਕੁਦਰਤ ਦੀ ਵੰਨ ਸੁਵੰਨਤਾ ਮੁਤਾਬਿਕ ਆਪੋ ਆਪਣੇ ਖਿੱਤੇ ਅਤੇ ਵਿਰਸੇ ਨੂੰ ਨਾਲ ਲੈ ਕੇ ਚੱਲਣ ਵਾਲੇ ਵੱਡੀਆਂ ਹਨੇਰੀਆਂ ਦਾ ਸਾਹਮਣਾ ਕਰਨ ਦੇ ਸਮਰੱਥ ਹੋ ਸਕਦੇ ਹਨ। ਅਜਿਹੀ ਸਮਰੱਥਾ ਲਈ ਕਿਸੇ ਖਿੱਤੇ ਦੇ ਲੋਕਾਂ ਨੂੰ ਬੌਧਿਕ ਅਗਵਾਈ ਅਤੇ ਸਮੂਹਿਕਤਾ ਦੀ ਸਖ਼ਤ ਲੋੜ ਰਹਿੰਦੀ ਹੈ। ਪੰਜਾਬ ਦੀ ਇਹ ਤਲਾਸ਼ ਕਦੋਂ ਪੂਰੀ ਹੋਵੇਗੀ ?

## ਕੇਂਦਰ ਸਰਕਾਰ ਸ਼ੋਸ਼ਲ ਮੀਡੀਏ ਰਾਹੀਂ ਲੋਕਾਂ ਦੀਆਂ ਸੂਹਾਂ ਲੈਣ ਲੱਗੀ !

ਉਨ੍ਹਾਂ ਦੀ ਇਹ ਗੱਲ ਠੀਕ ਸਾਬਤ ਹੋਈ ਹੈ। ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸੋਸ਼ਲ ਮੀਡੀਆ ਭਾਵਨਾਵਾਂ ਭੜਕਾਉਂਦਾ ਹੈ ਅਤੇ ਗ਼ਲਤ ਜਾਣਕਾਰੀ ਦੇ ਵਿਸਤਾਰ-ਪਾਸਾਰ ਦਾ ਮੁੱਖ ਸਾਧਨ ਹੈ। ਪਰ ਅਜਿਹੀ ਵਬਾਅ ਨੂੰ ਵਿਆਪਕ ਸਰਕਾਰੀ ਨਿਗਰਾਨੀ ਰਾਹੀਂ ਨਹੀਂ ਕੰਟਰੋਲ ਕੀਤਾ ਜਾਣਾ ਚਾਹੀਦਾ। ਇਹ ਬਿਲਕੁੱਲ ਮੰਨਣਯੋਗ ਹੈ ਕਿ ਸੋਸ਼ਲ ਮੀਡੀਆ ਰਾਹੀਂ ਫੈਲਾਏ ਜਾਂਦੇ ਸੁਨੇਹੇ ਜਨਤਕ ਸੋਚ 'ਤੇ ਅਸਰ ਪਾਉਂਦੇ ਹਨ ਤੇ ਜਿਸ ਕਾਰਨ ਹਿੰਸਕ ਘਟਨਾਵਾਂ ਵਾਪਰ ਜਾਂਦੀਆਂ ਹਨ। ਇਸ ਤੋਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਤੇ ਸਰਕਾਰਾਂ ਲਈ ਚੁਣੌਤੀਆਂ ਖੜ੍ਹੀਆਂ ਹੋਣੀਆਂ ਸੁਭਾਵਿਕ ਹਨ। ਅਜਿਹੇ ਹਾਲਾਤ ਨਾਲ ਨਜਿੱਠਣ ਲਈ ਢੰਗ ਤਰੀਕੇ ਜ਼ਰੂਰ ਖੋਜੇ ਜਾਣੇ ਚਾਹੀਦੇ ਹਨ; ਪਰ ਕਾਨੂੰਨਾਂ ਤੇ ਸਵੈ-ਪ੍ਰਗਟਾਵੇ ਦੇ ਬੁਨਿਆਦੀ ਅਧਿਕਾਰ ਦੀਆਂ ਹੱਦਾਂ ਉਲੰਘ ਕੇ ਨਹੀਂ। ਦੂਜੇ ਪਾਸੇ, ਫੇਸਬੁੱਕ ਤੇ ਵੱਟਸਐਪ ਵਰਗੀਆਂ ਸੋਸ਼ਲ ਮੀਡੀਆ ਕੰਪਨੀਆਂ ਨੂੰ ਭੜਕਾਊ ਸੁਨੇਹਿਆਂ ਦੇ ਸੰਚਾਰ ਨੂੰ ਰੋਕਣ ਲਈ ਕੋਈ ਨੇਮ ਈਜ਼ਾਦ ਕਰਨ ਦੀ ਲੋੜ ਹੈ। ਪਰ ਉਹ ਜ਼ਿੰਮੇਵਾਰੀ ਨਹੀਂ ਨਿਭਾ ਰਹੇ।

ਕੈਪਟਨ ਸ਼ੋਸ਼ਲ ਮੀਡੀਏ 'ਤੇ ਵਰ੍ਹੇ : ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਝੂਠੀਆਂ ਖਬਰਾਂ ਫੈਲਾਉਣ ਲਈ ਸੋਸ਼ਲ ਮੀਡੀਆ ਦੀ ਕੀਤੀ ਜਾ ਰਹੀ ਦੁਰਵਰਤੋਂ ਨੂੰ ਰੋਕਣ ਲਈ ਮੁੱਖ ਧਾਰਾ ਵਾਲੇ ਮੀਡੀਆ ਨੂੰ ਸਰਗਰਮ ਰੋਲ ਅਦਾ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਝੂਠੀਆਂ ਖਬਰਾਂ ਦਾ ਮਕਸਦ ਸਮਾਜ ਵਿਚ ਫੁੱਟ ਪਾਉਣਾ ਅਤੇ ਨਫ਼ਰਤ ਫੈਲਾਉਣਾ ਹੁੰਦਾ ਹੈ।

ਮੁੱਖ ਮੰਤਰੀ ਨੇ ਹਾਲ ਹੀ ਵਿਚ ਹਜੂਮੀ ਗੁੰਡਾਗਰਦੀ ਸਮੇਤ ਵਾਪਰੀਆਂ ਹਿੰਸਕ ਘਟਨਾਵਾਂ 'ਤੇ ਚਿੰਤਾ ਜ਼ਾਹਿਰ ਕਰਦਿਆਂ ਆਖਿਆ ਕਿ ਇਨ੍ਹਾਂ ਘਟਨਾਵਾਂ ਦੀ ਪੈਦਾਇਸ਼ ਹੀ ਸੋਸ਼ਲ ਮੀਡੀਆ 'ਤੇ ਅਫਵਾਹਾਂ ਫੈਲਾਉਣ ਨਾਲ ਹੋਈ ਹੈ । ਅਜਿਹੇ ਹਾਲਾਤ ਵਿਚ ਮੁੱਖ ਧਾਰਾ ਵਾਲੇ ਮੀਡੀਆ ਦੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ। ਕੈਪਟਨ ਨੇ ਕਿਹਾ ਕਿ ਮੁੱਖ ਧਾਰਾ ਵਾਲੇ ਮੀਡੀਆ ਦੀ ਦੁਰਵਰਤੋਂ ਰੋਕਣ ਲਈ ਉਸ ਦਾ ਅੰਦਰੂਨੀ ਕੰਟਰੋਲ ਹੁੰਦਾ ਹੈ ਪਰ ਸੋਸ਼ਲ ਮੀਡੀਆ ਇਕ ਬੇਲਗਾਮ ਘੋੜੇ ਵਾਂਗ ਉਭਰਿਆ ਹੈ, ਜਿਸ ਦੀ ਲਗਾਮ ਕਿਸੇ ਦੇ ਹੱਥ ਵਿਚ ਨਹੀਂ। ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰ, ਨਿਆਂ ਪ੍ਰਣਾਲੀ ਅਤੇ ਹੋਰ ਏਜੰਸੀਆਂ ਸੋਸ਼ਲ ਮੀਡੀਆ ਦੀ ਦੁਰਵਰਤੋਂ ਰੋਕਣ ਲਈ ਆਪਣੇ ਪੱਧਰ 'ਤੇ ਯਤਨ ਕਰ ਰਹੀਆਂ ਹਨ ਪਰ ਇਸ ਖਤਰਨਾਕ ਰੁਝਾਨ ਨੂੰ ਠੱਲ੍ਹ ਪਾਉਣ ਲਈ ਮੁੱਖ ਧਾਰਾ ਵਾਲੇ ਪੱਤਰਕਾਰ ਹੀ ਸਹੀ ਮਾਅਨਿਆਂ ਵਿਚ ਕਾਰਗਰ ਰੋਲ ਅਦਾ ਕਰ ਸਕਦੇ ਹਨ।


jus punjabi HD
IS CELEBRATING IT'S
11th
ANNIVERSARY
Subscribe to the JUS Pack Today!
subscribe now
JUS Pack
has it all!
jus punjabi
JUS one
JUS 24X7
9X TASHAN
4 channels for only $14.99 on dish | sling
Call 1-888-246-6242 to Subscribe
For advertisement & more information call: +1-718-752-9290
www.jusbroadcasting.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ
ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@singhsolar.com

SUNPREME®
Premium Bifacial Thin Film Solar






Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


APNA DESH, APNI SABHYATA, APNA PARIVAAR
24 HOURS
Kitchen & Grocery
SYMBOL OF PURITY
APNA BAZAR
FARMERS MARKET
BEST PRICE GUARANTEE
APNA BAZAR
APNA BAZAR
FARMER'S MARKET
FREE
TICKET FOR
Vishal & Shekhar Show
buy any Grocery
Grand Opening Sale
July 19th 'til August 18th, 2018
OPM METALS
1 TROY OUNCE
.9999
FINE GOLD
D15202347T
U.S.A.
Raffle Drawing!*
Chance to Win 24 Karat (31 Gram) Gold Bar Each Evening!*
*One lucky winner will be announced every evening during the Grand Opening event (July 19th 'til August 18th, 2018).
Apna Bazar Farmers Market
1111 W El Camino Real • Sunnyvale, CA 94087 • For info, call: (408) 746-5966 • Call/ Text: (408) 513-4300 • www.ApnaBazar.com